ਅੰਗ ੧੦੩੦ = ਮਾਰੂ ਮਹਲਾ ੧ ॥ ਘਰਿ ਰਹੁ ਰੇ ਮਨ ਮੁਗਧ ਇਆਨੇ ॥ ਰਾਮੁ ਜਪਹੁ ਅੰਤਰਗਤਿ ਧਿਆਨੇ ॥ ਲਾਲਚ ਛੋਡਿ ਰਚਹੁ ਅਪਰੰਪਰਿ, ਇਉ ਪਾਵਹੁ ਮੁਕਤਿ ਦੁਆਰਾ ਹੇ ॥੧॥ ਜਿਸੁ ਬਿਸਰਿਐ ਜਮੁ ਜੋਹਣਿ ਲਾਗੈ ॥ ਸਭਿ ਸੁਖ ਜਾਹਿ ਦੁਖਾ ਫੁਨਿ ਆਗੈ ॥ ਰਾਮ ਨਾਮੁ ਜਪਿ ਗੁਰਮੁਖਿ ਜੀਅੜੇ, ਏਹੁ ਪਰਮ ਤਤੁ ਵੀਚਾਰਾ ਹੇ ॥੨॥ ਹਰਿ ਹਰਿ ਨਾਮੁ ਜਪਹੁ ਰਸੁ ਮੀਠਾ ॥ ਗੁਰਮੁਖਿ ਹਰਿ ਰਸੁ ਅੰਤਰਿ ਡੀਠਾ ॥ ਅਹਿਨਿਸਿ ਰਾਮ ਰਹਹੁ ਰੰਗਿ ਰਾਤੇ, ਏਹੁ ਜਪੁ ਤਪੁ ਸੰਜਮੁ ਸਾਰਾ ਹੇ ॥੩॥ ਰਾਮ ਨਾਮੁ ਗੁਰ ਬਚਨੀ ਬੋਲਹੁ ॥ ਸੰਤ ਸਭਾ ਮਹਿ ਇਹੁ ਰਸੁ ਟੋਲਹੁ ॥ ਗੁਰਮਤਿ ਖੋਜਿ ਲਹਹੁ ਘਰੁ ਅਪਨਾ, ਬਹੁੜਿ ਨ ਗਰਭ ਮਝਾਰਾ ਹੇ ॥੪॥ ਸਚੁ ਤੀਰਥਿ ਨਾਵਹੁ ਹਰਿ ਗੁਣ ਗਾਵਹੁ ॥ ਤਤੁ ਵੀਚਾਰਹੁ ਹਰਿ ਲਿਵ ਲਾਵਹੁ ॥ ਅੰਤ ਕਾਲਿ ਜਮੁ ਜੋਹਿ ਨ ਸਾਕੈ, ਹਰਿ ਬੋਲਹੁ ਰਾਮੁ ਪਿਆਰਾ ਹੇ ॥੫॥ ਸਤਿਗੁਰੁ ਪੁਰਖੁ ਦਾਤਾ ਵਡ ਦਾਣਾ ॥ ਜਿਸੁ ਅੰਤਰਿ ਸਾਚੁ ਸੁ ਸਬਦਿ ਸਮਾਣਾ ॥ ਜਿਸੁ ਕਉ ਸਤਿਗੁਰੁ ਮੇਲਿ ਮਿਲਾਏ, ਤਿਸੁ ਚੂਕਾ ਜਮ ਭੈ ਭਾਰਾ ਹੇ ॥੬॥ ਹੇ ਮੂਰਖ ਤੇ ਅਣਜਾਣ ਮਨ! ਤੂੰ ਹਿਰਦੇ ਘਰ ਵਿਚ ਟਿਕਿਆ ਰਹੁ। (ਹੇ ਭਾਈ! ਤੁਸੀਂ) ਅੰਤਰ ਮੁਖੀ ਧਿਆਨ ਲਾ ਕੇ ਵਾਹਿਗੁਰੂ ਨੂੰ ਜਪੋ। (ਧਨ ਤੇ ਪਦਾਰਥਾਂ ਦਾ) ਲਾਲਚ ਛਡ ਕੇ ਬੇਅੰਤ ਪ੍ਰਭੂ ਵਿਚ ਲੀਨ ਹੋ ਜਾਓ, ਇਉਂ ਤੁਸੀਂ ਮੁਕਤੀ ਦਾ ਦੁਆਰ (ਰੱਬੀ ਗਿਆਨ) ਪਾ ਲਵੋਗੇ।੧। (ਹੇ ਭਾਈ!) ਜਿਸ ਪ੍ਰਭੂ ਨੂੰ ਭੁੱਲ ਜਾਣ ਨਾਲ, ਜਮ ਤਾੜਨ ਲਗ ਜਾਂਦਾ ਹੈ। ਸਾਰੇ ਸੁਖ ਦੂਰ ਹੋ ਜਾਂਦੇ ਹਨ, ਫਿਰ ਅੱਗੇ ਪ੍ਰਲੋਕ ਵਿਚ ਵੀ ਦੁਖ ਹੀ ਭੋਗਣੇ ਪੈਂਦੇ ਹਨ। ਹੇ ਜੀਵ! ਗੁਰੂ ਦੁਆਰਾ ਰਾਮ ਦੇ ਨਾਮ ਨੂੰ ਜਪਿਆ ਕਰ, ਇਹੋ ਹੀ ਸਭ ਤੋਂ ਵੱਡਾ ਮੂਲ ਤੱਤ ਹੈ, (ਇਸ ਤੱਤ ਦੀ) ਵਿਚਾਰ ਕਰੋ।੨। (ਹੇ ਭਾਈ!) ਹਰੀ ਦਾ ਨਾਮ ਜਪੋ, (ਇਸ ਦਾ) ਸੁਆਦ ਮਿੱਠਾ ਹੈ। ਗੁਰਮੁਖਾਂ ਨੇ ਹਰੀ ਦਾ ਨਾਮ ਰਸ ਹਿਰਦੇ ਅੰਦਰ ਚੱਖ ਕੇ ਦੇਖਿਆ ਹੈ। (ਤੁਸੀਂ ਵੀ) ਦਿਨ ਰਾਤ ਪ੍ਰਭੂ ਦੇ ਨਾਮ ਰੰਗ ਵਿਚ ਰੰਗੇ ਰਹੋ, ਇਹੋ ਹੀ ਸ੍ਰੇਸਟ ਜਪ ਤਪ ਤੇ ਸੰਜਮ ਹੈ।੩। (ਹੇ ਭਾਈ!) ਗੁਰੂ ਦੇ ਬਚਨਾਂ ਦੁਆਰਾ ਪ੍ਰਭੂ ਦਾ ਨਾਮ ਉਚਾਰਨ ਕਰੋ। ਸੰਤਾਂ ਦੀ ਸਭਾ ਵਿਚ ਇਹ ਨਾਮ ਰਸ ਲੱਭੋ। ਗੁਰੂ ਦੀ ਸਿਖਿਆ ਦੁਆਰਾ ਅਪਣਾ ਅਸਲੀ ਘਰ ਖੋਜ ਕੇ ਲੱਭ ਲਵੋ, (ਤੁਸੀਂ) ਮੁੜ ਕੇ ਮਾਂ ਦੇ ਗਰਭ (ਜਨਮ ਮਰਨ) ਵਿਚ ਨਹੀਂ ਪਵੋਗੇ।੪। (ਹੇ ਭਾਈ!) ਸੱਚੇ ਨਾਮ ਰੂਪ ਤੀਰਥ ਉਤੇ ਇਸ਼ਨਾਨ ਕਰੋ ਅਤੇ ਹਰੀ ਦੇ ਗੁਣ ਗਾਓ। ਜਗਤ ਦੇ ਮੂਲ ਤੱਤ ਪ੍ਰਭੂ ਨੂੰ ਵਿਚਾਰੋ ਅਤੇ ਹਰੀ ਵਿਚ ਲਿਵ ਲਾਓ। (ਸਾਰੇ ਜੀਵਾਂ ਦਾ) ਪਿਆਰਾ ਜੋ ਹਰੀ ਹੈ, (ਉਸ) ਹਰੀ ਪ੍ਰਭੂ ਦਾ ਨਾਮ ਉਚਾਰੋ, (ਤੁਹਾਨੂੰ) ਅੰਤ ਸਮੇਂ ਜਮ ਤਾੜ ਨਹੀਂ ਸਕੇਗਾ।੫। (ਹੇ ਭਾਈ!) ਸਤਿਗੁਰੂ ਅਕਾਲ ਪੁਰਖ ਦਾ ਰੂਪ ਹੈ, ਉਹ ਵੱਡਾ ਦਾਤਾ ਹੈ ਅਤੇ ਸਿਆਣਾ ਹੈ। ਜਿਸ (ਗੁਰੂ ਦੇ) ਦੇ ਅੰਦਰ ਸੱਚਾ ਪ੍ਰਭੂ ਵਸਦਾ ਹੈ, ਉਹ ਪ੍ਰਭੂ ਦੇ ਨਾਮ ਵਿਚ ਲੀਨ ਰਹਿੰਦਾ ਹੈ। ਜਿਸ ਮਨੁੱਖ ਨੂੰ ਸਤਿਗੁਰੂ ਅਪਣੇ ਨਾਲ ਮਿਲਾ ਕੇ ਪ੍ਰਭੂ ਨਾਲ ਮਿਲਾਉਂਦਾ ਹੈ, ਉਸ ਦੇ ਸਿਰ ਤੋਂ ਜਮਾਂ ਦੇ ਭੈ ਦਾ ਬੋਝ ਦੂਰ ਹੋ ਜਾਂਦਾ ਹੈ।੬।

ਪਦਾਰਥ = ਘਰਿ–ਹਿਰਦੇ ਘਰ ਵਿਚ। ਰੇ ਮਨ–ਹੇ ਮਨ!। ਮੁਗਧ–ਮੂਰਖ। ਇਆਨੇ–ਹੇ ਅਣਜਾਣ!। ਰਾਮੁ–ਵਾਹਿਗੁਰੂ। ਅੰਤਰਗਤਿ –ਅੰਤਰਮੁਖੀ। ਧਿਆਨੇ–ਧਿਆਨ ਲਾ ਕੇ। ਰਚਹੁ–ਲੀਨ ਹੋ ਜਾ। ਅਪਰੰਪਰਿ–ਉਸ ਪ੍ਰਭੂ ਵਿਚ, ਜੋ ਪਰੇ ਤੋਂ ਪਰੇ ਹੈ। ਮੁਕਤਿ ਦੁਆਰਾ –ਮੁਕਤੀ ਦਾ ਦੁਆਰ ਗਿਆਨ।੧। ਬਿਸਰਿਐ–ਭੁੱਲ ਜਾਣ ਨਾਲ। ਜੋਹਣਿ ਲਾਗੈ–ਤਾੜਨ ਲਗਦਾ ਹੈ। ਜਾਹਿ–ਦੂਰ ਹੋ ਜਾਂਦੇ ਹਨ। ਫੁਨਿ–ਫਿਰ। ਆਗੈ–ਅੱਗੇ ਪ੍ਰਲੋਕ ਵਿਚ। ਗੁਰਮੁਖਿ–ਗੁਰੂ ਰਾਹੀਂ। ਜੀਅੜੇ–ਹੇ ਜੀਵ!। ਪਰਮ ਤਤੁ–ਸਭ ਤੋਂ ਵੱਡਾ ਮੂਲ ਤੱਤ।੨। ਰਸੁ –ਸੁਆਦ। ਅੰਤਰਿ–ਹਿਰਦੇ ਅੰਦਰ। ਡੀਠਾ–ਦੇਖਿਆ ਹੈ। ਅਹਿ–ਦਿਨ। ਨਿਸਿ–ਰਾਤ। ਰਹਹੁ ਰੰਗਿ ਰਾਤੇ–ਰੰਗ ਵਿਚ ਰੰਗੇ ਰਹੋ। ਸੰਜਮੁ–ਮਨ ਇੰਦ੍ਰੀਆਂ ਨੂੰ ਰੋਕਣ ਦਾ ਸਾਧਨ। ਸਾਰਾ–ਸ੍ਰੇਸਟ।੩। ਗੁਰ ਬਚਨੀ–ਗੁਰੂ ਦੇ ਬਚਨਾਂ ਦੁਆਰਾ। ਸੰਤ ਸਭਾ–ਸੰਤਾਂ ਦੀ ਸੰਗਤ। ਮਹਿ–ਵਿਚ। ਟੋਲਹੁ–ਲੱਭੋ। ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ। ਲਹਹੁ–ਲੱਭੋ। ਘਰੁ–ਆਤਮ ਟਿਕਣਾ (ਅਸਲੀ ਘਰ)। ਬਹੁੜਿ–ਮੁੜ ਦੁਬਾਰਾ। ਗਰਭ ਮਝਾਰਾ–ਗਰਭ (ਜਨਮ ਮਰਨ ਦੇ ਗੇੜ) ਵਿਚ।੪। ਸਚੁ ਤੀਰਥਿ–ਸੱਚੇ ਨਾਮ ਰੂਪ ਤੀਰਥ ਉਤੇ। ਤਤੁ–ਮੂਲ ਤੱਤ ਪ੍ਰਭੂ ਨੂੰ। ਅੰਤ ਕਾਲਿ–ਅੰਤ ਸਮੇਂ। ਜੋਹਿ ਨ ਸਾਕੈ–ਤਾੜ ਨਹੀਂ ਸਕੇਗਾ।੫। ਪੁਰਖੁ–ਅਕਾਲ ਪੁਰਖ। ਵਡ–ਵੱਡਾ। ਦਾਣਾ–ਸਿਆਣਾ। ਸਾਚੁ–ਸੱਚਾ ਪ੍ਰਭੂ। ਸੁ–ਉਹ। ਸਬਦਿ ਸਮਾਣਾ–ਨਾਮ ਵਿਚ ਲੀਨ ਰਹਿੰਦਾ ਹੈ। ਕਉ–ਨੂੰ। ਮੇਲਿ ਮਿਲਾਏ–ਅਪਣੇ ਨਾਲ ਮਿਲਾ ਕੇ ਪ੍ਰਭੂ ਨਾਲ ਮਿਲਾਉਂਦਾ ਹੈ। ਚੂਕਾ–ਦੂਰ ਹੋ ਜਾਂਦਾ ਹੈ। ਭੈ ਭਾਰਾ–ਡਰ ਦਾ ਬੋਝ।੬।

ਪੰਚ ਤਤੁ ਮਿਲਿ ਕਾਇਆ ਕੀਨੀ ॥ ਤਿਸ ਮਹਿ ਰਾਮ ਰਤਨੁ ਲੈ ਚੀਨੀ ॥ ਆਤਮ ਰਾਮੁ ਰਾਮੁ ਹੈ ਆਤਮ, ਹਰਿ ਪਾਈਐ ਸਬਦਿ ਵੀਚਾਰਾ ਹੇ ॥੭॥ ਸਤ ਸੰਤੋਖਿ ਰਹਹੁ ਜਨ ਭਾਈ ॥ ਖਿਮਾ ਗਹਹੁ ਸਤਿਗੁਰ ਸਰਣਾਈ ॥ ਆਤਮੁ ਚੀਨਿ ਪਰਾਤਮੁ ਚੀਨਹੁ ,ਗੁਰ ਸੰਗਤਿ ਇਹੁ ਨਿਸਤਾਰਾ ਹੇ ॥੮॥ ਸਾਕਤ ਕੂੜ ਕਪਟ ਮਹਿ ਟੇਕਾ ॥ ਅਹਿਨਿਸਿ ਨਿੰਦਾ ਕਰਹਿ ਅਨੇਕਾ ॥ ਬਿਨੁ ਸਿਮਰਨ ਆਵਹਿ ਫੁਨਿ ਜਾਵਹਿ, ਗ੍ਰਭ ਜੋਨੀ ਨਰਕ ਮਝਾਰਾ ਹੇ ॥੯॥ ਸਾਕਤ ਜਮ ਕੀ ਕਾਣਿ ਨ ਚੂਕੈ ॥ ਜਮ ਕਾ ਡੰਡੁ ਨ ਕਬਹੂ ਮੂਕੈ ॥ ਬਾਕੀ ਧਰਮਰਾਇ ਕੀ ਲੀਜੈ, ਸਿਰਿ ਅਫਰਿਓ ਭਾਰੁ ਅਫਾਰਾ ਹੇ ॥੧੦॥ ਬਿਨੁ ਗੁਰ ਸਾਕਤੁ ਕਹਹੁ ਕੋ ਤਰਿਆ ॥ ਹਉਮੈ ਕਰਤਾ ਭਵਜਲਿ ਪਰਿਆ ॥ ਬਿਨੁ ਗੁਰ ਪਾਰੁ ਨ ਪਾਵੈ ਕੋਈ, ਹਰਿ ਜਪੀਐ ਪਾਰਿ ਉਤਾਰਾ ਹੇ ॥੧੧॥ ਗੁਰ ਕੀ ਦਾਤਿ ਨ ਮੇਟੈ ਕੋਈ ॥ ਜਿਸੁ ਬਖਸੇ ਤਿਸੁ ਤਾਰੇ ਸੋਈ ॥ ਜਨਮ ਮਰਣ ਦੁਖੁ ਨੇੜਿ ਨ ਆਵੈ, ਮਨਿ ਸੋ ਪ੍ਰਭੁ ਅਪਰ ਅਪਾਰਾ ਹੇ ॥੧੨॥ (ਹੇ ਭਾਈ! ਪ੍ਰਭੂ ਨੇ)

ਪੰਜ (ਵਿਰੋਧੀ) ਤੱਤ ਮਿਲਾ ਕੇ ਮਨੁੱਖਾ ਦੇਹ ਪੈਦਾ ਕੀਤੀ ਹੈ। ਉਸ (ਦੇਹ) ਵਿਚੋਂ ਪ੍ਰਮਾਤਮਾ ਦਾ ਨਾਮ ਰੂਪ ਰਤਨ ਪਛਾਣ ਲੈ। (ਜੀਵਾਂ ਦੀ) ਆਤਮਾ ਪ੍ਰਮਾਤਮਾ ਹੈ ਅਤੇ ਪ੍ਰਮਾਤਮਾ ਜੀਵਾਂ ਦੀ ਆਤਮਾ ਹੈ (ਸਭ ਜੀਵ ਹਰੀ ਦਾ ਰੂਪ ਹਨ ਅਤੇ ਹਰੀ ਆਪ ਜੀਵਾਂ ਦੇ ਰੂਪ ਵਿਚ ਹੈ}, (ਐਸਾ) ਹਰੀ ਗੁਰੂ ਦੇ ਸ਼ਬਦ ਦੁਆਰਾ ਵਿਚਾਰ ਕੇ ਪਾਈਦਾ ਹੈ {ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਵੀਚਾਰਾ ੧੧੫੩}।੭।ਹੇ ਭਾਈ ਜਨੋਂ! ਸਤ ਸੰਤੋਖ ਆਦਿ ਸ਼ੁੱਭ ਗੁਣਾਂ ਵਿਚ ਟਿਕੇ ਰਹੋ। ਸਤਿਗੁਰੂ ਦੀ ਸ਼ਰਣ ਪੈ ਕੇ ਖਿਮਾ ਦਾ ਗੁਣ ਧਾਰਨ ਕਰੋ। ਆਤਮਾ (ਅਪਣੇ ਆਪ) ਨੂੰ ਪਛਾਣ ਕੇ ਪ੍ਰਮਾਤਮਾ ਨੂੰ ਪਛਾਣੋ, ਗੁਰੂ ਦੀ ਸੰਗਤ ਕਰਕੇ (ਭਵਜਲ ਤੋਂ) ਇਹ ਪਾਰ ਉਤਾਰਾ ਹੁੰਦਾ ਹੈ।੮। ਸਾਕਤ ਬੰਦੇ ਕੂੜ ਤੇ ਕਪਟ ਵਿਚ ਟਿਕੇ ਹੋਏ ਹਨ; ਸਾਕਤ ਕੂੜ ਤੇ ਕਪਟ ਵਿਚ ਟੇਕ ਲੱਭਦੇ ਹਨ। ਦਿਨ ਰਾਤ ਅਨੇਕਾਂ ਮਨੁੱਖਾਂ ਦੀ ਨਿੰਦਾ ਕਰਦੇ ਰਹਿੰਦੇ ਹਨ। (ਉਹ) ਪ੍ਰਭੂ ਦੇ ਸਿਮਰਨ ਤੋਂ ਬਿਨਾ ਜੰਮਦੇ ਮਰਦੇ ਰਹਿੰਦੇ ਹਨ ਅਤੇ ਮੁੜ ਮੁੜ ਗਰਭ ਜੋਨੀਆਂ ਦੇ ਨਰਕਾਂ ਵਿਚ ਪੈਂਦੇ ਹਨ।੯। ਸਾਕਤਾਂ ਦੇ ਸਿਰ ਤੋਂ ਜਮਾਂ ਦੀ ਮੁਥਾਜੀ ਦੂਰ ਨਹੀਂ ਹੁੰਦੀ। (ਇਸ ਲਈ ਉਨ੍ਹਾਂ ਦੇ ਸਿਰੋਂ) ਕਦੇ ਵੀ ਜਮਾਂ ਦਾ ਡੰਡ ਮੁੱਕਦਾ ਨਹੀਂ। ਧਰਮਰਾਜ ਦੇ ਕਰਜੇ ਦੀ ਬਾਕੀ (ਪਾਪ ਕਰਮਾਂ ਦੇ ਹਿਸਾਬ ਨਾਲ ਜੋ ਸਜਾ ਭੁਗਤਣੀ ਰਹਿੰਦੀ ਹੈ, ਉਹ ਉਨ੍ਹਾਂ ਪਾਸੋਂ) ਵਸੂਲ ਲਈ ਜਾਂਦੀ ਹੈ, (ਉਨ੍ਹਾਂ ਦੇ) ਸਿਰ ਉਤੇ ਹੰਕਾਰ ਦਾ ਬਹੁਤਾ ਭਾਰ ਚੜ੍ਹਿਆ ਰਹਿੰਦਾ ਹੈ।੧੦। (ਹੇ ਭਾਈ!) ਦੱਸੋ, ਗੁਰੂ ਤੋਂ ਬਿਨਾ ਕੋਈ ਸਾਕਤ ਮਨੁੱਖ (ਭਵਜਲ ਤੋਂ) ਤਰਿਆ ਹੈ? (ਕੋਈ ਨਹੀਂ ਤਰਿਆ)। ਹੰਕਾਰ ਕਰਦਾ (ਉਹ) ਭਵਜਲ ਵਿਚ ਹੀ ਪਿਆ (ਡੁੱਬਿਆ) ਰਹਿੰਦਾ ਹੈ। ਗੁਰੂ ਤੋਂ ਬਿਨਾ ਕੋਈ ਮਨੁੱਖ (ਭਵਜਲ ਤੋਂ) ਪਾਰ ਨਹੀਂ ਪੈ ਸਕਦਾ ,ਹਰੀ ਦਾ ਨਾਮ ਜਪੀਏ, ਤਾਂ ਹੀ ਪਾਰ ਉਤਾਰਾ ਹੁੰਦਾ ਹੈ।੧੧। (ਹੇ ਭਾਈ!) ਗੁਰੂ ਦੀ ਦੀ ਬਖਸ਼ੀ ਦਾਤ ਨੂੰ ਕੋਈ ਮਨੁੱਖ ਮੇਟ ਨਹੀਂ ਸਕਦਾ। ਜਿਸ ਮਨੁੱਖ ਨੂੰ ਗੁਰੂ ਬਖਸ਼ ਦੇਂਦਾ ਹੈ, ਉਸ ਨੂੰ ਉਹ ਆਪ ਹੀ (ਭਵਜਲ ਤੋਂ) ਤਾਰ ਦੇਂਦਾ ਹੈ। (ਉਸ ਦੇ) ਮਨ ਵਿਚ ਉਹ ਬੇਅੰਤ ਪ੍ਰਭੂ ਵਸਦਾ ਹੈ, (ਇਸ ਲਈ) ਜਨਮ ਮਰਨ ਦਾ ਦੁਖ (ਉਸ ਦੇ) ਨੇੜੇ ਨਹੀਂ ਆਉਂਦਾ।੧੨।

ਪਦਾਰਥ = ਪੰਚ ਤਤੁ–ਪੰਜ ਤੱਤ (ਹਵਾ, ਪਾਣੀ, ਮਿੱਟੀ, ਅੱਗ ਤੇ ਅਕਾਸ਼)। ਮਿਲਿ–ਮਿਲਾ ਕੇ। ਕਾਇਆ–ਸਰੀਰ। ਕੀਨੀ–ਪੈਦਾ ਕੀਤੀ। ਤਿਸੁ ਮਹਿ–ਉਸ (ਸਰੀਰ) ਵਿਚ। ਲੈ ਚੀਨੀ–ਪਛਾਣ ਲੈ। ਰਾਮੁ–ਪ੍ਰਮਾਤਮਾ। ਸਬਦਿ–ਸ਼ਬਦ ਦੁਆਰਾ।੭। ਜਨ ਭਾਈ–ਹੇ ਭਾਈ ਜਨੋਂ!। ਰਹਹੁ–ਟਿਕੇ ਰਹੋ। ਗਹਹੁ–ਗ੍ਰਹਿਣ (ਧਾਰਨ) ਕਰੋ। ਆਤਮੁ–ਅਪਣੇ ਆਪ ਨੂੰ। ਪਰਾਤਮੁ–ਪ੍ਰਮਾਤਮਾ ਨੂੰ। ਚੀਨਿ–ਪਛਾਣ ਕੇ। ਚੀਨਹੁ–ਪਛਾਣੋ। ਨਿਸਤਾਰਾ–ਪਾਰ ਉਤਾਰਾ (ਮੁਕਤੀ)।੮। ਸਾਕਤ–ਰੱਬ ਤੋਂ ਟੁੱਟੇ ਬੰਦੇ। ਕਪਟ ਮਹਿ–ਛਲ ਵਿਚ। ਟੇਕਾ–ਟਿਕੇ ਹੋਏ ਹਨ; ਆਸਰਾ। ਅਹਿ–ਦਿਨ। ਨਿਸਿ–ਰਾਤ। ਅਨੇਕਾ–ਅਨੇਕਾਂ ਲੋਕਾਂ ਦੀ। ਆਵਹਿ–ਜੰਮਦੇ ਹਨ। ਫੁਨਿ–ਮੁੜ ਮੁੜ। ਜਾਵਹਿ–ਮਰਦੇ ਹਨ। ਗ੍ਰਭ–ਗਰਭ। ਨਰਕ ਮਝਾਰਾ–ਨਰਕਾਂ ਵਿਚ।੯। ਕਾਣਿ–ਮੁਥਾਜੀ; ਤਾਬਿਆਦਾਰੀ। ਨ ਚੂਕੈ–ਦੂਰ ਨਹੀਂ ਹੁੰਦੀ। ਕਬਹੂ–ਕਦੇ ਵੀ। ਨ ਮੂਕੈ–ਮੁੱਕਦਾ ਨਹੀਂ। ਬਾਕੀ–(ਪਾਪ ਕਰਮਾਂ ਦੇ ਕਰਜੇ ਦਾ) ਬਕਾਇਆ। ਲੀਜੈ–ਲਿਆ ਜਾਂਦਾ ਹੈ। ਸਿਰਿ–ਸਿਰ ਉਤੇ। ਅਫਰਿਓ–ਹੰਕਾਰ ਨਾਲ ਫੁੱਲਿਆ ਹੋਇਆ ਮਨੁੱਖ। ਅਫਾਰਾ–ਵੱਡਾ; ਬਹੁਤਾ।੧੦। ਕਹਹੁ–ਦੱਸੋ। ਕੋ–ਕੋਈ; ਕਿਹੜਾ। ਭਵਜਲਿ–ਸੰਸਾਰ ਸਮੁੰਦਰ ਵਿਚ। ਪਰਿਆ–ਪਿਆ ਰਹਿੰਦਾ ਹੈ। ਪਾਰੁ–ਪਰਲਾ ਕਿਨਾਰਾ। ਪਾਰਿ ਉਤਾਰਾ–ਸੰਸਾਰ ਸਮੁੰਦਰ ਦੇ ਪਰਲੇ ਪਾਸੇ ਜਾ ਉਤਰਨਾ।੧੧। ਤਾਰੇ–ਤਾਰ ਦੇਂਦਾ ਹੈ। ਸੋਈ–ਉਹ (ਪ੍ਰਭੂ)। ਮਨਿ–ਮਨ ਵਿਚ। ਸੋ–ਉਹ। ਅਪਰ–ਜਿਸ ਤੋਂ ਪਰੇ ਹੋਰ ਕੋਈ ਹਸਤੀ ਨਹੀਂ। ਅਪਾਰਾ–ਜਿਸ ਦਾ ਕੋਈ ਹੱਦ ਬੰਨਾ ਨਹੀਂ (ਬੇਹੱਦ ਬੇਅੰਤ)।੧੨।

ਗੁਰ ਤੇ ਭੂਲੇ ਆਵਹੁ ਜਾਵਹੁ ॥ ਜਨਮਿ ਮਰਹੁ ਫੁਨਿ ਪਾਪ ਕਮਾਵਹੁ ॥ ਸਾਕਤ ਮੂੜ ਅਚੇਤ ਨ ਚੇਤਹਿ, ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ ॥੧੩॥ ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥ ਸੋ ਜਾਣੈ ਜਿਨਿ ਦਾਤੈ ਦੀਏ ॥ ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ, ਸਹੁ ਅਪਣਾ ਕੀਆ ਕਰਾਰਾ ਹੇ ॥੧੪॥ (ਹੇ ਭਾਈ! ਜੇ ਤੁਸੀਂ) ਗੁਰੂ ਤੋਂ ਭੁੱਲੇ ਹੋਏ ਹੋ, (ਤਾਂ ਸੰਸਾਰ ਵਿਚ) ਆਉਂਦੇ ਜਾਂਦੇ (ਜੰਮਦੇ ਮਰਦੇ) ਰਹੋਗੇ। ਜਨਮ ਲੈਂਦੇ ਰਹੋਗੇ ਤੇ ਮਰਦੇ ਰਹੋਗੇ, ਫਿਰ ਪਾਪ ਕਰਮ ਕਰਦੇ ਰਹੋਗੇ। ਸਾਕਤ ਬੰਦੇ ਮੂਰਖ ਤੇ ਬੇਸਮਝ ਹਨ, ਪ੍ਰਭੂ ਨੂੰ ਯਾਦ ਨਹੀਂ ਕਰਦੇ, (ਜਦੋਂ ਉਨ੍ਹਾਂ ਨੂੰ ਕੋਈ) ਦੁਖ ਲਗਦਾ ਹੈ, ਤਾਂ ਰਾਮ ਅੱਗੇ ਪੁਕਾਰ ਕਰਦੇ ਹਨ (ਕਿ ਸਾਨੂੰ ਬਖਸ਼ ਲੇ)।੧੩। (ਹੇ ਭਾਈ! ਮਨੁੱਖ ਨੂੰ ਪੁੰਨਾਂ ਦਾ ਫਲ) ਸੁਖ ਅਤੇ (ਪਾਪਾਂ ਦਾ ਫਲ) ਦੁਖ ਪਿਛਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ ਮਿਲਦਾ ਹੈ। ਉਹ ਪ੍ਰਭੂ ਹੀ ਜਾਣਦਾ ਹੈ, ਜਿਸ ਦਾਤੇ ਨੇ (ਕਰਮਾਂ ਦੇ ਫਲ ਸੁਖ ਦੁਖ ਰੂਪ ਵਿਚ) ਦਿਤੇ ਹਨ। ਹੇ ਪ੍ਰਾਣੀ! (ਦੁੱਖਾਂ ਦਾ) ਦੋਸ ਤੂੰ ਕਿਸ ਨੂੰ ਦੇਂਦਾ ਹੈਂ, ਅਪਣੇ ਕੀਤੇ ਕਰਮਾਂ ਦੇ ਸਖਤ ਦੁਖ ਨੂੰ ਸਹਾਰ; ਤਕੜਾ ਹੋ ਕੇ ਝੱਲ (ਫ.ਸ.; ਸੰ.ਸ.)।੧੪।

ਅੰਗ ੧੦੩੧ = ਹਉਮੈ ਮਮਤਾ ਕਰਦਾ ਆਇਆ ॥ ਆਸਾ ਮਨਸਾ ਬੰਧਿ ਚਲਾਇਆ ॥ ਮੇਰੀ ਮੇਰੀ ਕਰਤ ਕਿਆ ਲੇ ਚਾਲੇ, ਬਿਖੁ ਲਾਦੇ ਛਾਰ ਬਿਕਾਰਾ ਹੇ ॥੧੫॥ ਹਰਿ ਕੀ ਭਗਤਿ ਕਰਹੁ ਜਨ ਭਾਈ ॥ ਅਕਥੁ ਕਥਹੁ ਮਨੁ ਮਨਹਿ ਸਮਾਈ ॥ ਉਠਿ ਚਲਤਾ ਠਾਕਿ ਰਖਹੁ ਘਰਿ ਅਪੁਨੈ, ਦੁਖੁ ਕਾਟੇ ਕਾਟਣਹਾਰਾ ਹੇ ॥੧੬॥ ਹਰਿ ਗੁਰ ਪੂਰੇ ਕੀ ਓਟ ਪਰਾਤੀ ॥ ਗੁਰਮੁਖਿ ਹਰਿ ਲਿਵ ਗੁਰਮੁਖਿ ਜਾਤੀ ॥ ਨਾਨਕ ਰਾਮ ਨਾਮਿ ਮਤਿ ਊਤਮ, ਹਰਿ ਬਖਸੇ ਪਾਰਿ ਉਤਾਰਾ ਹੇ ॥੧੭॥੪॥੧੦॥ (ਹੇ ਭਾਈ! ਤੂੰ ਅਨੇਕਾਂ ਜਨਮਾਂ ਤੋਂ) ਹਉਮੈ ਮਮਤਾ ਕਰਦਾ ਆਇਆ ਹੈਂ। ਆਸਾ ਤੇ ਮਨਸਾ ਨੇ ਬੰਨ੍ਹ ਕੇ (ਤੈਨੂੰ ਅਨੇਕਾਂ ਜੋਨੀਆਂ ਵਿਚ) ਤੋਰ ਲਿਆ ਹੈ। ਮੇਰੀ ਮੇਰੀ

ਕਰਦਾ (ਇਥੋਂ ਪ੍ਰਲੋਕ ਨੂੰ ਤੂੰ) ਕੀ ਲੈ ਕੇ ਚੱਲੇਂਗਾ? ਜਹਿਰ ਰੂਪ ਵਿਕਾਰਾਂ ਦੀ ਸੁਆਹ ਹੀ ਲੱਦ ਲੈ ਜਾਵੇਂਗਾ।੧੫। ਹੇ ਭਾਈ ਜਨੋਂ! ਹਰੀ ਦੀ ਭਗਤੀ ਕਰੋ।ਅਕੱਥ ਪ੍ਰਭੂ ਦਾ ਜਸ ਕਥਨ ਕਰੋ, (ਇਉਂ) ਵਿਕਾਰੀ ਮਨ, ਮਨ ਵਿਚ ਹੀ ਸਮਾ ਜਾਵੇਗਾ (ਮਨ ਦੀਆਂ ਖਾਹਿਸ਼ਾਂ ਤੇ ਫੁਰਨੇ ਮਨ ਦੇ ਅੰਦਰ ਹੀ ਖਤਮ ਹੋ ਜਾਣਗੇ)।ਉਠ ਕੇ ਦੌੜ ਜਾਣ ਵਾਲੇ ਮਨ ਨੂੰ ਰੋਕ ਕੇ ਅਪਣੇ ਅਸਲੀ ਘਰ (ਵਾਹਿਗੁਰੂ ਦੀ ਹਜੂਰੀ) ਵਿਚ ਟਿਕਾਈ ਰੱਖੋ, (ਫਿਰ) ਦੁੱਖ ਕੱਟਣ ਵਾਲਾ ਪ੍ਰਭੂ (ਤੁਹਾਡੇ ਸਾਰੇ) ਦੁੱਖ ਕੱਟ ਦੇਵੇਗਾ।੧੬।(ਜਿਹੜਾ ਮਨੁੱਖ) ਹਰੀ ਦੇ ਰੂਪ ਪੂਰੇ ਗੁਰੂ ਦੀ ਓਟ ਦਾ ਪ੍ਰੇਮੀ ਬਣਿਆ ਹੈ; ਓਟ ਪ੍ਰਾਪਤ ਕੀਤੀ ਹੈ।(ਉਸ) ਗੁਰਮੁਖ ਨੇ ਗੁਰੂ ਦੁਆਰਾ ਹਰੀ ਵਿਚ ਲਿਵ ਜੋੜਨੀ ਜਾਣੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਦੀ) ਮੱਤ ਪ੍ਰਭੂ ਦੇ ਨਾਮ ਵਿਚ ਜੁੜ ਕੇ ਉਤਮ ਹੋ ਗਈ ਹੈ, ਹਰੀ ਨੇ (ਉਸ ਦੇ) ਔਗਣ ਬਖਸ਼ ਕੇ (ਉਸ ਨੂੰ ਸੰਸਾਰ ਸਮੁੰਦਰ ਤੋਂ) ਪਾਰ ਉਤਾਰ ਦਿਤਾ ਹੈ।੧੭।੪।੧੦।

ਪਦਾਰਥ = ਤੇ-ਤੋਂ।ਆਵਹੁ ਜਾਵਹੁ-ਜੰਮਦੇ ਮਰਦੇ ਰਹੋਗੇ।ਫੁਨਿ-ਫਿਰ; ਮੁੜ ਕੇ।ਸਾਕਤ-ਸ਼ਕਤੀ ਦਾ ਭਗਤ।ਮੂੜ-ਮੂਰਖ। ਅਚੇਤ-ਬੇ ਸਮਝ।ਨ ਚੇਤਹਿ-ਯਾਦ ਨਹੀਂ ਕਰਦੇ।ਤਾ-ਤਾਂ; ਤਦੋਂ।ਰਾਮੁ-ਸਰਬ ਵਿਆਪਕ ਪ੍ਰਮਾਤਮਾ।੧੩।ਪੁਰਬ ਜਨਮ ਕੇ-ਪਹਿਲੇ ਜਨਮਾਂ ਦੇ।ਕੀਏ-ਕੀਤੇ ਹੋਏ।ਸੋ-ਉਹ (ਪ੍ਰਭੂ)।ਜਿਨਿ ਦਾਤੈ-ਜਿਸ ਦਾਤੇ ਨੇ।ਦੀਏ-ਦਿਤੇ ਹਨ।ਕਿਸ ਕਉ-ਕਿਸ ਨੂੰ। ਪ੍ਰਾਣੀ-ਹੇ ਪ੍ਰਾਣੀ!।ਸਹੁ-ਸਹਾਰ।ਕਰਾਰਾ-ਤਕੜਾ; ਸਖਤ।੧੪।ਹਉਮੈ-ਹੰਕਾਰ।ਮਮਤਾ-ਅਪਣੱਤ।ਮਨਸਾ-ਵਾਸ਼ਨਾ; ਮਨ ਦੇ ਫੁਰਨੇ।ਬੰਧਿ-ਬੰਨ੍ਹ ਕੇ।ਕਰਤ-ਕਰਦਾ ਹੋਇਆ।ਚਾਲੇ-ਜਾਵੇਂਗਾ।ਬਿਖੁ ਛਾਰ-ਜਹਿਰ ਰੂਪ ਸੁਆਹ।ਲਾਦੇ-ਲੱਦ ਕੇ।ਬਿਕਾਰਾ-ਵਿਕਾਰਾਂ ਦੀ।੧੫।ਜਨ ਭਾਈ-ਹੇ ਭਾਈ ਜਨੋਂ!।ਅਕਥ (ਅਕੱਥ ਪੜ੍ਹੋ)-ਪ੍ਰਭੂ ,ਜਿਸ ਨੂੰ ਪੂਰੀ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ।ਕਥਹੁ-ਕਥਨ (ਸਿਫਤ ਸਲਾਹ) ਕਰੋ।ਮਨਹਿ-ਮਨ ਵਿਚ ਹੀ।ਚਲਤਾ-ਦੌੜਦਾ; ਚੰਚਲ।ਠਾਕਿ-ਰੋਕ ਕੇ।ਘਰਿ-ਅਸਲੀ ਘਰ (ਪ੍ਰਭੂ ਦੀ ਹਜੂਰੀ) ਵਿਚ।੧੬।ਪਰਾਤੀ-ਪ੍ਰੀਤਵਾਨ ਹੋਇਆ ਹੈ; ਪ੍ਰਾਪਤ ਕੀਤੀ ਹੈ (ਟਕਸਾਲ)।ਗੁਰਮੁਖਿ-ਗੁਰੂ ਦੀ ਸ਼ਰਣ ਵਿਚ ਪਏ ਮਨੁੱਖ ਨੇ।ਗੁਰਮੁਖਿ-ਗੁਰੂ ਦੁਆਰਾ।ਜਾਤੀ-ਜਾਣੀ ਹੈ।ਨਾਮਿ-ਨਾਮ ਵਿਚ ਜੁੜ ਕੇ।ਮਤਿ-ਅਕਲ।ਬਖਸੇ-ਮਾਫ ਕਰਕੇ ।ਪਾਰਿ ਉਤਾਰਾ ਹੇ-(ਸੰਸਾਰ ਸਮੁੰਦਰ ਤੋਂ) ਪਾਰ ਉਤਾਰ ਦਿਤਾ ਹੈ।੧੭।੪।੧੦।

ਮਾਰੂ ਮਹਲਾ ੧ ॥ ਸਰਣਿ ਪਰੇ ਗੁਰਦੇਵ ਤੁਮਾਰੀ ॥ ਤੂ ਸਮਰਥੁ ਦਇਆਲੁ ਮੁਰਾਰੀ ॥ ਤੇਰੇ ਚੋਜ ਨ ਜਾਣੈ ਕੋਈ, ਤੂ ਪੂਰਾ ਪੁਰਖੁ ਬਿਧਾਤਾ ਹੇ ॥੧॥ ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ ॥ ਘਟਿ ਘਟਿ ਰੂਪੁ ਅਨੂਪੁ ਦਇਆਲਾ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ, ਸਭੁ ਤੇਰੋ ਕੀਆ ਕਮਾਤਾ ਹੇ ॥੨॥ ਅੰਤਰਿ ਜੋਤਿ ਭਲੀ ਜਗਜੀਵਨ ॥ ਸਭਿ ਘਟ ਭੋਗੈ ਹਰਿ ਰਸੁ ਪੀਵਨ ॥ ਆਪੇ ਲੇਵੈ ਆਪੇ ਦੇਵੈ, ਤਿਹੁ ਲੋਈ ਜਗਤ ਪਿਤ ਦਾਤਾ ਹੇ ॥੩॥ ਜਗਤੁ ਉਪਾਇ ਖੇਲੁ ਰਚਾਇਆ ॥ ਪਵਣੈ ਪਾਣੀ ਅਗਨੀ ਜੀਉ ਪਾਇਆ ॥ ਦੇਹੀ ਨਗਰੀ ਨਉ ਦਰਵਾਜੇ, ਸੋ ਦਸਵਾ ਗੁਪਤੁ ਰਹਾਤਾ ਹੇ ॥੪॥ ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥ ਸਾਕਤ ਦੁਰਮਤਿ ਡੂਬਹਿ ਦਾਝਹਿ, ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥ ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥ ਤਿਨ ਮਹਿ ਪੰਚ ਤਤੁ ਘਰਿ ਵਾਸਾ ॥ ਸਤਿਗੁਰ ਸਬਦਿ ਰਹਹਿ ਰੰਗਿ ਰਾਤਾ, ਤਜਿ ਮਾਇਆ ਹਉਮੈ ਭ੍ਰਾਤਾ ਹੇ ॥੬॥

(ਗੁਰੂ ਜੀ ਗੁਰੂ ਪ੍ਰਮੇਸਰ ਦੇ ਸਨਮੁਖ ਬੇਨਤੀ ਕਰਦੇ ਹਨ, ਗੁਰੂ ਨਾਨਕ ਦੇਵ ਜੀ ਦਾ ਗੁਰੂ ਪ੍ਰਮੇਸਰ ਹੈ) ਹੇ ਗੁਰਦੇਵ! ਅਸੀਂ ਤੇਰੀ ਸਰਣ ਆ ਪਏ ਹਾਂ।ਹੇ ਪ੍ਰਭੂ! ਤੂੰ ਸਰਬ ਕਲਾ ਸਮਰੱਥ ਹੈਂ ਅਤੇ ਦਇਆ ਦਾ ਘਰ ਹੈਂ।ਤੇਰੇ ਕੌਤਕ ਕੋਈ ਜੀਵ ਨਹੀਂ ਜਾਣ ਸਕਦਾ, ਤੂੰ ਪੂਰਨ ਸਰਬ ਵਿਆਪਕ ਅਤੇ ਸ੍ਰਿਸਟੀ ਦਾ ਰਚਨਹਾਰ ਹੈਂ।੧।ਹੇ ਪ੍ਰਭੂ! ਤੂੰ ਆਦਿ ਕਾਲ ਤੋਂ (ਸਾਰੇ ਜੀਵਾਂ ਦੀ) ਪਾਲਣਾ ਕਰਦਾ ਆ ਰਿਹਾ ਹੈਂ।ਹੇ ਦਇਆ ਕਰਨ ਵਾਲੇ ਪ੍ਰਭੂ! ਤੇਰਾ ਸੁੰਦਰ ਰੂਪ ਹਰੇਕ ਜੀਵ ਦੇ ਹਿਰਦੇ ਵਿਚ ਮੌਜੂਦ ਹੈ।ਜਿਵੇਂ ਤੈਨੂੰ ਚੰਗਾ ਲਗਦਾ ਹੈ, ਤੂੰ (ਸੰਸਾਰ ਦਾ ਕੰਮ) ਉਸੇ ਤਰ੍ਹਾਂ ਚਲਾਉਂਦਾ ਹੈਂ, ਸਾਰਾ ਸੰਸਾਰ ਤੇਰਾ ਪੈਦਾ ਕੀਤਾ ਹੋਇਆ ਹੈ ਅਤੇ (ਇਸ ਵਿਚ ਹਰੇਕ ਜੀਵ ਤੇਰੇ ਹੁਕਮ ਅਨੁਸਾਰ) ਕੰਮ ਕਰਦਾ ਹੈ।੨।ਜਗਤ ਦੇ ਜੀਵਨ ਦਾਤੇ ਦੀ ਉਤਮ ਜੋਤ ਹਰੇਕ ਜੀਵ ਦੇ ਅੰਦਰ ਪ੍ਰਕਾਸ਼ਮਾਨ ਹੈ।ਪ੍ਰਭੂ ਸਾਰੇ ਸਰੀਰਾਂ ਵਿਚ ਬੈਠਾ ਅਨੰਦ ਮਾਣ ਰਿਹਾ ਹੈ ਅਤੇ (ਜੀਵਾਂ ਦੇ ਅੰਦਰ ਵਸਦਾ) ਨਾਮ ਰਸ ਪੀ ਰਿਹਾ ਹੈ।ਪ੍ਰਭੂ ਆਪ ਹੀ (ਜੀਵਾਂ ਦੇ ਅੰਦਰ ਵਸਦਾ ਨਾਮ ਰਸ) ਲੈ ਰਿਹਾ ਹੈ ਅਤੇ ਆਪ ਹੀ (ਜੀਵਾਂ ਨੂੰ ਨਾਮ ਰਸ) ਦੇ ਰਿਹਾ ਹੈ, ਜਗਤ ਦਾ ਪਿਤਾ ਤਿੰਨਾਂ ਲੋਕਾਂ ਦਾ ਦਾਤਾ ਹੈ।੩।(ਪ੍ਰਭੂ ਨੇ) ਜਗਤ ਨੂੰ ਪੈਦਾ ਕਰਕੇ (ਜਨਮ ਮਰਨ ਦਾ) ਖੇਲ ਰਚਾਇਆ ਹੈ।ਹਵਾ, ਪਾਣੀ ਤੇ ਅੱਗ ਆਦਿ ਪੰਜ ਤੱਤਾਂ ਦਾ ਸਰੀਰ ਰਚ ਕੇ ਅੰਦਰ ਜੀਵਾਤਮਾ ਪਾ ਦਿਤਾ ਹੈ।ਸਰੀਰ ਰੂਪ ਨਗਰ ਦੇ ਨੌਂ ਦਰਵਾਜੇ ਪ੍ਰਗਟ ਹਨ ਅਤੇ (ਇਸ ਦਾ ਜੋ) ਦਸਵਾਂ ਦਰਵਾਜਾ ਹੈ, ਉਹ ਗੁਪਤ ਰੱਖਿਆ ਹੈ।੪।(ਹੇ ਭਾਈ! ਸੰਸਾਰ ਵਿਚ ਹਿੰਸਾ, ਮੋਹ, ਲੋਭ ਤੇ ਕ੍ਰੋਧ) ਚਾਰ ਤਰ੍ਹਾਂ ਦੀ ਭਿਆਨਕ ਅੱਗ ਦੀਆਂ ਨਦੀਆਂ ਹਨ {ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ।ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ੧੪੭}।ਕੋਈ ਵਿਰਲਾ ਗੁਰਮੁਖ (ਇਨ੍ਹਾਂ ਨੂੰ) ਸਮਝਦਾ ਹੈ, ਜੋ ਸ਼ਬਦ ਦੁਆਰਾ (ਇਨ੍ਹਾਂ ਤੋਂ) ਨਿਰਲੇਪ ਰਹਿੰਦਾ ਹੈ।ਖੋਟੀ ਮੱਤ ਵਾਲੇ ਸਾਕਤ ਲੋਕ (ਇਨ੍ਹਾਂ ਨਦੀਆਂ ਵਿਚ) ਡੁਬਦੇ ਤੇ ਸੜਦੇ ਹਨ, ਗੁਰੂ ਨੇ (ਉਨ੍ਹਾਂ ਮਨੁੱਖਾਂ ਦੀ ਇਨ੍ਹਾਂ ਨਦੀਆਂ ਤੋਂ) ਰੱਖਿਆ ਕੀਤੀ ਹੈ, (ਜੋ) ਹਰੀ ਦੀ ਪ੍ਰੀਤ ਵਿਚ ਰੰਗੇ ਹੋਏ ਹਨ।੫।(ਹੇ ਭਾਈ!) ਪਾਣੀ, ਅੱਗ, ਹਵਾ, ਧਰਤੀ ਤੇ ਅਕਾਸ਼।ਇਨ੍ਹਾਂ ਵਿਚ ਪੰਜ ਤੱਤਾਂ ਵਾਲੇ ਸਰੀਰ

ਘਰ ਵਿਚ ਜੀਵਾਤਮਾ ਦਾ ਵਾਸਾ ਹੈ; ਇਨ੍ਹਾਂ ਪੰਜ ਤੱਤਾਂ ਵਾਲੇ ਸੰਸਾਰ ਘਰ ਵਿਚ ਜੀਵ ਦਾ ਵਾਸਾ ਹੈ। (ਜਿਨ੍ਹਾਂ ਗੁਰਮੁਖਾਂ ਨੇ) ਸਤਿਗੁਰੂ ਦੇ ਸ਼ਬਦ ਵਿਚ ਜੁੜ ਕੇ ਮਾਇਆ ਦਾ ਹੰਕਾਰ ਅਤੇ ਭਰਮ ਛਡ ਦਿਤਾ ਹੈ, (ਉਹ) ਪ੍ਰਭੂ ਦੇ ਪ੍ਰੇਮ ਵਿਚ ਰੰਗੇ ਰਹਿੰਦੇ ਹਨ।੬।

ਪਦਾਰਥ = ਪਰੇ-ਆ ਪਏ ਹਾਂ। ਗੁਰਦੇਵ-ਹੇ ਗੁਰਦੇਵ!। ਸਮਰਥੁ-ਸਰਬ ਸ਼ਕਤੀਮਾਨ। ਦਇਆਲੁ-ਦਇਆ ਦਾ ਘਰ। ਮੁਰਾਰੀ-ਦੈਂਤਾਂ ਦਾ ਨਾਸ਼ ਕਰਨ ਵਾਲਾ ਪ੍ਰਭੂ; ਹੰਕਾਰ ਤੇ ਅਗਿਆਨ ਦਾ ਨਾਸ਼ ਕਰਨ ਵਾਲਾ ਪ੍ਰਭੂ। ਚੋਜ-ਕੌਤਕ। ਪੂਰਾ-ਸਾਰੇ ਗੁਣਾਂ ਵਿਚ ਪੂਰਨ। ਪੁਰਖੁ-ਸਰਬ ਵਿਆਪਕ ਪ੍ਰਭੂ। ਬਿਧਾਤਾ-ਰਚਨਹਾਰ; ਕਰਮਾਂ ਅਨੁਸਾਰ ਫਲ ਦੇਣ ਵਾਲਾ।੧। ਆਦਿ ਜੁਗਾਦਿ-ਮੁਢ ਤੋਂ; ਆਦਿ ਕਾਲ ਤੋਂ। ਘਟਿ ਘਟਿ-ਹਰੇਕ ਜੀਵ ਦੇ ਹਿਰਦੇ ਵਿਚ। ਰੂਪੁ ਅਨੂਪੁ-ਸੁੰਦਰ ਰੂਪ। ਤੁਧੁ-ਤੈਨੂੰ। ਭਾਵੈ-ਚੰਗਾ ਲਗਦਾ ਹੈ। ਤਿਵੈ-ਉਸੇ ਤਰ੍ਹਾਂ। ਤੇਰੋ ਕੀਆ-ਤੇਰਾ ਪੈਦਾ ਕੀਤਾ। ਕਮਾਤਾ ਹੇ-ਕਰਦਾ ਹੈ।੨। ਅੰਤਰਿ-(ਹਰੇਕ ਜੀਵ ਦੇ) ਅੰਦਰ। ਭਲੀ-ਉਤਮ। ਜਗ ਜੀਵਨ-ਜਗਤ ਦਾ ਜੀਵਨ। ਸਭਿ ਘਟ ਭੋਗੈ-ਸਾਰੇ ਸਰੀਰਾਂ ਵਿਚ ਵਸਦਾ ਅਨੰਦ ਮਾਣ ਰਿਹਾ ਹੈ। ਪੀਵਨ-ਪੀ ਰਿਹਾ ਹੈ। ਤਿਹੁ ਲੋਈ-ਤਿੰਨਾਂ ਭਵਨਾਂ ਦਾ। ਪਿਤ-ਪਿਤਾ।੩। ਉਪਾਇ-ਪੈਦਾ ਕਰਕੇ। ਪਵਣੈ-ਹਵਾ। ਜੀਉ-ਜੀਵਾਤਮਾ। ਦੇਹੀ ਨਗਰੀ-ਸਰੀਰ ਰੂਪ ਨਗਰ। ਨੌ ਦਰਵਾਜੇ-ਨੌਂ ਛੇਕ (ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਮੁਖ, ਗੁਦਾ ਤੇ ਲਿੰਗ)। ਦਸਵਾ-ਆਤਮਾ ਦੇ ਧੁਰ ਅੰਦਰ ਦੀ ਅਵਸਥਾ, ਜਿੱਥੇ ਵਾਹਿਗੁਰੂ ਅਨੁਭਵ ਹੁੰਦਾ ਹੈ। ਰਹਾਤਾ-ਰੱਖਿਆ ਹੈ।੪। ਚਾਰਿ ਨਦੀ-ਚਾਰ ਨਦੀਆਂ। ਅਸਰਾਲਾ-ਭਿਆਨਕ। ਗੁਰਮੁਖਿ-ਗੁਰੂ ਅਨੁਸਾਰੀ ਮਨੁੱਖ। ਬੂਝੈ-ਸਮਝਦਾ ਹੈ। ਸਬਦਿ-ਗੁਰੂ ਦੇ ਸ਼ਬਦ ਵਿਚ ਜੁੜ ਕੇ। ਨਿਰਾਲਾ-ਨਿਰਲੇਪ। ਸਾਕਤ-ਰੱਬ ਤੋਂ ਟੁੱਟਿਆ ਮਨੁੱਖ। ਦੁਰਮਤਿ-ਖੋਟੀ ਮੱਤ ਵਾਲਾ। ਦਾਝਹਿ-ਸੜਦਾ ਹੈ। ਗੁਰਿ-ਗੁਰੂ ਨੇ। ਲਿਵ ਰਾਤਾ ਹੇ-ਪ੍ਰੀਤ ਵਿਚ ਰੰਗੇ ਹਨ।੫। ਅਪੁ-ਪਾਣੀ। ਤੇਜੁ-ਅੱਗ। ਬਾਇ-ਹਵਾ। ਤਿਨ ਮਹਿ-ਇਨ੍ਹਾਂ ਵਿਚ। ਪੰਜ ਤਤੁ-ਪੰਜ ਤੱਤਾਂ ਵਾਲੇ। ਘਰਿ-ਸਰੀਰ ਘਰ ਵਿਚ। ਰੰਗਿ-ਪ੍ਰਭੂ ਦੇ ਪ੍ਰੇਮ ਵਿਚ। ਰਹਹਿ ਰਾਤਾ-ਰੰਗੇ ਰਹਿੰਦੇ ਹਨ। ਤਜਿ-ਛਡ ਦਿਤਾ। ਭ੍ਰਾਤਾ-ਭ੍ਰਾਂਤੀ (ਭਰਮ)।੬।

ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥ ਅੰਤਰਿ ਚੋਰੁ ਮੁਹੈ ਘਰੁ ਮੰਦਰੁ ,ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥ ਦੁੰਦਰ ਦੂਤ ਭੂਤ ਭੀਹਾਲੇ ॥ ਖਿੰਚੋਤਾਣਿ ਕਰਹਿ ਬੇਤਾਲੇ ॥ ਸਬਦ ਸੁਰਤਿ ਬਿਨੁ ਆਵੈ ਜਾਵੈ, ਪਤਿ ਖੋਈ ਆਵਤ ਜਾਤਾ ਹੇ ॥੮॥ ਕੂੜੁ ਕਲਰੁ ਤਨੁ ਭਸਮੈ ਢੇਰੀ ॥ ਬਿਨੁ ਨਾਵੈ ਕੈਸੀ ਪਤਿ ਤੇਰੀ ॥ ਬਾਧੇ ਮੁਕਤਿ ਨਾਹੀ ਜੁਗ ਚਾਰੇ, ਜਮ ਕੰਕਰਿ ਕਾਲਿ ਪਰਾਤਾ ਹੇ ॥੯॥ ਜਮ ਦਰਿ ਬਾਧੇ ਮਿਲਹਿ ਸਜਾਈ ॥ ਤਿਸੁ ਅਪਰਾਧੀ ਗਤਿ ਨਹੀ ਕਾਈ ॥ ਕਰਣ ਪਲਾਵ ਕਰੇ ਬਿਲਲਾਵੈ, ਜਿਉ ਕੁੰਡੀ ਮੀਨੁ ਪਰਾਤਾ ਹੇ ॥੧੦॥ ਸਾਕਤੁ ਫਾਸੀ ਪੜੈ ਇਕੇਲਾ ॥ ਜਮ ਵਸਿ ਕੀਆ ਅੰਧੁ ਦੁਹੇਲਾ ॥ ਰਾਮ ਨਾਮ ਬਿਨੁ ਮੁਕਤਿ ਨ ਸੂਝੈ, ਆਜੁ ਕਾਲਿ ਪਚਿ ਜਾਤਾ ਹੇ ॥੧੧॥ ਸਤਿਗੁਰ ਬਾਝੁ ਨ ਬੇਲੀ ਕੋਈ ॥ ਐਥੈ ਓਥੈ ਰਾਖਾ ਪ੍ਰਭੁ ਸੋਈ ॥ ਰਾਮ ਨਾਮੁ ਦੇਵੈ ਕਰਿ ਕਿਰਪਾ, ਇਉ ਸਲਲੈ ਸਲਲ ਮਿਲਾਤਾ ਹੇ ॥੧੨॥ (ਹੇ ਭਾਈ! ਉਸ ਮਨੁੱਖ ਦਾ) ਇਹ ਮਨ ਪ੍ਰਭੂ ਦੇ ਨਾਮ ਵਿਚ ਭਿੱਜਦਾ ਹੈ ,(ਜਿਹੜਾ ਗੁਰੂ ਦੇ) ਸ਼ਬਦ ਵਿਚ ਵਿਸ਼ਵਾਸ ਕਰਦਾ ਹੈ। ਨਾਮ ਤੋਂ ਬਿਨਾ (ਮਨ ਨੂੰ ਹੋਰ) ਕਿਸ ਦੇ ਆਸਰੇ ਨਾਲ ਟਿਕਾਇਆ ਜਾ ਸਕਦਾ ਹੈ? (ਨਹੀਂ ਟਿਕਾਇਆ ਜਾ ਸਕਦਾ। ਮਨੁੱਖ ਦੇ) ਅੰਦਰ ਹੰਕਾਰ ਰੂਪ ਚੋਰ ਸਰੀਰ ਮੰਦਰ ਨੂੰ ਲੁੱਟੀ ਜਾ ਰਿਹਾ ਹੈ, ਇਸ ਸਾਕਤ ਮਨੁੱਖ ਨੇ ਹੰਕਾਰ ਰੂਪ ਵੈਰੀ ਨੂੰ ਜਾਣਿਆ ਹੀ ਨਹੀਂ (ਇਸ ਨੂੰ ਪਤਾ ਹੀ ਨਹੀਂ ਕਿ ਮੈਂ ਲੁੱਟਿਆ ਜਾ ਰਿਹਾ ਹਾਂ)।੭। (ਹੇ ਭਾਈ!) ਸ਼ੋਰ ਮਚਾਉਣ ਵਾਲੇ ਕਾਮਾਦਿਕ ਦੂਤ ਭੂਤਾਂ ਵਾਂਗ ਡਰਾਉਣੇ ਹਨ। (ਹਰ ਵੇਲੇ ਇਹ) ਭੂਤ (ਅਪਣੇ ਵੱਲ) ਖਿੱਚਾ ਖਿਚੀ ਕਰਦੇ ਰਹਿੰਦੇ ਹਨ। ਸ਼ਬਦਾਕਾਰ ਬ੍ਰਿਤੀ ਤੋਂ ਬਿਨਾ ਮਨੁੱਖ ਆਉਂਦਾ ਜਾਂਦਾ (ਜੰਮਦਾ ਮਰਦਾ) ਰਹਿੰਦਾ ਹੈ, (ਇਸ ਨੇ ਕਾਮਾਦਿਕ ਵਿਸ਼ਿਆਂ ਵਿਚ ਲਗ ਕੇ ਅਪਣੀ) ਇੱਜਤ ਗੁਆ ਲਈ ਹੈ, (ਇਸ ਲਈ ਉਹ) ਜੰਮਦਾ ਮਰਦਾ ਰਹਿੰਦਾ ਹੈ।੮। (ਹੇ ਭਾਈ! ਤੂੰ ਸਾਰੀ ਉਮਰ) ਕੂੜ ਰੂਪ ਕੱਲਰ ਹੀ ਖ੍ਰੀਦਦਾ ਰਿਹਾ ਹੈਂ, ਸਰੀਰ ਅੰਤ ਨੂੰ ਸੁਆਹ ਦੀ ਢੇਰੀ ਹੋ ਜਾਣਾ ਹੈ। ਹਰੀ ਦੇ ਨਾਮ ਤੋਂ ਬਿਨਾ ਤੇਰੀ ਕੀ ਇੱਜਤ ਹੈ? (ਮਾਇਆ ਦੇ ਮੋਹ ਵਿਚ) ਬੱਧੇ ਹੋਏ ਮਨੁੱਖ ਦੀ ਚੌਹਾਂ ਜੁਗਾਂ ਵਿਚ ਕਦੇ ਵੀ ਮੁਕਤੀ ਨਹੀਂ ਹੁੰਦੀ, ਕਾਲ ਨੇ ਅਤੇ ਜਮ ਦੂਤਾਂ ਨੇ ਤੈਨੂੰ ਪਛਾਣਿਆ ਲਿਆ ਹੈ (ਕਿ ਇਹ ਸਾਡਾ ਸ਼ਿਕਾਰ ਹੈ)।੯। ਜਮਾਂ ਦੇ ਦਰ ਤੇ ਬੰਨ੍ਹੇ ਹੋਏ ਜੀਵਾਂ ਨੂੰ ਸਜਾਵਾਂ ਮਿਲਦੀਆਂ ਹਨ। ਉਸ ਅਪਰਾਧੀ ਦੀ (ਉਥੇ) ਕੋਈ ਗਤੀ ਨਹੀਂ ਹੁੰਦੀ (ਬੁਰਾ ਹਾਲ ਹੁੰਦਾ ਹੈ। ਉਥੇ ਉਹ ਇਉਂ) ਤਰਲੇ ਮਿੰਨਤਾਂ ਕਰਦਾ ਹੈ ਤੇ ਰੋਂਦਾ ਹੈ, ਜਿਵੇਂ ਮੱਛੀ ਕੁੰਡੀ ਵਿਚ ਪੈਂਦੀ ਹੈ (ਤੇ ਦੁਖੀ ਹੁੰਦੀ ਹੈ)।੧੦। (ਹੇ ਭਾਈ!) ਸਾਕਤ ਮਨੁੱਖ ਇਕੱਲਾ ਹੀ (ਜਮਾਂ ਦੀ) ਫਾਹੀ ਵਿਚ ਪੈਂਦਾ ਹੈ (ਉਥੇ ਕੋਈ ਸਹਾਇਕ ਨਹੀਂ ਹੁੰਦਾ)। ਜਮਾਂ ਦਾ ਵਸ ਵਿਚ ਕੀਤਾ ਹੋਇਆ ਅੰਨ੍ਹਾਂ (ਅਗਿਆਨੀ) ਮਨੁੱਖ ਦੁਖੀ ਹੁੰਦਾ ਹੈ। ਪ੍ਰਭੂ ਦੇ ਨਾਮ ਤੋਂ ਬਿਨਾ ਛੁਟਕਾਰੇ ਦਾ ਕੋਈ ਰਸਤਾ ਨਹੀਂ ਸੁਝਦਾ, ਅੱਜ ਕਲ੍ਹ ਕਰਦਿਆਂ (ਅੰਤ ਵੇਲੇ) ਸੜ ਜਾਂਦਾ ਹੈ।੧੧। (ਹੇ ਭਾਈ!) ਸਤਿਗੁਰੂ ਤੋਂ ਬਿਨਾ (ਜੀਵ ਦਾ) ਕੋਈ ਸਹਾਇਕ ਨਹੀਂ ਹੈ। ਐਥੈ (ਇਸ ਲੋਕ ਵਿਚ) ਤੇ ਉਥੇ (ਪ੍ਰਲੋਕ ਵਿਚ) ਉਹ ਪ੍ਰਭੂ ਹੀ (ਜੀਵ ਦਾ) ਰਾਖਾ ਹੈ। (ਗੁਰੂ) ਕ੍ਰਿਪਾ ਕਰਕੇ ਪ੍ਰਭੂ ਦਾ ਨਾਮ ਦੇਂਦਾ ਹੈ, (ਗੁਰੂ ਜੀਵ ਨੂੰ ਪ੍ਰਭੂ ਵਿਚ) ਇਉਂ ਮਿਲਾ ਦੇਂਦਾ ਹੈ, ਜਿਵੇਂ ਪਾਣੀ ਵਿਚ ਪਾਣੀ ਮਿਲਦਾ ਹੈ।੧੨।

ਪਦਾਰਥ = ਭੀਜੈ-ਭਿੱਜਦਾ ਹੈ। ਸਬਦਿ-ਸ਼ਬਦ ਵਿਚ। ਪਤੀਜੈ-ਵਿਸ਼ਵਾਸ ਕਰਦਾ ਹੈ। ਨਾਵੈ-ਨਾਮ ਤੋਂ। ਟੇਕ ਟਿਕੀਜੈ-ਆਸਰੇ ਨਾਲ

ਟਿਕਾਇਆ ਜਾ ਸਕਦਾ। ਅੰਤਰਿ-ਅੰਦਰ। ਮੁਹੈ-ਲੁੱਟਦਾ ਹੈ। ਇਨਿ ਸਾਕਤਿ-ਇਸ ਸਾਕਤ ਮਨੁੱਖ ਨੇ। ਦੂਤੁ-ਵੈਰੀ। ਨ ਜਾਤਾ-ਨਹੀਂ ਜਾਣਿਆ।੭। ਦੁੰਦਰ ਦੂਤ-ਸ਼ੋਰ ਮਚਾਉਣ ਵਾਲੇ ਕਾਮਾਦਿਕ ਵੈਰੀ। ਭੀਹਾਲੇ-ਭਿਆਨਕ। ਖਿੰਚੋਤਾਣਿ ਕਰਹਿ-ਖਿਚਾ ਖਿਚੀ ਕਰਦੇ ਹਨ (ਅਪਣੇ ਵੱਲ ਖਿੱਚਦੇ ਹਨ)। ਬੇਤਾਲੇ-ਭੂਤ। ਸਬਦ ਸੁਰਤਿ-ਸ਼ਬਦਾਕਾਰ ਬ੍ਰਿਤੀ; ਸ਼ਬਦ ਦਾ ਗਿਆਨ; ਸ਼ਬਦ ਵਿਚ ਲੀਨ ਹੋਈ ਬੁੱਧੀ। ਆਵੈ ਜਾਵੈ-ਆਉਂਦਾ ਜਾਂਦਾ (ਜੰਮਦਾ ਮਰਦਾ) ਹੈ। ਪਤਿ-ਇੱਜਤ। ਖੋਈ-ਗੁਆ ਲੈਂਦਾ ਹੈ। ਆਵਤ ਜਾਤਾ ਹੇ-ਆਉਂਦਾ ਜਾਂਦਾ (ਜੰਮਦਾ ਮਰਦਾ) ਹੈ।੮। ਕਲਰੁ-ਰੇਹੀ ਜਾਂ ਸ਼ੋਰੇ ਵਾਲੀ ਨਿਕੰਮੀ ਜਮੀਨ। ਤਨੁ-ਸਰੀਰ। ਭਸਮੈ ਕੀ-ਸੁਆਹ ਦੀ। ਬਧੇ-ਬੰਨ੍ਹੇ ਹੋਏ। ਜੁਗ ਚਾਰੇ-ਚੌਹਾਂ ਜੁਗਾਂ ਵਿਚ। ਜਮ ਕੰਕਰਿ-ਜਮਾਂ ਦੇ ਦਾਸਾਂ (ਜਮ ਦੂਤਾਂ) ਨੇ। ਕਾਲਿ-ਕਾਲ ਨੇ। ਪਰਾਤਾ ਹੇ-ਪਛਾਣ ਲਿਆ ਹੈ।੯। ਜਮ ਦਰਿ-ਜਮਾਂ ਦੇ ਦਰ ਤੇ। ਮਿਲਹਿ-ਮਿਲਦੀਆਂ ਹਨ। ਤਿਸੁ ਅਪਰਾਧੀ-ਉਸ ਪਾਪੀ ਦੀ। ਗਤਿ-ਮੁਕਤੀ; (ਬੁਰੀ) ਹਾਲਤ। ਕਾਈ-ਕੋਈ। ਕਰਣ ਪਲਾਵ-ਮਿੰਨਤਾਂ ਤਰਲੇ। ਬਿਲਲਾਵੈ-ਰੋਂਦਾ ਹੈ। ਮੀਨੁ-ਮੱਛੀ। ਪਰਾਤਾ ਹੇ-ਪੈ (ਫਸ; ਪਰੋਈ) ਜਾਂਦੀ ਹੈ।੧੦। ਸਾਕਤ-ਰੱਬ ਤੋਂ ਟੁੱਟਿਆ ਮਨੁੱਖ। ਫਾਸੀ ਪੜੈ-ਫਾਹੀ ਵਿਚ ਪੈਂਦਾ ਹੈ। ਵਸਿ ਕੀਆ-ਵਸ ਵਿਚ ਕੀਤਾ ਹੋਇਆ। ਅੰਧੁ-ਅਗਿਆਨੀ ਮਨੁੱਖ। ਦੁਹੇਲਾ-ਦੁਖੀ। ਆਜੁ ਕਾਲਿ-ਅੱਜ ਕਲ੍ਹ ਕਰਦਿਆਂ। ਪਚਿ ਜਾਤਾ ਹੇ-ਸੜ (ਤਬਾਹ ਹੋ) ਜਾਂਦਾ ਹੈ।੧੧। ਬਾਝੁ-ਬਿਨਾ। ਬੇਲੀ-ਸਹਾਇਕ; ਮਿਤ੍ਰ। ਐਥੈ-ਇੱਥੇ (ਇਸ ਲੋਕ ਵਿਚ)। ਓਥੈ-ਉਥੇ (ਪ੍ਰਲੋਕ ਵਿਚ)। ਸੋਈ-ਉਹ ਹੀ। ਕਰਿ-ਕਰਕੇ। ਸਲਲੈ ਸਲਲ-ਪਾਣੀ ਵਿਚ ਪਾਣੀ। ਮਿਲਾਤਾ ਹੇ-ਮਿਲਦਾ ਹੈ (ਇਕ ਰੂਪ ਹੋ ਜਾਂਦਾ ਹੈ)।੧੨।

ਅੰਗ ੧੦੩੨ = ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥ ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ, ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥ ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥ ਸਤਿਗੁਰੁ ਅਲਖੁ ਕਹਹੁ ਕਿਉ ਲਖੀਐ, ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥ ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥ ਅਹਿਨਿਸਿ ਨਿਰਮਲ ਜੋਤਿ ਸਬਾਈ, ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥ ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥ ਦਰਸਨੁ ਦੇਖਿ ਮਿਲੇ ਬੈਰਾਗੀ, ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥ ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥ ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ, ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥ (ਹੇ ਭਾਈ!) ਭੁੱਲੇ ਹੋਏ ਸਿੱਖਾਂ ਨੂੰ ਗੁਰੂ (ਸਿੱਖਿਆ ਦੇ ਕੇ) ਸਮਝਾਉਂਦਾ ਹੈ। ਉਜਾੜ ਵਿਚ ਜਾਂਦੇ ਮਨੁੱਖ ਨੂੰ (ਗੁਰੂ ਸਹੀ) ਰਸਤੇ ਪਾਉਂਦਾ ਹੈ। ਉਸ ਗੁਰੂ ਦੀ ਦਿਨ ਰਾਤ ਸਦਾ ਸੇਵਾ ਕਰਿਆ ਕਰ, ਜੋ ਦੁੱਖਾਂ ਦੇ ਨਾਸ਼ ਕਰਨ ਵਾਲਾ ਸੰਗੀ ਅਤੇ ਸਹਾਈ ਹੈ।੧੩। (ਹੇ ਭਾਈ!) ਸਧਾਰਣ ਪ੍ਰਾਣੀ ਗੁਰੂ ਦੀ ਭਗਤੀ ਕੀ ਕਰ ਸਕਦੇ ਹਨ? (ਜਦੋਂ ਕਿ) ਬ੍ਰਹਮਾ, ਇੰਦ੍ਰ ਤੇ ਸ਼ਿਵ ਜੀ ਨੇ ਵੀ (ਗੁਰੂ ਭਗਤੀ ਦੀ) ਸਾਰ ਨਹੀਂ ਜਾਣੀ। ਸਤਿਗੁਰੂ ਅਲੱਖ ਪ੍ਰਭੂ ਦਾ ਰੂਪ ਹੈ, (ਫਿਰ) ਦੱਸੋ (ਗੁਰੂ ਨੂੰ) ਕਿਵੇਂ ਜਾਣਿਆ ਜਾਵੇ? ਜਿਸ ਮਨੁੱਖ ਉਤੇ ਗੁਰੂ ਬਖਸ਼ਿਸ਼ ਕਰ ਦੇਵੇ, ਉਸ ਨੇ ਹੀ (ਗੁਰੂ ਨੂੰ ਪ੍ਰਭੂ ਦਾ ਰੂਪ) ਪਛਾਣਿਆ ਹੈ।੧੪। (ਹੇ ਭਾਈ! ਜਿਸ ਮਨੁੱਖ ਦੇ) ਹਿਰਦੇ ਅੰਦਰ (ਗੁਰੂ ਦਾ) ਪ੍ਰੇਮ ਹੈ, (ਉਸ ਨੂੰ ਪ੍ਰਭੂ ਦਾ) ਦਰਸ਼ਨ ਪ੍ਰਾਪਤ ਹੁੰਦਾ ਹੈ। (ਜਿਸ ਮਨੁੱਖ ਨੂੰ) ਗੁਰੂ ਦੀ ਬਾਣੀ ਨਾਲ ਪ੍ਰੇਮ ਹੋਵੇ, ਉਹ ਗੁਰੂ ਦੀ ਛੋਹ ਪ੍ਰਾਪਤ ਕਰ ਲੈਂਦਾ ਹੈ। (ਉਸ ਨੇ) ਗੁਰੂ ਦੀ ਸ਼ਰਨ ਪੈ ਕੇ ਅਪਣੇ ਹਿਰਦੇ ਵਿਚ ਵੀ ਗਿਆਨ ਦਾ ਦੀਵਾ ਬਲਦਾ ਜਾਣ ਲਿਆ ਹੈ, (ਜਿਸ ਦੀ ਬਰਕਤ ਨਾਲ ਉਸ ਨੂੰ) ਦਿਨ ਰਾਤ (ਹਰ ਸਮੇਂ) ਸਾਰੀ ਦੁਨੀਆਂ ਵਿਚ ਪ੍ਰਭੂ ਦੀ ਪਵਿਤ੍ਰ ਜੋਤ ਪਸਰੀ ਹੋਈ ਦਿਸਦੀ ਹੈ।੧੫। (ਹੇ ਭਾਈ! ਗੁਰੂ ਪਾਸੋਂ ਮਿਲਿਆ ਪ੍ਰਭੂ ਦਾ) ਗਿਆਨ ਰੂਪ ਭੋਜਨ ਬਹੁਤ ਸੁਆਦਲਾ ਤੇ ਮਿੱਠਾ ਹੈ। ਜਿਸ ਮਨੁੱਖ ਨੇ (ਇਹ ਭੋਜਨ) ਚੱਖਿਆ ਹੈ, ਉਸ ਨੇ (ਪ੍ਰਭੂ ਦਾ) ਦਰਸ਼ਨ ਦੇਖਿਆ ਹੈ। (ਉਹ) ਬੈਰਾਗੀ ਪ੍ਰਭੂ ਦਾ ਦਰਸ਼ਨ ਦੇਖ ਕੇ ਪ੍ਰਭੂ ਨਾਲ ਮਿਲ ਗਏ ਹਨ ਅਤੇ (ਉਨ੍ਹਾਂ ਦਾ) ਮਨ ਅਪਣੀਆਂ ਖਾਹਿਸ਼ਾਂ ਨੂੰ ਮਾਰ ਕੇ (ਪ੍ਰਭੂ ਵਿਚ) ਲੀਨ ਹੋ ਗਿਆ ਹੈ।੧੬। (ਜਿਹੜੇ ਮਨੁੱਖ) ਸਤਿਗੁਰੂ ਦੀ ਸੇਵਾ ਕਰਦੇ ਹਨ, ਉਹ ਮੁਖੀ ਹਨ। (ਕਿਉਂਕਿ) ਉਨ੍ਹਾਂ ਨੇ ਹਰੇਕ ਜੀਵ ਦੇ ਅੰਦਰ ਪ੍ਰਭੂ ਨੂੰ ਪਛਾਣਿਆ ਹੈ। ਹੇ ਪ੍ਰਭੂ! ਨਾਨਕ ਨੂੰ ਉਨ੍ਹਾਂ ਪੁਰਖਾਂ ਦੀ ਸੰਗਤ ਅਤੇ ਹਰੀ ਜਸ ਕਰਨ ਦੀ ਦਾਤ ਬਖਸ਼ ਦੇਹ, ਜਿਨ੍ਹਾਂ ਨੇ ਸਤਿਗੁਰੂ ਨੂੰ ਹਰੀ ਦਾ ਰੂਪ ਜਾਣਿਆ ਹੈ।੧੭।੫।੧੧।

ਪਦਾਰਥ = ਭੂਲੇ ਸਿਖ-ਭੁੱਲੇ ਸਿੱਖਾਂ ਨੂੰ। ਉਝੜਿ ਜਾਦੇ-ਉਜਾੜ ਵਿਚ (ਜਾਂ ਕੁਰਾਹੇ) ਜਾਂਦੇ ਨੂੰ। ਮਾਰਗਿ-ਸਹੀ ਰਸਤੇ ਤੇ। ਪਾਏ-ਪਾਉਂਦਾ ਹੈ। ਸੰਗਿ-ਸੰਗੀ। ਸਖਾਤਾ-ਸਹਾਈ।੧੩। ਕਰਹਿ ਕਿਆ-ਕੀ ਕਰ ਸਕਦੇ ਹਨ? ਪ੍ਰਾਣੀ-ਮਨੁੱਖ। ਬ੍ਰਹਮੈ-ਬ੍ਰਹਮਾ ਨੇ। ਇੰਦ੍ਰਿ-ਇੰਦ੍ਰ ਨੇ। ਮਹੇਸਿ-ਸ਼ਿਵ ਜੀ ਨੇ। ਅਲਖੁ-(ਅਲੱਖ ਪੜ੍ਹੋ) ਅਦ੍ਰਿਸ਼ਟ; ਜੋ ਪੂਰੀ ਤਰ੍ਹਾਂ ਜਾਣਿਆ ਨਾ ਜਾ ਸਕੇ। ਕਹਹੁ-ਦੱਸੋ। ਕਿਉ ਲਖੀਐ-ਕਿਵੇਂ ਜਾਣਿਆ ਜਾਵੇ। ਬਖਸੇ-ਬਖਸ਼ਿਸ਼ ਕਰ ਦੇਵੇ। ਤਿਸਹਿ-ਉਸ ਨੇ ਹੀ। ਪਛਾਤਾ ਹੇ-ਪਛਾਣਿਆ ਹੈ।੧੪। ਅੰਤਰਿ-ਹਿਰਦੇ ਅੰਦਰ। ਸਿਉ-ਨਾਲ। ਪਰਸਨੁ-ਛੋਹ; ਮੇਲ। ਅਹਿ-ਦਿਨ। ਨਿਸਿ-ਰਾਤ। ਸਬਾਈ-ਸਾਰੀ ਦੁਨੀਆਂ ਵਿਚ। ਘਟਿ-ਹਿਰਦੇ ਵਿਚ। ਦੀਪਕੁ-ਦੀਵਾ। ਗੁਰਮੁਖਿ-ਗੁਰੂ ਦੀ ਸ਼ਰਨ ਪੈ ਕੇ। ਜਾਤਾ-ਜਾਣਿਆ ਹੈ।੧੫। ਮਹਾ ਰਸੁ-ਬਹੁਤ ਸੁਆਦਲਾ। ਜਿਨਿ-ਜਿਸ ਨੇ। ਚਾਖਿਆ-ਖਾਧਾ ਹੈ। ਤਿਨਿ-ਉਸ ਨੇ। ਡੀਠਾ-ਦੇਖਿਆ ਹੈ। ਦੇਖਿ-ਦੇਖ ਕੇ। ਬੈਰਾਗੀ-ਵਿਰੱਕਤ ਮਨੁੱਖ। ਮਨਸਾ-ਇਛਾਵਾਂ। ਸਮਾਤਾ

-ਲੀਨ ਹੋ ਗਿਆ।੧੬।ਸੇਵਹਿ-ਸੇਵਾ ਕਰਦੇ ਹਨ।ਸੇ-ਉਹ (ਮਨੁੱਖ)।ਪਰਧਾਨਾ-ਮੁਖੀ।ਤਿਨ-ਉਨ੍ਹਾਂ ਨੇ।ਘਟਿ ਘਟਿ ਅੰਤਰਿ-ਹਰੇਕ ਜੀਵ ਦੇ ਹਿਰਦੇ ਅੰਦਰ।ਹਰਿ ਜਨ ਕੀ-ਹਰੀ ਦੇ ਸੇਵਕਾਂ ਦੀ।ਜਾਤਾ ਹੇ-ਜਾਣਿਆ ਹੈ।੧੭।੫।੧੧।

ਮਾਰੂ ਮਹਲਾ ੧ ॥ ਸਾਚੇ ਸਾਹਿਬ ਸਿਰਜਣਹਾਰੇ ॥ ਜਿਨਿ ਧਰ ਚਕ੍ਰ ਧਰੇ ਵੀਚਾਰੇ ॥ ਆਪੇ ਕਰਤਾ ਕਰਿ ਕਰਿ ਵੇਖੈ, ਸਾਚਾ ਵੇਪਰਵਾਹਾ ਹੇ ॥੧॥ ਵੇਕੀ ਵੇਕੀ ਜੰਤ ਉਪਾਏ ॥ ਦੁਇ ਪੰਦੀ ਦੁਇ ਰਾਹ ਚਲਾਏ ॥ ਗੁਰ ਪੂਰੇ ਵਿਣੁ ਮੁਕਤਿ ਨ ਹੋਈ, ਸਚੁ ਨਾਮੁ ਜਪਿ ਲਾਹਾ ਹੇ ॥੨॥ ਪੜਹਿ ਮਨਮੁਖ, ਪਰੁ ਬਿਧਿ ਨਹੀ ਜਾਨਾ ॥ ਨਾਮੁ ਨ ਬੂਝਹਿ ਭਰਮਿ ਭੁਲਾਨਾ ॥ ਲੈ ਕੈ ਵਢੀ ਦੇਨਿ ਉਗਾਹੀ, ਦੁਰਮਤਿ ਕਾ ਗਲਿ ਫਾਹਾ ਹੇ ॥੩॥ ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥ ਵਾਦੁ ਵਖਾਣਹਿ ਤਤੁ ਨ ਜਾਣਾ ॥ ਵਿਣੁ ਗੁਰ ਪੂਰੇ ਤਤੁ ਨ ਪਾਈਐ, ਸਚ ਸੂਚੇ ਸਚੁ ਰਾਹਾ ਹੇ ॥੪॥ ਸਭ ਸਾਲਾਹੇ ਸੁਣਿ ਸੁਣਿ ਆਖੈ ॥ ਆਪੇ ਦਾਨਾ ਸਚੁ ਪਰਾਖੈ ॥ ਜਿਨ ਕਉ ਨਦਰਿ ਕਰੇ ਪ੍ਰਭੁ ਅਪਨੀ, ਗੁਰਮੁਖਿ ਸਬਦੁ ਸਲਾਹਾ ਹੇ ॥੫॥ ਸੁਣਿ ਸੁਣਿ ਆਖੈ ਕੇਤੀ ਬਾਣੀ ॥ ਸੁਣਿ ਕਹੀਐ ਕੋ ਅੰਤੁ ਨ ਜਾਣੀ ॥ ਜਾ ਕਉ ਅਲਖ ਲਖਾਏ ਆਪੇ, ਅਕਥ ਕਥਾ ਬੁਧਿ ਤਾਹਾ ਹੇ ॥੬॥(ਹੇ ਭਾਈ!) ਸਿਰਜਨਹਾਰ ਮਾਲਕ ਪ੍ਰਭੂ ਸੱਚਾ ਹੈ।ਜਿਸ ਨੇ ਧਰਤੀਆਂ ਦੇ ਚੱਕਰ ਵਿਚਾਰ ਕੇ ਧਰੇ (ਆਸਰਾ ਦੇ ਕੇ ਟਿਕਾਏ) ਹੋਏ ਹਨ।ਕਰਤਾਰ ਆਪ ਹੀ ਜਗਤ ਨੂੰ ਪੈਦਾ ਕਰ ਕਰਕੇ ਦੇਖਦਾ (ਸੰਭਾਲਦਾ) ਹੈ, (ਉਹ) ਸੱਚਾ ਤੇ ਵੇਪ੍ਰਵਾਹ ਹੈ (ਇਤਨਾ ਵੱਡਾ ਸੰਸਾਰ ਰਚ ਕੇ ਉਹ ਬੇਫਿਕਰ ਹੈ)।੧।(ਪ੍ਰਭੂ ਨੇ) ਵੱਖ ਵੱਖ ਤਰ੍ਹਾਂ ਦੇ ਜੀਵ ਪੈਦਾ ਕੀਤੇ ਹਨ।(ਉਸ ਨੇ) ਗੁਰਮੁਖ ਤੇ ਮਨਮੁਖ ਦੋ ਤਰ੍ਹਾਂ ਦੀ ਸਿੱਖਿਆ ਵਾਲੇ (ਚੰਗੇ ਤੇ ਮੰਦੇ) ਦੋ ਰਾਹ ਚਲਾਏ ਹਨ। (ਪਰ) ਪੂਰੇ ਗੁਰੇ ਤੋਂ ਬਿਨਾ ਮੁਕਤੀ ਪ੍ਰਾਪਤ ਨਹੀਂ ਹੁੰਦੀ, ਪ੍ਰਭੂ ਦਾ ਨਾਮ ਜਪ ਕੇ ਆਤਮਕ ਲਾਭ ਹੁੰਦਾ ਹੈ।੨।ਮਨਮੁਖ ਬੰਦੇ ਧਰਮ ਗ੍ਰੰਥ ਪੜ੍ਹਦੇ ਹਨ, (ਪਰ ਉਨ੍ਹਾਂ ਨੇ) ਜੀਵਨ ਜੁਗਤੀ ਨੂੰ ਨਹੀਂ ਜਾਣਿਆ।(ਉਹ) ਭਰਮ ਵਿਚ ਭੁੱਲੇ ਹੋਏ ਪ੍ਰਭੂ ਦੇ ਨਾਮ ਨੂੰ ਨਹੀਂ ਸਮਝਦੇ।(ਜੋ ਮਨੁੱਖ) ਵੱਢੀ ਲੈ ਕੇ ਝੂਠੀ ਗਵਾਹੀ ਦੇਂਦੇ ਹਨ, ਭੈੜੀ ਮੱਤ ਦਾ ਫਾਹਾ (ਉਨ੍ਹਾਂ ਦੇ) ਗਲ ਵਿਚ ਫਾਹਾ ਪਿਆ ਰਹਿੰਦਾ ਹੈ (ਭੈੜੀ ਮੱਤ ਵਿਚ ਪਏ ਰਹਿੰਦੇ ਹਨ)।੩।(ਪੰਡਤ ਲੋਕ) ਸਿਮ੍ਰਤੀਆਂ, ਸ਼ਾਸਤ੍ਰ ਅਤੇ ਪੁਰਾਣ ਪੜ੍ਹਦੇ ਹਨ।(ਉਹ ਗ੍ਰੰਥ ਪੜ੍ਹ ਕੇ) ਬਹਿਸ ਬਿਆਨ ਕਰਦੇ ਹਨ, (ਪਰ ਉਨ੍ਹਾਂ ਨੇ) ਅਸਲੀਅਤ ਨੂੰ ਨਹੀਂ ਜਾਣਿਆ।(ਹੇ ਭਾਈ!) ਪੂਰੇ ਗੁਰੂ ਤੋਂ ਬਿਨਾ ਅਸਲੀਅਤ ਨੂੰ ਨਹੀਂ ਪਾਇਆ ਜਾ ਸਕਦਾ, ਸੱਚੇ ਪ੍ਰਭੂ ਦਾ ਨਾਮ ਜਪਣ ਵਾਲੇ ਸੁੱਚੇ ਪੁਰਖਾਂ ਨੇ ਸਚ ਨੂੰ ਅਪਣਾ ਰਸਤਾ ਬਣਾਇਆ ਹੈ।੪।ਸਾਰਾ ਸੰਸਾਰ ਦੂਜਿਆਂ ਕੋਲੋਂ ਕੰਨਾਂ ਨਾਲ ਸੁਣ ਸੁਣ ਕੇ (ਪ੍ਰਭੂ ਦੀ ਵਡਿਆਈ) ਆਖਦਾ ਹੈ ਅਤੇ (ਪ੍ਰਭੂ ਨੂੰ) ਸਲਾਹੁੰਦਾ ਹੈ।ਪ੍ਰਭੂ ਆਪ (ਸਭ ਦੇ ਦਿਲਾਂ ਦੀਆਂ) ਜਾਨਣ ਵਾਲਾ ਹੈ ਅਤੇ (ਸਭ ਦੇ ਅੰਦਰਲੇ) ਸੱਚ ਨੂੰ ਪਰਖਦਾ ਹੈ।ਜਿਨ੍ਹਾਂ ਪੁਰਖਾਂ ਉਤੇ ਪ੍ਰਭੂ ਅਪਣੀ ਮੇਹਰ ਦੀ ਨਜਰ ਕਰਦਾ ਹੈ, ਉਹ ਗੁਰੂ ਦੁਆਰਾ ਪ੍ਰਭੂ ਨੂੰ ਸਲਾਹੁੰਦੇ ਹਨ।੫।ਕਿਤਨੀ ਹੀ ਦੁਨੀਆਂ ਸੁਣ ਸੁਣ ਕੇ ਗੁਰੂ ਦੀ ਬਾਣੀ ਆਖਦੀ ਹੈ।ਸੁਣ ਕੇ (ਪ੍ਰਭੂ ਦੇ ਗੁਣ) ਕਹਿ ਲਈਦੇ ਹਨ, (ਪਰ ਉਸ ਦਾ) ਕੋਈ ਮਨੁੱਖ ਅੰਤ ਨਹੀਂ ਜਾਣਦਾ।ਜਿਸ ਮਨੁੱਖ ਨੂੰ ਪ੍ਰਭੂ ਆਪ ਅਪਣਾ ਸਰੂਪ ਜਣਾ ਦੇਵੇ, ਉਸ ਦੀ ਬੁੱਧੀ ਅਕੱਥ ਪ੍ਰਭੂ ਦੀ ਕਥਾ ਨੂੰ ਕਥਨ ਕਰਦੀ ਹੈ।੬।

ਪਦਾਰਥ = ਸਾਹਿਬ-ਮਾਲਕ ਪ੍ਰਭੂ।ਸਿਰਜਣਹਾਰੇ-ਜਗਤ ਨੂੰ ਪੈਦਾ ਕਰਨ ਵਾਲਾ।ਜਿਨਿ-ਜਿਸ ਨੇ।ਧਰ ਚਕ੍ਰ-ਧਰਤੀਆਂ ਦੇ ਚੱਕਰ (ਗੋਲਾਕਾਰ ਧਰਤੀਆਂ)।ਧਰੇ-ਟਿਕਾਏ ਹਨ।ਵੀਚਾਰੇ-ਵਿਚਾਰ ਕੇ।ਕਰਤਾ-ਕਰਤਾਰ।ਵੇਖੈ-ਸੰਭਾਲਦਾ ਹੈ।ਕਰਿ ਕਰਿ-ਪੈਦਾ ਕਰ ਕਰਕੇ।੧।ਵੇਕੀ ਵੇਕੀ-ਵੱਖ ਵੱਖ ਤਰ੍ਹਾਂ ਦੇ।ਜੰਤ-ਜੀਵ।ਉਪਾਏ-ਪੈਦਾ ਕੀਤੇ।ਦੁਇ ਪੰਦੀ-ਦੋ ਤਰ੍ਹਾਂ ਦੀ ਸਿੱਖਿਆ ਵਾਲੇ; ਦ੍ਵੈਤ ਤੇ ਅਦ੍ਵੈਤ; ਚੰਗੇ ਤੇ ਮੰਦੇ; ਨਿਰਗੁਣ ਤੇ ਸਰਗੁਣ ਦੀ ਪੂਜਾ ਵਾਲੇ; ਈਸ਼ਵਰ ਵਾਦੀ ਤੇ ਨਾਸਤਕ; ਪਾਪੀ ਤੇ ਪੁੰਨੀ।ਰਾਹ-ਰਸਤੇ।ਜਪਿ-ਜਪ ਕੇ।ਲਾਹਾ-ਲਾਭ।੨।ਮਨਮੁਖ-ਮਨ ਮਰਜੀ ਅਨੁਸਾਰ ਚਲਣ ਵਾਲੇ ਮਨੁੱਖ।ਪਰੁ-ਪ੍ਰੰਤੂ।ਬਿਧਿ-ਜੀਵਨ ਜੁਗਤੀ।ਭਰਮਿ ਭੁਲਾਨਾ-ਭਰਮ ਵਿਚ ਭੁੱਲੇ ਹੋਏ ਹਨ।ਵਢੀ-ਰਿਸ਼ਵਤ।ਦੇਨਿ-ਦੇਂਦੇ ਹਨ।ਉਗਾਹੀ-ਗਵਾਹੀ।ਦੁਰਮਤਿ-ਖੋਟੀ ਅਕਲ।ਗਲਿ-ਗਲ ਵਿਚ।੩।ਸਿਮ੍ਰਿਤਿ-ਸਤਾਈ ਸਿਮ੍ਰਤੀਆਂ।ਪੁਰਾਣਾ-ਅਠਾਰਾਂ ਪੁਰਾਣ।ਵਾਦੁ-ਬਹਿਸ।ਵਖਾਣਹਿ-ਬਿਆਨ ਕਰਦੇ ਹਨ।ਤਤੁ-ਤੱਤ ਸਰੂਪ ਪ੍ਰਭੂ ਨੂੰ; ਅਸਲੀਅਤ ਨੂੰ।ਸਚ-ਸੱਚੇ ਪ੍ਰਭੂ ਦਾ।ਸੂਚੇ-ਸੁੱਚੇ (ਪਵਿਤ੍ਰ)।ਰਾਹਾ-ਰਸਤਾ।੪।ਸਭ-ਸਾਰਾ ਸੰਸਾਰ।ਸਾਲਾਹੇ-ਸਲਾਹੁੰਦਾ ਹੈ।ਸੁਣਿ-ਸੁਣ ਕੇ।ਆਖੈ-ਆਖਦਾ ਹੈ।ਦਾਨਾ-ਜਾਨਣ ਵਾਲਾ।ਪਰਾਖੈ-ਪਰਖਦਾ ਹੈ।ਜਿਨ ਕਉ-ਜਿਨ੍ਹਾਂ ਉਤੇ।ਨਦਰਿ-ਮੇਹਰ ਦੀ ਨਜਰ।ਸਬਦੁ-ਪ੍ਰਭੂ ਨੂੰ।ਸਲਾਹਾ ਹੇ-ਸਲਾਹੁੰਦੇ ਹਨ।੫।ਕੇਤੀ-ਕਿਤਨੀ ਹੀ (ਬਹੁਤ)।ਕਹੀਐ-ਕਹਿ ਲਈਦੇ ਹਨ।ਕੋ-ਕੋਈ।ਜਾ ਕਉ-ਜਿਸ ਨੂੰ।ਅਲਖੁ-ਅਦ੍ਰਿਸ਼ਟ ਪ੍ਰਭੂ।ਲਖਾਏ-ਜਾਣਕਾਰੀ ਕਰਾ ਦੇਵੇ।ਅਕਥੁ-ਜਿਸ ਨੂੰ ਪੂਰੀ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ।ਤਾਹਾ-ਉਸ ਦੀ।੬।

ਜਨਮੇ ਕਉ ਵਾਜਹਿ ਵਾਧਾਏ ॥ ਸੋਹਿਲੜੇ ਅਗਿਆਨੀ ਗਾਏ ॥ ਜੋ ਜਨਮੈ ਤਿਸੁ ਸਰਪਰ ਮਰਣਾ, ਕਿਰਤੁ ਪਇਆ ਸਿਰਿ ਸਾਹਾ ਹੇ ॥੭॥ ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ॥ ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ॥ ਦੁਖ ਸੁਖ ਹੀ ਤੇ ਭਏ ਨਿਰਾਲੇ, ਗੁਰਮੁਖਿ ਸੀਲੁ ਸਨਾਹਾ ਹੇ ॥੮॥ ਨੀਕੇ ਸਾਚੇ ਕੇ ਵਾਪਾਰੀ ॥ ਸਚੁ ਸਉਦਾ ਲੈ ਗੁਰ ਵੀਚਾਰੀ ॥ ਸਚਾ ਵਖਰੁ ਜਿਸੁ ਧਨੁ ਪਲੈ, ਸਬਦਿ ਸਚੈ ਓਮਾਹਾ ਹੇ ॥੯॥ ਕਾਚੀ ਸਉਦੀ ਤੋਟਾ ਆਵੈ ॥ ਗੁਰਮੁਖਿ ਵਣਜੁ ਕਰੇ ਪ੍ਰਭ ਭਾਵੈ ॥ ਪੂੰਜੀ ਸਾਬਤੁ ਰਾਸਿ ਸਲਾਮਤਿ, ਚੂਕਾ ਜਮ ਕਾ ਫਾਹਾ

ਹੇ ॥੧੦॥ (ਕਿਸੇ ਦੇ ਘਰ ਵਿਚ) ਬੱਚੇ ਦੇ ਜਨਮ ਤੇ ਵਾਜੇ ਵੱਜਦੇ ਹਨ ਅਤੇ ਵਧਾਈਆਂ ਮਿਲਦੀਆਂ ਹਨ। (ਇਸ ਸਮੇਂ) ਅਗਿਆਨੀ ਲੋਕ ਖੁਸ਼ੀਆਂ ਦੇ ਗੀਤ ਗਾਉਂਦੇ ਹਨ। (ਪਰ) ਜੋ ਜੀਵ ਜਨਮਦਾ ਹੈ, ਉਸ ਨੇ ਮਰਨਾ ਜਰੂਰ ਹੈ, ਪਿਛਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ (ਹਰੇਕ ਜੀਵ ਦੇ) ਮੱਥੇ ਉਤੇ ਨੀਯਤ ਕੀਤਾ (ਮੌਤ ਦਾ) ਦਿਨ ਲਿਖਿਆ ਪਿਆ ਹੈ।੭। (ਹੇ ਭਾਈ! ਜਨਮ ਲੈ ਕੇ ਪ੍ਰਵਾਰ ਦਾ) ਮਿਲਾਪ ਤੇ (ਮਰ ਕੇ ਪ੍ਰਵਾਰ ਤੋਂ) ਵਿਛੋੜਾ ਮੇਰੇ ਪ੍ਰਭੂ ਨੇ ਪੈਦਾ ਕੀਤੇ ਹਨ। ਸ੍ਰਿਸਟੀ ਪੈਦਾ ਕਰਕੇ (ਜੀਵਾਂ ਨੂੰ) ਦੁਖ ਤੇ ਸੁਖ ਵੀ ਪ੍ਰਭੂ ਨੇ ਹੀ ਦਿਤੇ ਹਨ। (ਜਿਹੜੇ ਮਨੁੱਖ) ਗੁਰੂ ਦੀ ਸਰਣ ਪੈ ਕੇ ਸ਼ਾਂਤ ਸੁਭਾਵ ਦੀ ਸੰਜੋਅ ਪਹਿਨਦੇ ਹਨ, ਉਹ ਦੁਖ ਤੇ ਸੁਖ ਤੋਂ ਨਿਰਲੇਪ ਹੋਏ ਹਨ।੮। (ਜਿਹੜੇ ਮਨੁੱਖ) ਸੱਚੇ ਨਾਮ ਦੇ ਵਪਾਰੀ ਹਨ, (ਉਹ) ਚੰਗੇ ਜੀਵਨ ਵਾਲੇ ਹੁੰਦੇ ਹਨ। (ਉਹ) ਗੁਰੂ ਦੀ ਵਿਚਾਰ ਵਾਲੇ ਬਣ ਕੇ ਨਾਮ ਦਾ ਸੱਚਾ ਸੌਦਾ ਖ੍ਰੀਦ ਲੈਂਦੇ ਹਨ। ਜਿਸ ਮਨੁੱਖ ਦੇ ਹਿਰਦੇ ਰੂਪ ਪੱਲੇ ਵਿਚ ਸੱਚਾ ਸੌਦਾ ਹੈ, ਨਾਮ ਧਨ ਹੈ, (ਉਸ ਨੂੰ) ਸੱਚੇ ਸ਼ਬਦ ਦੁਆਰਾ ਆਤਮਕ ਉਤਸ਼ਾਹ ਪ੍ਰਾਪਤ ਹੁੰਦਾ ਹੈ।੯। (ਹੇ ਭਾਈ!) ਕੱਚਾ ਸੌਦਾ ਖ੍ਰੀਦਿਆਂ ਤੋਟਾ ਆਉਂਦਾ ਹੈ। ਗੁਰੂ ਅਨੁਸਾਰੀ ਮਨੁੱਖ (ਉਹ) ਵਪਾਰ ਕਰਦਾ ਹੈ, ਜੋ ਪ੍ਰਭੂ ਨੂੰ ਚੰਗਾ ਲਗਦਾ ਹੈ। (ਉਸ ਦੀ) ਸੁਆਸਾਂ ਰੂਪ ਪੂੰਜੀ ਸਾਬਤ ਹੈ ਅਤੇ ਸ਼ਰਧਾ ਰੂਪ ਰਾਸ਼ੀ ਵੀ ਸਲਾਮਤ ਹੈ, (ਉਸ ਦੇ ਗਲ ਵਿਚ ਪੈਣ ਵਾਲਾ) ਜਮਾਂ ਦਾ ਫਾਹਾ ਦੂਰ ਹੋ ਗਿਆ ਹੈ।੧੦।

ਅੰਗ ੧੦੩੩ = ਸਭੁ ਕੋ ਬੋਲੈ ਆਪਣ ਭਾਣੈ ॥ ਮਨਮੁਖ ਦੂਜੈ ਬੋਲਿ ਨ ਜਾਣੈ ॥ ਅੰਧੁਲੇ ਕੀ ਮਤਿ ਅੰਧਲੀ ਬੋਲੀ, ਆਇ ਗਇਆ ਦੁਖੁ ਤਾਹਾ ਹੇ ॥੧੧॥ (ਹੇ ਭਾਈ!) ਹਰੇਕ ਮਨੁੱਖ ਅਪਣੀ ਮਰਜੀ ਅਨੁਸਾਰ ਬੋਲਦਾ ਹੈ। ਮਨਮੁਖ ਬੰਦਾ ਦੂਜੇ ਭਾਵ ਦੇ ਵਸ ਵਿਚ ਹੋਣ ਕਰਕੇ (ਪ੍ਰਭੂ ਦੀ ਸਿਫਤ ਸਲਾਹ ਦੇ ਬੋਲ) ਬੋਲਣਾ ਨਹੀਂ ਜਾਣਦਾ। (ਉਸ) ਅੰਨ੍ਹੇ ਮਨੁੱਖ ਦੀ ਅਕਲ ਅੰਨ੍ਹੀ ਤੇ ਕੰਨਾਂ ਤੋਂ ਬੋਲੀ ਹੈ (ਬੇਸਮਝ ਬੰਦਾ ਅਕਲ ਦਾ ਅੰਨ੍ਹਾਂ ਹੈ); ਬੋਲੀ ਬੇ ਰਸੀ ਹੈ, ਉਸ ਨੂੰ ਜਨਮ ਮਰਨ ਦਾ ਦੁੱਖ ਲੱਗਾ ਰਹਿੰਦਾ ਹੈ।੧੧।

ਪਦਾਰਥ = ਜਨਮੇ ਕਉ–ਜਨਮ ਉਤੇ। ਵਾਜਹਿ–ਵਾਜੇ ਵਜਦੇ ਹਨ। ਵਾਧਾਏ–ਵਧਾਈਆਂ। ਸੋਹਿਲੜੇ–ਖੁਸ਼ੀ ਦੇ ਗੀਤ। ਗਾਏ–ਗਾਉਂਦੇ ਹਨ। ਸਰਪਰ–ਜਰੂਰ। ਕਿਰਤੁ–ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ। ਸਿਰਿ–ਮੱਥੇ ਉਤੇ। ਸਾਹਾ–ਨੀਯਤ ਕੀਤਾ ਦਿਨ।੭। ਸੰਜੋਗੁ–(ਪ੍ਰਵਾਰ ਦਾ) ਮਿਲਾਪ। ਵਿਜੋਗੁ–(ਪ੍ਰਵਾਰ ਤੋਂ) ਵਿਛੋੜਾ। ਪ੍ਰਭਿ–ਪ੍ਰਭੂ ਨੇ। ਕੀਏ–ਪੈਦਾ ਕੀਤੇ ਹਨ। ਉਪਾਇ–ਪੈਦਾ ਕਰਕੇ। ਦੀਏ–ਦਿਤੇ ਹਨ। ਤੇ–ਤੋਂ। ਭਏ–ਹੋਏ ਹਨ। ਨਿਰਾਲੇ–ਨਿਰਲੇਪ। ਗੁਰਮੁਖਿ–ਗੁਰੂ ਦੀ ਸ਼ਰਣ ਪੈ ਕੇ। ਸੀਲੁ–ਸ਼ਾਂਤ ਸੁਭਾਵ। ਸਨਾਹਾ–ਸੰਜੋਅ (ਲੋਹੇ ਦੀ ਜਾਲੀ ਦਾ ਚੋਲਾ, ਜੋ ਜੰਗ ਸਮੇਂ ਸ਼ਸ਼ਤ੍ਰਾਂ ਦੇ ਵਾਰ ਤੋਂ ਬਚਾਉਂਦਾ ਹੈ)।੮। ਨੀਕੇ–ਚੰਗੇ। ਵੀਚਾਰੀ–ਵਿਚਾਰ ਵਾਲੇ। ਵਖਰੁ–ਸੌਦਾ। ਪਲੈ–ਪੱਲੇ ਵਿਚ। ਸਬਦਿ–ਸ਼ਬਦ ਦੁਆਰਾ। ਓਮਾਹਾ–ਉਤਸ਼ਾਹ।੯। ਕਾਚੀ ਸਉਦੀ–ਕੱਚਾ ਸੌਦਾ ਖ੍ਰੀਦਿਆਂ। ਤੋਟਾ–ਘਾਟਾ। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਵਣਜੁ–ਵਪਾਰ। ਭਾਵੈ–ਚੰਗਾ ਲਗਦਾ ਹੈ। ਸਾਬਤੁ–ਪੂਰਾ; ਦੋਸ਼ ਰਹਿਤ। ਸਲਾਮਤਿ–ਨਾਸ਼ ਰਹਿਤ; ਕਾਇਮ। ਚੂਕਾ–ਦੂਰ ਹੋ ਗਿਆ।੧੦। ਸਭੁ ਕੋ–ਹਰੇਕ ਮਨੁੱਖ। ਆਪਣ ਭਾਣੈ–ਅਪਣੀ ਮਰਜੀ ਅਨੁਸਾਰ। ਮਨਮੁਖੁ–ਮਨ ਮਰਜੀ ਅਨੁਸਾਰ ਚੱਲਣ ਵਾਲਾ ਮਨੁੱਖ। ਦੂਜੈ–ਦੂਜੇ ਭਾਵ ਵਿਚ। ਅੰਧੁਲੇ ਕੀ–ਅੰਨ੍ਹੇ (ਅਗਿਆਨੀ) ਦੀ। ਮਤਿ ਅੰਧਲੀ–ਅੰਨ੍ਹੀ (ਬੇ ਸਮਝੀ ਵਾਲੀ) ਅਕਲ। ਬੋਲੀ–ਬਹਿਰੀ (ਜਿਸ ਨੂੰ ਸੁਣਦਾ ਨਹੀਂ)। ਆਇ ਗਇਆ–ਆਵਾ ਗੌਣ ਦੇ ਗੇੜ ਦਾ। ਤਾਹਾ–ਉਸ ਨੂੰ।੧੧।

ਦੁਖ ਮਹਿ ਜਨਮੈ ਦੁਖ ਮਹਿ ਮਰਣਾ ॥ ਦੂਖੁ ਨ ਮਿਟੈ ਬਿਨੁ ਗੁਰ ਕੀ ਸਰਣਾ ॥ ਦੂਖੀ ਉਪਜੈ ਦੂਖੀ ਬਿਨਸੈ, ਕਿਆ ਲੈ ਆਇਆ ਕਿਆ ਲੈ ਜਾਹਾ ਹੇ ॥੧੨॥ ਸਚੀ ਕਰਣੀ ਗੁਰ ਕੀ ਸਿਰਕਾਰਾ ॥ ਆਵਣੁ ਜਾਣੁ ਨਹੀ ਜਮ ਧਾਰਾ ॥ ਡਾਲ ਛੋਡਿ ਤਤੁ ਮੂਲੁ ਪਰਾਤਾ, ਮਨਿ ਸਾਚਾ ਓਮਾਹਾ ਹੇ ॥੧੩॥ ਹਰਿ ਕੇ ਲੋਗ ਨਹੀ ਜਮ ਮਾਰੈ ॥ ਨਾ ਦੁਖੁ ਦੇਖਹਿ ਪੰਥਿ ਕਰਾਰੈ ॥ ਰਾਮ ਨਾਮ ਘਟ ਅੰਤਰਿ ਪੂਜਾ ,ਅਵਰੁ ਨ ਦੂਜਾ ਕਾਹਾ ਹੇ ॥੧੪॥ ਓੜੁ ਨ ਕਥਨੈ ਸਿਫਤਿ ਸਜਾਈ ॥ ਜਿਉ ਤੁਧੁ ਭਾਵਹਿ ਰਹਹਿ ਰਜਾਈ ॥ ਦਰਗਹ ਪੈਧੇ ਜਾਨਿ ਸੁਹੇਲੇ, ਹੁਕਮਿ ਸਚੇ ਪਾਤਿਸਾਹਾ ਹੇ ॥੧੫॥ ਕਿਆ ਕਹੀਐ ਗੁਣ ਕਥਹਿ ਘਨੇਰੇ ॥ ਅੰਤੁ ਨ ਪਾਵਹਿ ਵਡੇ ਵਡੇਰੇ ॥ ਨਾਨਕ ਸਾਚੁ ਮਿਲੈ ਪਤਿ ਰਾਖਹੁ ,ਤੂ ਸਿਰਿ ਸਾਹਾ ਪਾਤਿਸਾਹਾ ਹੇ ॥੧੬॥੬॥੧੨॥ (ਮਨਮੁਖ ਬੰਦਾ) ਦੁਖਾਂ ਵਿਚ ਜੰਮਦਾ ਹੈ ਤੇ ਦੁਖਾਂ ਵਿਚ ਹੀ ਮਰਦਾ ਹੈ। ਗੁਰੂ ਦੀ ਸ਼ਰਣ ਵਿਚ ਪਏ ਤੋਂ ਬਿਨਾ (ਜੰਮਣ ਮਰਨ ਦਾ) ਦੁਖ ਮਿਟਦਾ ਨਹੀਂ। (ਮਨਮੁਖ) ਦੁਖ ਵਿਚ ਪੈਦਾ ਹੁੰਦਾ ਹੈ ਅਤੇ ਦੁਖ ਵਿਚ ਹੀ ਨਾਸ਼ ਹੋ ਜਾਂਦਾ ਹੈ, (ਉਹ ਦੁਨੀਆਂ ਵਿਚ) ਕੀ ਲੈ ਕੇ ਆਇਆ ਹੈ ਅਤੇ (ਇਥੋਂ) ਕੀ ਲੈ ਕੇ ਜਾਵੇਗਾ? (ਖਾਲੀ ਆਉਂਦਾ ਤੇ ਖਾਲੀ ਜਾਂਦਾ ਹੈ)।੧੨। ਜੋ ਗੁਰੂ ਦੀ ਰਈਅਤ ਹੈ (ਗੁਰੂ ਦੇ ਬਣ ਕੇ ਰਹਿੰਦੇ ਹਨ), ਉਨ੍ਹਾਂ ਦੀ ਕਰਣੀ ਸੱਚ ਵਾਲੀ ਹੈ। (ਉਨ੍ਹਾਂ ਦੇ) ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ, (ਉਨ੍ਹਾਂ ਉਤੇ) ਜਮ ਦੇ ਕਾਨੂੰਨ ਦੀ ਧਾਰਾ ਨਹੀਂ ਲਗਦੀ; ਜਮਾਂ ਦੀ ਧਾੜ ਉਨ੍ਹਾਂ ਉਤੇ ਨਹੀਂ ਚੜ੍ਹਦੀ (ਫ.ਸ.। ਕਿਉਂਕਿ ਉਹ ਗੁਰੂ ਦੀ ਰਈਅਤ ਹਨ, ਜਮ ਦੇ ਵਸ ਵਿਚ ਨਹੀਂ ਹਨ। ਉਨ੍ਹਾਂ ਗੁਰਮੁਖਾਂ ਨੇ) ਦੇਵਤਿਆਂ ਰੂਪ ਟਾਹਣੀਆਂ ਨੂੰ ਛਡ ਕੇ ਵਾਹਿਗੁਰੂ ਰੂਪ ਮੂਲ ਨੂੰ ਪਛਾਣਿਆ ਹੈ ਅਤੇ (ਉਨ੍ਹਾਂ ਦੇ) ਮਨ ਵਿਚ ਸਦਾ ਸੱਚਾ ਉਤਸ਼ਾਹ ਬਣਿਆ ਰਹਿੰਦਾ ਹੈ।੧੩। ਹਰੀ ਦੇ ਭਗਤ ਜਨਾਂ ਨੂੰ ਜਮ ਨਹੀਂ ਮਾਰਦਾ। (ਉਹ ਜਮਾਂ ਦੇ) ਸਖਤ ਸਜਾ ਦੇਣ ਵਾਲੇ ਰਸਤੇ ਦਾ ਦੁਖ ਵੀ ਨਹੀਂ ਦੇਖਦੇ। (ਉਨ੍ਹਾਂ ਦੇ) ਹਿਰਦੇ ਅੰਦਰ ਪ੍ਰਮਾਤਮਾ ਦਾ ਨਾਮ ਵਸਦਾ ਹੈ (ਉਸ ਦੀ ਹੀ) ਪੂਜਾ ਕਰਦੇ ਹਨ, (ਉਨ੍ਹਾਂ ਦੇ ਪੂਜਣ ਵਾਸਤੇ) ਹੋਰ ਦੂਜਾ ਕੋਈ ਨਹੀਂ ਹੈ।੧੪। ਹੇ ਪ੍ਰਭੂ! ਤੇਰੇ ਭਗਤ ਜਿਵੇਂ ਤੈਨੂੰ ਚੰਗੇ ਲਗਦੇ ਹਨ, (ਉਹ) ਤੇਰੀ ਰਜ਼ਾ ਵਿਚ ਰਹਿੰਦੇ ਹਨ। ਉਹ

ਤੇਰੀਆਂ ਸੋਹਣੀਆਂ ਸਿਫਤਾਂ ਕਥਨ ਕਰਦੇ ਹਨ, (ਉਨ੍ਹਾਂ ਸਿਫਤਾਂ ਦਾ) ਕੋਈ ਅੰਤ ਨਹੀਂ।(ਜੋ ਮਨੁੱਖ) ਸੱਚੇ ਪਾਤਸ਼ਾਹ ਦੇ ਹੁਕਮ ਵਿਚ ਜੀਵਨ ਜਿਉਂਦੇ ਹਨ, (ਉਹ ਰੱਬੀ) ਦਰਗਾਹ ਵਿਚ ਜਸ ਰੂਪ ਪੁਸ਼ਾਕ ਪਹਿਨ ਕੇ (ਸਤਿਕਾਰ ਸਹਿਤ) ਸੌਖੇ ਜਾਂਦੇ ਹਨ।੧੫।(ਹੇ ਪ੍ਰਭੂ!) ਤੇਰੇ ਗੁਣ ਅਨੇਕਾਂ ਲੋਕ ਕਥਨ ਕਰਦੇ ਹਨ, (ਉਨ੍ਹਾਂ ਗੁਣਾਂ ਬਾਰੇ) ਕੀ ਆਖਿਆ ਜਾ ਸਕਦਾ ਹੈ? (ਕਿਉਂਕਿ ਗੁਣ ਬੇਅੰਤ ਹਨ)।ਵੱਡੇ ਤੋਂ ਵੱਡੇ (ਦੇਵਤੇ ਵੀ ਤੇਰੇ ਗੁਣਾਂ ਦਾ) ਅੰਤ ਨਹੀਂ ਪਾ ਸਕਦੇ।(ਹੇ ਪ੍ਰਭੂ!) ਤੂੰ ਪਾਤਸ਼ਾਹਾਂ ਦੇ ਸਿਰ ਤੇ ਵੀ ਪਾਤਸ਼ਾਹ ਹੈਂ ,ਨਾਨਕ ਦੀ ਬੇਨਤੀ ਹੈ ਕਿ ਮੈਨੂੰ ਤੇਰਾ ਸੱਚਾ ਨਾਮ ਮਿਲ ਜਾਵੇ, (ਇਹ ਮੇਰੀ) ਇੱਜਤ ਰੱਖ ਲੈ।੧੬।੬।੧੨।

ਸਿਫਤਿ ਸਜਾਈ = ੧. ਸਜੀ ਹੋਈ ਸਿਫਤ, ਜਿਵੇਂ 'ਸਿਫਤਿ ਸੁਆਲਿਓ' (ਉਨ੍ਹਾਂ ਵੱਲੋਂ) ਸੋਹਣੇ ਹਰੀ ਜਸ ਦੇ ਕਥਨ ਦਾ ਓੜਕ ਨਹੀਂ (ਸ਼ਬਦਾਰਥ)।੨. (ਹੇ ਪ੍ਰਭੂ!) ਗੁਰਮੁਖ ਤੇਰੀਆਂ ਜੋ ਸਿਫਤਾਂ ਕਥਨ ਕਰਦੇ ਹਨ, ਉਨ੍ਹਾਂ ਸਿਫਤਾਂ ਦਾ ਅੰਤ ਨਹੀਂ, ਮਨਮੁਖਾਂ ਨੂੰ ਜੋ ਸਜਾਵਾਂ ਮਿਲਦੀਆਂ ਹਨ, ਉਨ੍ਹਾਂ ਦਾ ਵੀ ਕੋਈ ਅੰਤ ਨਹੀਂ (ਫ.ਕੋ.; ਸੰ.ਸ. ਤੇ ਨਿਰਣੈ ਨਾਲ ਮਿਲਦੇ ਅਰਥ)।

ਪਦਾਰਥ = ਦੁਖ ਮਹਿ–ਦੁਖਾਂ ਵਿਚ।ਦੂਖੀ–ਦੁਖਾਂ ਵਿਚ।ਉਪਜੈ–ਪੈਦਾ ਹੁੰਦਾ।ਬਿਨਸੈ–ਮਰ ਜਾਂਦਾ ਹੈ।ਜਾਹਾ ਹੇ–ਲੈ ਜਾਵੇਗਾ? ੧੨ ।ਕਰਣੀ–ਕੀਤਾ ਕਰਮ।ਸਿਰਕਾਰਾ–ਰਈਅਤ; ਸਰਕਾਰ।ਆਵਣੁ ਜਾਣੁ–ਜਨਮ ਮਰਨ ਦਾ ਗੇੜ।ਜਮ ਧਾਰਾ–ਜਮਾਂ ਦੇ ਕਾਨੂੰਨ ਦੀ ਧਾਰਾ (ਦਫਾ); ਜਮਦਾੜ੍ਹ–ਕਟਾਰ (ਜੋ ਜਮ ਦੀ ਦਾੜ੍ਹ ਵਰਗੀ ਹੈ); ਜਮਾਂ ਦੀ ਧਾੜ।ਡਾਲ–ਟਾਹਣੀਆਂ।ਤਤੁ–ਤੱਤ ਸਰੂਪ ਪ੍ਰਭੂ ਨੂੰ। ਪਰਾਤਾ–ਪਛਾਣਿਆ ਹੈ।ਮਨਿ–ਮਨ ਵਿਚ।ਓਮਾਹਾ ਹੇ–ਉਤਸ਼ਾਹ ਹੈ।੧੩।ਲੋਗ–ਭਗਤ ਜਨਾਂ ਨੂੰ।ਪੰਥਿ ਕਰਾਰੈ–ਸਖਤ ਸਜਾ ਦੇਣ ਵਾਲੇ ਰਸਤੇ ਦਾ।ਰਾਮ–ਪ੍ਰਮਾਤਮਾ।ਘਟ ਅੰਤਰਿ–ਹਿਰਦੇ ਅੰਦਰ।ਅਵਰੁ–ਹੋਰ।ਕਾਹਾ–ਕੋਈ।੧੪।ਓੜੁ–ਅੰਤ; ਹੱਦ।ਕਥਨੈ– ਕਥਨ ਕਰਦੇ ਹਨ।ਸਜਾਈ–ਸਜਾਵਾਂ; ਸਜੀ ਹੋਈ (ਸੋਹਣੀ)।ਭਾਵਹਿ–ਚੰਗਾ ਲਗਦਾ ਹੈ।ਰਹਹਿ ਰਜਾਈ–ਰਜ਼ਾ ਵਿਚ ਰਹਿੰਦੇ ਹਨ ।ਪੈਧੇ ਜਾਨਿ–ਪੁਸ਼ਾਕ ਪਹਿਨ ਕੇ ਜਾਂਦੇ ਹਨ (ਨੰਗੇ ਨਹੀਂ ਜਾਂਦੇ) {ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ੪੭੧}।ਸੁਹੇਲੇ– ਸੌਖੇ; ਸੁਖੀ।੧੫।ਕਿਆ ਕਹੀਐ–ਕੀ ਕਿਹਾ ਜਾ ਸਕਦਾ ਹੈ? ਕਥਹਿ–ਕਥਨ ਕਰਦੇ ਹਨ।ਘਨੇਰੇ–ਬੇਅੰਤ ਲੋਕ।ਪਤਿ–ਇੱਜਤ। ਸਿਰਿ ਸਾਹਾ–ਪਾਤਸ਼ਾਹਾਂ ਦੇ ਸਿਰ ਤੇ।੧੬।੬।੧੨।

ਮਾਰੂ ਮਹਲਾ ੧ ਦਖਣੀ ॥ ਕਾਇਆ ਨਗਰੁ ਨਗਰ ਗੜ ਅੰਦਰਿ ॥ ਸਾਚਾ ਵਾਸਾ ਪੁਰਿ ਗਗਨੰਦਰਿ ॥ ਅਸਥਿਰੁ ਥਾਨੁ ਸਦਾ ਨਿਰਮਾਇਲੁ ,ਆਪੇ ਆਪੁ ਉਪਾਇਦਾ ॥੧॥ ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥ ਬਜਰ ਕਪਾਟ ਜੜੇ ਜੜਿ ਜਾਣੈ, ਗੁਰ ਸਬਦੀ ਖੋਲਾਇਦਾ ॥੨॥ ਭੀਤਰਿ ਕੋਟ ਗੁਫਾ ਘਰ ਜਾਈ ॥ ਨਉ ਘਰ ਥਾਪੇ ਹੁਕਮਿ ਰਜਾਈ ॥ ਦਸਵੈ ਪੁਰਖੁ ਅਲੇਖੁ ਅਪਾਰੀ, ਆਪੇ ਅਲਖੁ ਲਖਾਇਦਾ ॥੩॥ ਪਉਣ ਪਾਣੀ ਅਗਨੀ ਇਕ ਵਾਸਾ ॥ ਆਪੇ ਕੀਤੋ ਖੇਲੁ ਤਮਾਸਾ ॥ ਬਲਦੀ ਜਲਿ ਨਿਵਰੈ ਕਿਰਪਾ ਤੇ, ਆਪੇ ਜਲਨਿਧਿ ਪਾਇਦਾ ॥੪॥ ਧਰਤਿ ਉਪਾਇ ਧਰੀ ਧਰਮਸਾਲਾ ॥ ਉਤਪਤਿ ਪਰਲਉ ਆਪਿ ਨਿਰਾਲਾ ॥ ਪਵਣੈ ਖੇਲੁ ਕੀਆ ਸਭ ਥਾਈ, ਕਲਾ ਖਿੰਚਿ ਢਾਹਾਇਦਾ ॥੫॥ ਭਾਰ ਅਠਾਰਹ ਮਾਲਣਿ ਤੇਰੀ ॥ ਚਉਰੁ ਢੁਲੈ ਪਵਣੈ ਲੈ ਫੇਰੀ ॥ ਚੰਦੁ ਸੂਰਜੁ ਦੁਇ ਦੀਪਕ ਰਾਖੇ, ਸਸਿ ਘਰਿ ਸੂਰੁ ਸਮਾਇਦਾ ॥੬॥ (ਹੇ ਭਾਈ!) ਨਗਰਾਂ ਵਿਚੋਂ ਸਰੀਰ ਇਕ ਨਗਰ ਹੈ, (ਇਸ) ਨਗਰ ਅੰਦਰ ਇਕ ਕਿਲ੍ਹਾ (ਅੰਤਹਕਰਣ) ਹੈ।ਇਸ ਨਗਰ ਵਿਚ ਹੀ ਦਸਮ ਦੁਆਰ ਵਿਚ ਸੱਚੇ ਪ੍ਰਭੂ ਦਾ ਵਾਸਾ ਹੈ। (ਇਹ ਦਸਮ ਦੁਆਰਾ) ਪ੍ਰਭੂ ਦਾ ਪੱਕਾ ਅਸਥਾਨ ਹੈ ਤੇ ਸਦਾ ਨਿਰਮਲ ਹੈ, ਉਹ ਆਪ ਹੀ ਅਪਣੇ ਤੋਂ (ਸਰੀਰ ਰੂਪ ਨਗਰਾਂ ਨੂੰ) ਪੈਦਾ ਕਰਦਾ ਹੈ।੧।(ਹੇ ਭਾਈ! ਸਰੀਰ ਰੂਪ) ਕਿਲ੍ਹੇ ਦੇ ਅੰਦਰ ਗੋਲਕਾਂ ਰੂਪ ਛੱਜੇ ਤੇ ਇੰਦ੍ਰੀਆਂ ਰੂਪ ਬਜਾਰ ਹਨ (ਜਿੱਥੇ ਨਾਮ ਦਾ ਵਪਾਰ ਹੁੰਦਾ ਹੈ।ਪ੍ਰਭੂ ਆਪ ਹੀ ਜਗਿਆਸੂ ਰੂਪ ਹੋ ਕੇ ਨਾਮ ਰੂਪ) ਵਸਤੂ ਲੈਂਦਾ (ਖ੍ਰੀਦਦਾ) ਹੈ ਤੇ (ਇਸ ਵਸਤੂ ਨੂੰ) ਸੰਭਾਲਦਾ ਹੈ।(ਇਸ ਕਿਲ੍ਹੇ ਨੂੰ ਮਾਇਆ ਦੇ ਮੋਹ ਦੇ) ਪੱਥਰ ਵਰਗੇ ਦਰਵਾਜੇ ਜੜੇ ਹੋਏ ਹਨ, (ਪ੍ਰਭੂ ਆਪ ਹੀ) ਦਰਵਾਜੇ ਬੰਦ ਕਰਨਾ ਜਾਣਦਾ ਹੈ ਅਤੇ ਆਪ ਹੀ ਗੁਰੂ ਦੇ ਸ਼ਬਦ ਦੁਆਰਾ ਦਰਵਾਜੇ ਖੁਲ੍ਹਵਾ ਦੇਂਦਾ ਹੈ।੨।ਸਰੀਰ ਰੂਪ ਕਿਲ੍ਹੇ ਅੰਦਰ ਦਸਮ ਦੁਆਰ ਰੂਪ ਗੁਫਾ ਹੈ ,ਜਿੱਥੇ ਪ੍ਰਭੂ ਨੇ ਰਹਾਇਸ਼ੀ ਘਰ ਦੀ ਜਗ੍ਹਾ ਬਣਾਈ ਹੈ।ਰਜ਼ਾ ਵਾਲੇ ਪ੍ਰਭੂ ਨੇ ਅਪਣੇ ਹੁਕਮ ਨਾਲ ਗੋਲਕਾਂ ਰੂਪ ਨੌਂ ਘਰ ਵੀ ਬਣਾਏ ਹਨ।ਲੇਖੇ ਰਹਿਤ ਤੇ ਪਾਰ ਰਹਿਤ ਸਰਬ ਵਿਆਪਕ ਪ੍ਰਭੂ ਦਸਮ ਦੁਆਰ ਵਿਚ ਵਸਦਾ ਹੈ, (ਉਹ ਜਿਸ ਮਨੁੱਖ ਉਤੇ ਦਿਆਲ ਹੁੰਦਾ ਹੈ, ਉਸ ਨੂੰ ਅਪਣਾ) ਅਲੱਖ ਸਰੂਪ ਆਪ ਹੀ ਜਣਾ ਦਿੰਦਾ ਹੈ।੩।(ਹੇ ਭਾਈ!) ਹਵਾ, ਪਾਣੀ ਤੇ ਅੱਗ ਆਦਿ ਤੱਤਾਂ ਦੇ ਬਣੇ ਸਰੀਰ ਵਿਚ ਇਕ ਪ੍ਰਭੂ ਦਾ ਵਾਸਾ ਹੈ।(ਉਸ ਨੇ ਇਹ) ਖੇਲ ਤਮਾਸ਼ਾ ਆਪ ਹੀ ਕੀਤਾ ਹੈ; (ਉਸ ਨੇ ਸਰੀਰ ਵਿਚ) ਹਵਾ, ਪਾਣੀ ਤੇ ਅੱਗ ਆਦਿ ਵਿਰੋਧੀ ਤੱਤਾਂ ਦਾ ਇਕ ਥਾਂ ਵਾਸਾ ਕਰਕੇ ਆਪ ਹੀ ਜਗਤ ਰਚਨਾ ਦਾ ਖੇਲ ਤਮਾਸ਼ਾ ਕੀਤਾ ਹੈ (ਸੰ.ਸ.; ਫ. ਸ.)। (ਜਿਹੜੀ) ਬਲਦੀ ਅੱਗ ਉਸ ਦੀ ਕਿਰਪਾ ਨਾਲ ਪਾਣੀ ਨਾਲ ਬੁਝ ਜਾਂਦੀ ਹੈ, (ਉਹੀ ਬੜਵਾ ਅਗਨੀ ਉਸ ਨੇ) ਆਪ ਹੀ ਸਮੁੰਦਰ ਵਿਚ ਪਾ ਰੱਖੀ ਹੈ (ਇਹ ਉਸ ਦੀ ਵਡਿਆਈ ਹੈ)।੪।(ਹੇ ਭਾਈ! ਪ੍ਰਭੂ ਨੇ) ਧਰਤੀ ਧਰਮ ਕਮਾਉਣ ਦੀ ਥਾਂ ਪੈਦਾ ਕਰ ਰੱਖੀ ਹੈ।(ਉਹ) ਜਗਤ ਦੀ ਉਤਪਤੀ ਤੇ ਨਾਸ਼ ਕਰਨ ਵਾਲਾ ਹੈ, (ਪਰ) ਆਪ ਨਿਰਲੇਪ ਰਹਿੰਦਾ ਹੈ।ਸਭ ਜਗ੍ਹਾ (ਜੀਵਾਂ ਵਿਚ) ਸੁਆਸਾਂ ਦੀ ਖੇਡ ਪੈਦਾ ਕੀਤੀ ਹੈ (ਸੁਆਸਾਂ ਦੇ ਆਸਰੇ ਜੀਵ ਜਿਉਂਦੇ ਹਨ), ਸੁਆਸਾਂ ਦੀ ਸ਼ਕਤੀ ਖਿੱਚ ਕੇ (ਉਹ ਇਸ ਖੇਡ ਨੂੰ) ਢਾਹ

ਦੇਂਦਾ ਹੈ।੫।(ਹੇ ਪ੍ਰਭੂ!) ਅਠਾਰਾਂ ਭਾਰ ਬਨਸਪਤੀ ਤੇਰੀ ਮਾਲਣ (ਤੈਨੂੰ ਫੁੱਲ ਚੜ੍ਹਾ ਰਹੀ) ਹੈ।ਹਵਾ ਜੋ ਫੇਰੀ ਲੈ (ਚੱਲ) ਰਹੀ ਹੈ (ਇਹ ਤੇਰੇ ਸਿਰ ਤੇ) ਚਉਰ ਝੁਲ ਰਿਹਾ ਹੈ।(ਜਗਤ ਵਿਚ ਚਾਨਣ ਕਰਨ ਵਾਸਤੇ ਤੈਂ) ਚੰਦ ਤੇ ਸੂਰਜ ਦੋ ਦੀਵੇ ਜਗਾ ਰੱਖੇ ਹਨ, ਚੰਦ ਦੇ ਘਰ ਵਿਚ ਸੂਰਜ ਸਮਾਇਆ ਹੋਇਆ ਹੈ (ਚੰਦ ਸੂਰਜ ਤੋਂ ਚਾਨਣ ਲੈਂਦਾ ਹੈ)।੬।

ਪਦਾਰਥ = ਦਖਣੀ–ਦਖਣੀ ਕਿਸਮ ਦੀ ਮਾਰੂ ਰਾਗਣੀ।ਕਾਇਆ–ਸਰੀਰ।ਨਗਰੁ–ਸ਼ਹਿਰ।ਗੜ–ਕਿਲ੍ਹਾ।ਸਾਚਾ–ਸੱਚਾ ਪ੍ਰਭੂ।ਪੁਰਿ –ਸ਼ਹਿਰ ਵਿਚ।ਗਗਨੰਦਰਿ–ਦਸਮ ਦੁਆਰ (ਦਿਮਾਗ) ਵਿਚ।ਅਸਥਿਰੁ–ਨਿਹਚੱਲ; ਪੱਕਾ।ਨਿਰਮਾਇਲੁ–ਨਿਰਮਲ (ਪਵਿਤ੍ਰ)। ਆਪੇ ਆਪੁ–ਅਪਣੇ ਤੋਂ ਆਪ ਹੀ।ਉਪਾਇਦਾ–ਪੈਦਾ ਕਰਦਾ ਹੈ।੧।ਅੰਦਰਿ ਕੋਟ–ਕਿਲ੍ਹੇ ਦੇ ਅੰਦਰ।ਛਜੇ–ਛੱਜੇ (ਛੱਤ ਦਾ ਬਾਹਰ ਨੂੰ ਵਧਿਆ ਹੋਇਆ ਹਿੱਸਾ)।ਹਟਨਾਲੇ–ਬਜਾਰ (ਨਾਲੋ ਨਾਲ ਜੁੜੀਆਂ ਦੁਕਾਨਾਂ)।ਲੇਵੈ–ਲੈਂਦਾ (ਖ੍ਰੀਦਦਾ) ਹੈ।ਸਮਾਲੇ–ਸੰਭਾਲਦਾ ਹੈ।ਬਜਰ ਕਪਾਟ–ਪੱਥਰ ਵਰਗੇ ਕਰੜੇ ਦਰਵਾਜੇ।ਜੜੇ–ਜੜੇ ਹੋਏ ਹਨ।ਜੜਿ ਜਾਣੈ–ਬੰਦ ਕਰਨ ਜਾਣਦਾ ਹੈ।ਗੁਰ ਸਬਦੀ–ਗੁਰੂ ਦੇ ਸ਼ਬਦ ਰਾਹੀਂ।੨।ਭੀਤਰਿ–ਅੰਦਰ।ਘਰ ਜਾਈ–ਘਰ ਦੀ ਜਗ੍ਹਾ।ਨਉ ਘਰ–ਨੌਂ ਗੋਲਕਾਂ (ਇੰਦ੍ਰੇ)।ਥਾਪੇ–ਬਣਾਏ।ਹੁਕਮਿ–ਹੁਕਮ ਨਾਲ।ਰਜਾਈ–ਰਜ਼ਾ ਦੇ ਮਾਲਕ ਪ੍ਰਭੂ ਨੇ।ਦਸਵੈ–ਦਸਵੇਂ ਘਰ (ਦਸਮ ਦੁਆਰ) ਵਿਚ।ਪੁਰਖੁ–ਸਰਬ ਵਿਆਪਕ ਪ੍ਰਭੂ।ਅਲੇਖੁ–ਲੇਖੇ ਰਹਿਤ ਪ੍ਰਭੂ।ਅਪਾਰੀ–ਪਾਰ ਰਹਿਤ (ਬੇਅੰਤ)।ਅਲਖੁ–ਅਦ੍ਰਿਸ਼ਟ ਪ੍ਰਭੂ।ਲਖਾਇਦਾ–ਜਾਣਕਾਰੀ ਕਰਾ ਦੇਂਦਾ ਹੈ।੩।ਇਕ ਵਾਸਾ–ਇਕ ਪ੍ਰਭੂ ਦਾ ਵਾਸਾ ਹੈ; ਇਕ ਥਾਂ ਵਾਸਾ ਹੈ।ਬਲਦੀ–ਬਲਦੀ ਅੱਗ।ਜਲਿ–ਪਾਣੀ ਨਾਲ।ਨਿਵਰੈ–ਦੂਰ ਹੋ (ਬੁਝ) ਜਾਂਦੀ ਹੈ।ਤੇ–ਨਾਲ।ਜਲ ਨਿਧਿ–ਸਮੁੰਦਰ ਵਿਚ।੪।ਉਪਾਇ ਧਰੀ–ਪੈਦਾ ਕਰ ਰੱਖੀ ਹੈ।ਧਰਮ ਸਾਲਾ–ਧਰਮ ਕਮਾਉਣ ਦੀ ਥਾਂ। ਉਤਪਤਿ–ਪੈਦਾ ਕਰਨ ਵਾਲਾ।ਪਰਲਉ–ਨਾਸ਼ ਕਰਨ ਵਾਲਾ।ਨਿਰਾਲਾ–ਨਿਰਲੇਪ।ਪਵਣੈ–ਸੁਆਸਾਂ ਦਾ।ਕਲਾ–ਸ਼ਕਤੀ।੫।ਭਾਰ ਅਠਾਰਹ–ਸਾਰੀ ਬਨਸਪਤੀ।ਢੁਲੈ–ਝੁਲ ਰਿਹਾ ਹੈ।ਪਵਣੈ–ਹਵਾ ਦਾ।ਲੈ ਫੇਰੀ–ਫੇਰੀ ਲੈਂਦੀ (ਚਲਦੀ) ਹੈ।ਸਸਿ ਘਰਿ–ਚੰਦ ਦੇ ਘਰ ਵਿਚ।ਸੂਰ ਸਮਾਇਦਾ–ਸੂਰਜ ਸਮਾਇਆ (ਚੰਦ ਸੂਰਜ ਤੋਂ ਚਾਨਣ ਲੈਂਦਾ ਹੈ)।੬।

ਪੰਖੀ ਪੰਚ ਉਡਰਿ ਨਹੀ ਧਾਵਹਿ ॥ ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ ॥ ਗੁਰਮੁਖਿ ਸਹਜਿ ਰਵੈ ਗੁਣ ਗਾਵੈ, ਹਰਿ ਰਸੁ ਚੋਗ ਚੁਗਾਇਦਾ ॥੭॥ ਝਿਲਮਿਲਿ ਝਿਲਕੈ ਚੰਦੁ ਨ ਤਾਰਾ ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ ॥ ਅਕਥੀ ਕਥਉ ਚਿਹਨੁ ਨਹੀ ਕੋਈ, ਪੂਰਿ ਰਹਿਆ ਮਨਿ ਭਾਇਦਾ ॥੮॥ ਪਸਰੀ ਕਿਰਣਿ ਜੋਤਿ ਉਜਿਆਲਾ ॥ ਕਰਿ ਕਰਿ ਦੇਖੈ ਆਪਿ ਦਇਆਲਾ ॥ ਅਨਹਦ ਰੁਣ ਝੁਣਕਾਰੁ ਸਦਾ ਧੁਨਿ, ਨਿਰਭਉ ਕੈ ਘਰਿ ਵਾਇਦਾ ॥੯॥(ਹੇ ਭਾਈ!) ਗੁਰੂ ਫਲ ਦੇਣ ਵਾਲਾ ਬ੍ਰਿਛ ਹੈ, (ਇਸ ਬ੍ਰਿਛ ਤੋਂ ਜਿਹੜੇ) ਗੁਰਮੁਖ ਨਾਮ ਰੂਪ ਅੰਮ੍ਰਿਤ ਫਲ ਪ੍ਰਾਪਤ ਕਰਦੇ ਹਨ, (ਉਨ੍ਹਾਂ ਦੇ) ਪੰਜ ਗਿਆਨ ਇੰਦ੍ਰੇ ਰੂਪ ਪੰਛੀ ਉਡ ਕੇ (ਵਿਸ਼ੇ ਵਿਕਾਰਾਂ ਵੱਲ) ਨਹੀਂ ਦੌੜਦੇ।ਗੁਰਮੁਖ ਮਨ ਦੇ ਪੂਰਨ ਟਿਕਾਉ ਨਾਲ ਪ੍ਰਭੂ ਦਾ ਨਾਮ ਸਿਮਰਦਾ ਹੈ, (ਉਸ ਦੇ) ਗੁਣ ਗਾਉਂਦਾ ਹੈ ਅਤੇ ਇੰਦ੍ਰੇ ਰੂਪ ਪੰਛੀਆਂ ਨੂੰ ਹਰੀ ਦਾ ਨਾਮ ਰਸ ਰੂਪ ਚੋਗ ਚੁਗਾਉਂਦਾ ਹੈ।੭।(ਨਾਮ ਸਿਮਰਨ ਦਾ ਸਦਕਾ) ਗੁਰਮੁਖਾਂ ਦੇ ਅੰਦਰ ਆਤਮ ਪ੍ਰਕਾਸ਼ ਦਾ ਚਮਕਾਰਾ ਲਿਸ਼ਕਦਾ ਹੈ, (ਉਹ ਚਾਨਣ) ਨਾ ਚੰਦ ਵਰਗਾ ਹੈ, ਨਾ ਤਾਰਿਆਂ ਵਰਗਾ ਹੈ।ਨਾ ਸੂਰਜ ਦੀਆਂ ਕਿਰਣਾਂ ਵਰਗਾ ਤੇ ਨਾ ਅਕਾਸ਼ ਦੀ ਬਿਜਲੀ ਵਰਗਾ ਹੈ (ਉਹ ਆਤਮਕ ਚਾਨਣ ਚੰਦ, ਤਾਰੇ, ਸੂਰਜ ਤੇ ਬਿਜਲੀ ਦੇ ਚਾਨਣ ਨਾਲੋਂ ਕਈ ਗੁਣਾਂ ਜਿਆਦਾ ਹੈ)।ਮੈਂ ਉਸ ਅਕੱਥ ਪ੍ਰਕਾਸ਼ ਦਾ ਕਥਨ ਕਰ ਰਿਹਾ ਹਾਂ, (ਜਿਸ ਦਾ ਸੂਰਜ, ਚੰਦ, ਤਾਰਿਆਂ ਤੇ ਅਕਾਸ਼ੀ ਬਿਜਲੀ ਵਾਂਗ) ਚਿਹਨ ਚੱਕ੍ਰ ਕੋਈ ਨਹੀਂ ਹੈ, (ਉਹ ਚਾਨਣ ਸਭ ਜਗ੍ਹਾ) ਪੂਰਨ ਹੋ ਰਿਹਾ ਹੈ ਅਤੇ (ਗੁਰਮੁਖਾਂ ਦੇ) ਮਨ ਵਿਚ ਚੰਗਾ ਲਗਦਾ ਹੈ।੮।(ਉਸ ਗੁਰਮੁਖ ਦੇ ਅੰਦਰ) ਚਾਨਣ ਦੀ ਪਸਰੀ ਕਿਰਨ ਨਾਲ (ਗੁਰਮੁਖ ਨੂੰ) ਸਾਰੇ ਪਾਸੇ ਰੱਬੀ ਜੋਤ ਦਾ ਚਾਨਣ ਦਿਸ ਰਿਹਾ ਹੈ।(ਉਸ ਨੂੰ ਪ੍ਰਤੀਤ ਹੋ ਰਿਹਾ ਹੈ ਕਿ) ਦਇਆ ਕਰਨ ਵਾਲਾ ਪ੍ਰਭੂ ਸ੍ਰਿਸਟੀ ਪੈਦਾ ਕਰ ਕਰਕੇ ਆਪ (ਉਸ ਨੂੰ) ਦੇਖ ਰਿਹਾ ਹੈ।(ਗੁਰਮੁਖ ਦੇ ਅੰਦਰ) ਆਤਮ ਸੰਗੀਤ ਦੀ ਇਕ ਰਸ ਮਿੱਠੀ ਧੁਨ ਸਦਾ ਚਲਦੀ ਰਹਿੰਦੀ ਹੈ ਅਤੇ (ਉਹ) ਨਿਰਭਉ ਪ੍ਰਭੂ ਦੇ ਘਰ (ਸਤਸੰਗਤ; ਹਿਰਦੇ ਘਰ) ਅਜਪਾ ਜਾਪ ਦਾ ਵਾਜਾ ਵਜਾਉਂਦਾ ਹੈ।੯।

ਅੰਗ ੧੦੩੪ = ਅਨਹਦੁ ਵਾਜੈ ਭ੍ਰਮੁ ਭਉ ਭਾਜੈ ॥ ਸਗਲ ਬਿਆਪਿ ਰਹਿਆ ਪ੍ਰਭੁ ਛਾਜੈ ॥ ਸਭ ਤੇਰੀ ਤੂ ਗੁਰਮੁਖਿ ਜਾਤਾ, ਦਰਿ ਸੋਹੈ ਗੁਣ ਗਾਇਦਾ ॥੧੦॥ ਆਦਿ ਨਿਰੰਜਨੁ ਨਿਰਮਲੁ ਸੋਈ ॥ ਅਵਰੁ ਨ ਜਾਣਾ ਦੂਜਾ ਕੋਈ ॥ ਏਕੰਕਾਰੁ ਵਸੈ ਮਨਿ ਭਾਵੈ, ਹਉਮੈ ਗਰਬੁ ਗਵਾਇਦਾ ॥੧੧॥ (ਗੁਰਮੁਖ ਦੇ ਅੰਦਰ) ਅਨਹਦ ਸ਼ਬਦ ਵਜਦਾ ਹੈ, (ਜਿਸ ਦਾ ਸਦਕਾ ਉਸ ਦੇ ਅੰਦਰੋਂ) ਭਰਮ ਤੇ ਡਰ ਭੱਜ ਜਾਂਦਾ ਹੈ।(ਉਸ ਨੂੰ ਗਿਆਨ ਹੈ ਕਿ ਸਭ ਜੀਵਾਂ ਦੇ ਅੰਦਰ) ਪ੍ਰਭੂ ਸੋਭ ਰਿਹਾ ਹੈ, (ਉਹ ਬਾਹਰ ਵੀ) ਸਭ ਜਗ੍ਹਾ ਵਿਆਪਕ ਹੋ ਰਿਹਾ ਹੈ।(ਹੇ ਪ੍ਰਭੂ!) ਸਾਰੀ ਜਗਤ ਰਚਨਾ ਤੇਰੀ ਹੈ, ਤੂੰ ਗੁਰੂ ਦੁਆਰਾ ਜਾਣਿਆ ਜਾਂਦਾ ਹੈਂ, (ਉਹ ਮਨੁੱਖ) ਤੇਰੇ ਦਰ ਉਤੇ ਸੋਭਾ ਪਾਉਂਦਾ ਹੈ, ਜੋ ਤੇਰੇ ਗੁਣ ਗਾਉਂਦਾ ਹੈ।੧੦।(ਹੇ ਭਾਈ!) ਉਹ ਪ੍ਰਭੂ ਆਦਿ ਕਾਲ ਤੋਂ ਹੀ ਮਾਇਆ ਤੋਂ ਨਿਰਲੇਪ ਅਤੇ ਨਿਰਮਲ ਹੈ।ਮੈਂ ਹੋਰ ਕੋਈ ਦੂਜਾ (ਉਸ ਵਰਗਾ) ਨਹੀਂ ਜਾਣਦਾ।ਗੁਰਮੁਖ ਦੇ ਮਨ ਵਿਚ ਇਕ ਪ੍ਰਭੂ ਵਸਦਾ ਹੈ ਤੇ ਮਨ ਵਿਚ ਪਿਆਰਾ ਲਗਦਾ ਹੈ, (ਜਿਸ ਦਾ ਸਦਕਾ ਉਹ ਮਨ ਵਿਚੋਂ) ਧਨ ਦਾ ਹੰਕਾਰ ਤੇ ਵਿਦਿਆ ਦਾ ਹੰਕਾਰ ਦੂਰ ਕਰ ਲੈਂਦਾ ਹੈ।੧੧।

ਪਦਾਰਥ = ਪੰਖੀ ਪੰਚ-ਪੰਜ ਗਿਆਨ ਇੰਦ੍ਰੇ ਰੂਪ ਪੰਛੀ। ਉਡਰਿ-ਉਡ ਕੇ। ਨਹੀ ਧਾਵਹਿ-ਨਹੀਂ ਦੌੜਦੇ। ਸਫਲਿਓ ਬਿਰਖੁ-ਫਲ ਸਹਿਤ (ਫਲ ਦੇਣ ਵਾਲਾ) ਬ੍ਰਿਛ। ਗੁਰਮੁਖਿ-ਗੁਰੂ ਅਨੁਸਾਰੀ ਮਨੁੱਖ। ਸਹਜਿ-ਪੂਰਨ ਟਿਕਾਉ ਨਾਲ। ਰਵੈ-ਸਿਮਰਦਾ ਹੈ। ਹਰਿ ਰਸੁ-ਹਰੀ ਦਾ ਨਾਮ ਰਸ।੭। ਝਿਲਮਿਲ-ਚਮਕਾਰਾ। ਝਿਲਕੈ-ਲਿਸ਼ਕਦਾ ਹੈ। ਬਿਜੁਲਿ ਗੈਣਾਰਾ-ਅਕਾਸ਼ ਦੀ ਬਿਜਲੀ। ਅਕਥੀ-ਬਿਆਨ ਨਾ ਹੋ ਸਕਣ ਵਾਲਾ ਚਾਨਣ। ਕਥਉ-ਕਥਨ ਕਰਦਾ ਹਾਂ। ਚਿਹਨੁ-ਚਿੰਨ੍ਹ। ਪੂਰਿ ਰਹਿਆ-ਵਿਆਪਕ ਹੋ ਰਿਹਾ ਹੈ। ਮਨਿ-ਮਨ ਵਿਚ। ਭਾਇਦਾ-ਪਿਆਰਾ ਲਗਦਾ ਹੈ।੮। ਪਸਰੀ-ਫੈਲੀ ਹੋਈ। ਉਜਿਆਲਾ-ਚਾਨਣ। ਕਰਿ ਕਰਿ-ਪੈਦਾ ਕਰ ਕਰਕੇ। ਦੇਖੈ-ਦੇਖਦਾ (ਸੰਭਾਲਦਾ) ਹੈ। ਅਨਹਦ-ਇਕ ਰਸ। ਰੁਣਝੁਣਕਾਰ ਧੁਨਿ-ਮਿੱਠੀ ਮਿੱਠੀ ਧੁਨ। ਨਿਰਭਉ ਕੈ-ਨਿਰਭਉ ਪ੍ਰਭੂ ਦੇ। ਘਰਿ-ਘਰ (ਸਤਸੰਗਤ) ਵਿਚ। ਵਾਇਦਾ-ਵਜਾਉਂਦਾ ਹੈ।੯। ਅਨਹਦੁ-ਆਤਮ ਮੰਡਲ ਦਾ ਸੰਗੀਤ, ਜੋ ਬਿਨਾ ਵਜਾਏ ਵਜਦਾ ਹੈ, ਕੰਨਾਂ ਦਾ ਵਿਸ਼ਾ ਨਹੀਂ, ਕੇਵਲ ਮਨ ਦੀ ਇਕਾਗਰਤਾ ਨਾਲ ਅਨੁਭਵ ਹੁੰਦਾ ਹੈ। ਭਾਜੈ-ਭੱਜ ਜਾਂਦਾ ਹੈ। ਸਗਲ-ਸਭ ਜਗ੍ਹਾ। ਛਾਜੈ-ਸੋਭ ਰਿਹਾ ਹੈ; ਪਸਰਿਆ ਹੋਇਆ ਹੈ। ਗੁਰਮੁਖਿ-ਗੁਰੂ ਦੁਆਰਾ। ਜਾਤਾ-ਜਾਣਿਆ ਜਾਂਦਾ ਹੈ। ਦਰਿ-ਦਰ ਉਤੇ। ਸੋਹੈ-ਸੋਭਦਾ ਹੈ।੧੦। ਆਦਿ-ਸ੍ਰਿਸਟੀ ਦੇ ਸ਼ੁਰੂ ਤੋਂ ਹੀ। ਨਿਰੰਜਨੁ-ਮਾਇਆ ਤੋਂ ਨਿਰਲੇਪ। ਨਿਰਮਲੁ-ਪਵਿਤ੍ਰ। ਸੋਈ-ਉਹ (ਪ੍ਰਭੂ)। ਅਵਰੁ-ਹੋਰ। ਏਕੰਕਾਰੁ-ਇਕ ਪ੍ਰਭੂ। ਮਨਿ-ਮਨ ਵਿਚ। ਭਾਵੈ-ਪਿਆਰਾ ਲਗਦਾ ਹੈ। ਗਰਬੁ-ਹੰਕਾਰ। ਗਵਾਇਦਾ-ਦੂਰ ਕਰ ਲੈਂਦਾ ਹੈ।੧੧।

ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥ ਅਵਰੁ ਨ ਜਾਣਾ ਦੂਆ ਤੀਆ ॥ ਏਕੋ ਏਕੁ ਸੁ ਅਪਰ ਪਰੰਪਰੁ ,ਪਰਖਿ ਖਜਾਨੈ ਪਾਇਦਾ ॥੧੨॥ ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥ ਕੋਇ ਨ ਜਾਣੈ ਤੇਰਾ ਚੀਰਾ ॥ ਜੇਤੀ ਹੈ ਤੇਤੀ ਤੁਧੁ ਜਾਚੈ, ਕਰਮਿ ਮਿਲੈ ਸੋ ਪਾਇਦਾ ॥੧੩॥ ਕਰਮੁ ਧਰਮੁ ਸਚੁ ਹਾਥਿ ਤੁਮਾਰੈ ॥ ਵੇਪਰਵਾਹ ਅਖੁਟ ਭੰਡਾਰੈ ॥ ਤੂ ਦਇਆਲੁ ਕਿਰਪਾਲੁ ਸਦਾ ਪ੍ਰਭੁ ,ਆਪੇ ਮੇਲਿ ਮਿਲਾਇਦਾ ॥੧੪॥ ਆਪੇ ਦੇਖਿ ਦਿਖਾਵੈ ਆਪੇ ॥ ਆਪੇ ਥਾਪਿ ਉਥਾਪੇ ਆਪੇ ॥ ਆਪੇ ਜੋੜਿ ਵਿਛੋੜੇ ਕਰਤਾ, ਆਪੇ ਮਾਰਿ ਜੀਵਾਇਦਾ ॥੧੫॥ ਜੇਤੀ ਹੈ ਤੇਤੀ ਤੁਧੁ ਅੰਦਰਿ ॥ ਦੇਖਹਿ ਆਪਿ ਬੈਸਿ ਬਿਜ ਮੰਦਰਿ ॥ ਨਾਨਕੁ ਸਾਚੁ ਕਹੈ ਬੇਨੰਤੀ, ਹਰਿ ਦਰਸਨਿ ਸੁਖੁ ਪਾਇਦਾ ॥੧੬॥੧॥੧੩॥ (ਜਿਸ ਮਨੁੱਖ ਨੂੰ) ਸਤਿਗੁਰੂ ਨੇ ਨਾਮ ਅੰਮ੍ਰਿਤ ਦਿਤਾ ਹੈ, (ਉਸ ਨੇ) ਨਾਮ ਅੰਮ੍ਰਿਤ ਪੀਤਾ ਹੈ। (ਉਹ ਪ੍ਰਭੂ ਤੋਂ ਬਿਨਾ) ਦੂਆ ਤੀਆ ਨਹੀਂ ਜਾਣਦਾ। (ਉਹ ਜਾਣਦਾ ਹੈ ਕਿ) ਇਕੋ ਇਕ ਉਹ ਪ੍ਰਮੇਸਰ ਹੈ, ਜੋ ਪਰੇ ਤੋਂ ਪਰੇ ਹੈ, ਜਿਸ ਤੋਂ ਪਰੇ ਹੋਰ ਕੋਈ ਨਹੀਂ, (ਪ੍ਰਭੂ ਜੀਵਾਂ ਨੂੰ) ਪਰਖ ਕੇ ਅਪਣੇ ਖਜਾਨੇ ਵਿਚ ਪਾਉਂਦਾ ਹੈ (ਅਪਣੇ ਨਾਲ ਮਿਲਾ ਲੈਂਦਾ ਹੈ)।੧੨। ਹੇ ਪ੍ਰਭੂ! ਤੂੰ ਗਿਆਨ ਰੂਪ ਤੇ ਧਿਆਨ ਰੂਪ ਹੈਂ, ਸੱਚ ਸਰੂਪ ਹੈਂ, ਡੂੰਘਾ ਅਤੇ ਸੰਜੀਦਾ ਹੈਂ। ਤੇਰਾ ਵਿਸਥਾਰ ਕੋਈ ਨਹੀਂ ਜਾਣਦਾ (ਕਿ ਕਿੱਡਾ ਵੱਡਾ ਹੈਂ?)। ਜਿਤਨੀ ਵੀ ਸ੍ਰਿਸਟੀ ਹੈ, ਉਤਨੀ ਸਭ ਤੇਰੇ ਪਾਸੋਂ ਮੰਗਦੀ ਹੈ, (ਪਰ ਤੇਰੀ) ਬਖਸ਼ਿਸ਼ ਨਾਲ ਜੋ ਕੁਛ ਮਿਲਦਾ ਹੈ, (ਜੀਵ) ਉਹ ਕੁਛ ਪ੍ਰਾਪਤ ਕਰਦਾ ਹੈ।੧੩। ਹੇ ਪ੍ਰਭੂ! ਕਰਮ ਧਰਮ ਤੇ ਸੱਚ ਤੇਰੇ ਹੱਥ ਵਿਚ ਹਨ (ਕਰਮ ਧਰਮ ਤੇ ਸੱਚ ਤੇਰੇ ਤੋਂ ਹੀ ਮਿਲਦੇ ਹਨ)। ਹੇ ਵੇਪ੍ਰਵਾਹ ਪ੍ਰਭੂ! ਤੇਰੇ ਭੰਡਾਰੇ ਵਿਚ ਨਾ ਮੁੱਕਣ ਵਾਲੇ ਪਦਾਰਥ ਪਏ ਹਨ। ਹੇ ਪ੍ਰਭੂ! ਤੂੰ (ਸਾਰੇ ਜੀਵਾਂ ਉਤੇ) ਸਦਾ ਦਇਆ ਕਰਨ ਵਾਲਾ ਤੇ ਕ੍ਰਿਪਾ ਕਰਨ ਵਾਲਾ ਹੈਂ ਅਤੇ ਤੂੰ ਆਪ ਹੀ ਮਨੁੱਖ ਨੂੰ ਅਪਣੇ ਮੇਲ ਵਿਚ ਮਿਲਾਉਂਦਾ ਹੈਂ।੧੪। (ਹੇ ਭਾਈ!) ਪ੍ਰਭੂ ਆਪ ਹੀ (ਜੀਵਾਂ ਨੂੰ) ਦੇਖਦਾ (ਸੰਭਾਲਦਾ) ਹੈ ਤੇ ਆਪ ਹੀ (ਜੀਵਾਂ ਨੂੰ ਅਪਣਾ ਸਰੂਪ) ਦਿਖਾਉਂਦਾ ਹੈਂ। (ਉਹ) ਆਪ ਹੀ ਸ੍ਰਿਸਟੀ ਥਾਪਦਾ ਹੈ ਅਤੇ ਆਪ ਹੀ (ਇਸ ਨੂੰ) ਨਾਸ਼ ਕਰਦਾ ਹੈ (ਉਸ ਤੋਂ ਬਿਨਾ ਉਤਪਤ ਪਰਲੌ ਕਰਨ ਵਾਲਾ ਹੋਰ ਕੋਈ ਨਹੀਂ)। ਕਰਤਾ ਪੁਰਖ ਆਪ ਹੀ (ਜੀਵਾਂ ਨੂੰ ਅਪਣੇ ਨਾਲ) ਜੋੜਦਾ ਹੈ ਅਤੇ (ਆਪ ਹੀ ਅਪਣੇ ਨਾਲੋਂ ਜੀਵਾਂ ਨੂੰ) ਵਿਛੋੜਦਾ ਹੈ, (ਉਹ) ਆਪ ਹੀ ਜੀਵਾਂ ਨੂੰ ਮਾਰ ਕੇ ਜੀਵਨ ਦੇਂਦਾ ਹੈ।੧੫। (ਹੇ ਪ੍ਰਭੂ!) ਜਿਤਨੀ ਸ੍ਰਿਸਟੀ ਹੈ, ਉਤਨੀ ਤੇਰੇ ਹੁਕਮ ਅੰਦਰ ਚਲ ਰਹੀ ਹੈ; ਉਤਨੀ ਤੇਰੇ ਸਰੂਪ ਅੰਦਰ ਹੀ ਹੈ। ਤੂੰ ਆਪ ਪੱਕੇ ਮੰਦਰ ਵਿਚ ਬੈਠ ਕੇ (ਸਭ ਨੂੰ) ਦੇਖਦਾ ਹੈਂ। ਨਾਨਕ ਸੱਚੀ ਬੇਨਤੀ ਆਖਦਾ ਹੈ ਕਿ ਹੇ ਹਰੀ! ਤੇਰਾ ਦਰਸ਼ਨ ਕਰਕੇ ਮੇਰਾ ਮਨ ਸੁਖ ਪਾਉਂਦਾ ਹੈ।੧੬।੧।੧੩।

ਪਦਾਰਥ = ਪੀਆ-ਪੀਤਾ ਹੈ। ਸਤਿਗੁਰਿ-ਸਤਿਗੁਰੂ ਨੇ। ਦੀਆ-ਦਿਤਾ ਹੈ। ਅਵਰੁ-ਹੋਰ। ਦੂਆ-ਦੂਜਾ। ਤੀਆ-ਤੀਜਾ। ਸੁ-ਉਹ। ਅਪਰ-ਜਿਸ ਤੋਂ ਪਰੇ ਹੋਰ ਕੋਈ ਨਹੀਂ। ਪਰੰਪਰ-ਪਰੇ ਤੋਂ ਪਰੇ।੧੨। ਸਚੁ-ਹੇ ਸੱਚੇ ਪ੍ਰਭੂ!। ਗਹਿਰ-ਡੂੰਘਾ। ਗੰਭੀਰਾ-ਸੰਜੀਦਾ; ਵੱਡੇ ਜਿਗਰੇ ਵਾਲਾ। ਚੀਰਾ-ਵਿਸਥਾਰ; ਬਲ; ਬਾਦਸ਼ਾਹਤ; ਹੱਦ। ਜਾਚੈ-ਮੰਗਦੀ ਹੈ। ਕਰਮਿ-ਬਖਸ਼ਿਸ਼ ਨਾਲ; ਕਰਮਾਂ ਨਾਲ। ਸੋ-ਉਹ।੧੩। ਹਾਥਿ-ਹੱਥ ਵਿਚ। ਅਖੁਟ-ਨਾ ਮੁੱਕਣ ਵਾਲੇ। ਭੰਡਾਰੈ-ਭੰਡਾਰੇ ਵਿਚ। ਮੇਲਿ ਮਿਲਾਇਦਾ-ਮੇਲ ਵਿਚ ਮਿਲਾਉਂਦਾ ਹੈਂ।੧੪। ਥਾਪਿ-ਪੈਦਾ ਕਰਦਾ ਹੈ। ਉਥਾਪੇ-ਨਾਸ਼ ਕਰਦਾ ਹੈ। ਕਰਤਾ-ਕਰਤਾਰ। ਮਾਰਿ-ਮਾਰ ਕੇ। ਜੀਵਾਇਦਾ-ਜੀਵਨ ਦੇਂਦਾ ਹੈ।੧੫। ਜੇਤੀ-ਜਿਤਨੀ। ਤੇਤੀ-ਉਤਨੀ। ਬੈਸਿ-ਬੈਠ ਕੇ। ਬਿਜ ਮੰਦਰ-ਪੱਕੇ ਮਹਿਲ ਵਿਚ; ਰਾਜ ਮੰਦਰ ਵਿਚ।੧੬।੧।੧੩।

ਮਾਰੂ ਮਹਲਾ ੧ ॥ ਦਰਸਨੁ ਪਾਵਾ ਜੇ ਤੁਧੁ ਭਾਵਾ ॥ ਭਾਇ ਭਗਤਿ ਸਾਚੇ ਗੁਣ ਗਾਵਾ ॥ ਤੁਧੁ ਭਾਣੇ ਤੂ ਭਾਵਹਿ ਕਰਤੇ, ਆਪੇ ਰਸਨ ਰਸਾਇਦਾ ॥੧॥ ਸੋਹਨਿ ਭਗਤ ਪ੍ਰਭੂ ਦਰਬਾਰੇ ॥ ਮੁਕਤੁ ਭਏ ਹਰਿ ਦਾਸ ਤੁਮਾਰੇ ॥ ਆਪੁ ਗਵਾਇ ਤੇਰੈ ਰੰਗਿ ਰਾਤੇ, ਅਨ ਦਿਨੁ ਨਾਮੁ ਧਿਆਇਦਾ ॥੨॥ ਈਸਰੁ ਬ੍ਰਹਮਾ ਦੇਵੀ ਦੇਵਾ ॥ ਇੰਦ੍ਰ ਤਪੇ ਮੁਨਿ ਤੇਰੀ ਸੇਵਾ ॥ ਜਤੀ ਸਤੀ ਕੇਤੇ ਬਨਵਾਸੀ, ਅੰਤੁ

ਨ ਕੋਈ ਪਾਇਦਾ ॥੩॥ ਵਿਣੁ ਜਾਣਾਏ ਕੋਇ ਨ ਜਾਣੈ ॥ ਜੋ ਕਿਛੁ ਕਰੇ ਸੁ ਆਪਣ ਭਾਣੈ ॥ ਲਖ ਚਉਰਾਸੀ ਜੀਅ ਉਪਾਏ, ਭਾਣੈ ਸਾਹ ਲਵਾਇਦਾ ॥੪॥ ਜੋ ਤਿਸੁ ਭਾਵੈ ਸੋ ਨਿਹਚਉ ਹੋਵੈ ॥ ਮਨਮੁਖੁ ਆਪੁ ਗਣਾਏ ਰੋਵੈ ॥ ਨਾਵਹੁ ਭੁਲਾ ਠਉਰ ਨ ਪਾਏ, ਆਇ ਜਾਇ ਦੁਖੁ ਪਾਇਦਾ ॥੫॥ ਨਿਰਮਲ ਕਾਇਆ ਊਜਲ ਹੰਸਾ ॥ ਤਿਸੁ ਵਿਚਿ ਨਾਮੁ ਨਿਰੰਜਨ ਅੰਸਾ ॥ ਸਗਲੇ ਦੂਖ ਅੰਮ੍ਰਿਤੁ ਕਰਿ ਪੀਵੈ, ਬਾਹੁੜਿ ਦੂਖੁ ਨ ਪਾਇਦਾ ॥੬॥ (ਹੇ ਪ੍ਰਭੂ!) ਮੈਂ ਤੇਰਾ ਦਰਸ਼ਨ ਤਾਂ ਹੀ ਪਾ ਸਕਦਾ ਹਾਂ, ਜੇ ਤੈਨੂੰ ਚੰਗਾ ਲੱਗਾਂ। ਹੇ ਸੱਚੇ ਪ੍ਰਭੂ ! ਮੈਂ ਪ੍ਰੇਮਾ ਭਗਤੀ ਦੁਆਰਾ ਤੇਰੇ ਗੁਣ ਗਾਉਂਦਾ ਹਾਂ। ਹੇ ਕਰਤਾਰ! (ਜਿਹੜੇ ਮਨੁਖ) ਤੈਨੂੰ ਚੰਗੇ ਲਗਦੇ ਹਨ, ਤੂੰ (ਉਨ੍ਹਾਂ ਨੂੰ) ਚੰਗਾ ਲਗਦਾ ਹੈਂ, ਤੂੰ ਆਪ ਹੀ (ਉਨ੍ਹਾਂ ਦੀ) ਰਸਨਾ ਵਿਚ ਨਾਮ ਰਸ ਪੈਦਾ ਕਰਦਾ ਹੈਂ।੧। ਹੇ ਪ੍ਰਭੂ! ਤੇਰੇ ਭਗਤ ਤੇਰੇ ਦਰਬਾਰ ਵਿਚ ਸੋਂਹਦੇ ਹਨ। (ਇਸੇ ਕਰਕੇ) ਹੇ ਹਰੀ! ਤੇਰੇ ਦਾਸ ਮੁਕਤ ਹੋ ਗਏ ਹਨ। (ਉਹ ਦਾਸ) ਆਪਾ ਭਾਵ ਗਵਾ ਕੇ ਤੇਰੇ ਪ੍ਰੇਮ ਰੰਗ ਵਿਚ ਰੰਗੇ ਹੋਏ ਹਨ ਅਤੇ (ਉਹ) ਹਰ ਰੋਜ ਤੇਰਾ ਨਾਮ ਧਿਆਉਂਦੇ ਹਨ।੨। (ਹੇ ਪ੍ਰਭੂ!) ਸ਼ਿਵ ਜੀ, ਬ੍ਰਹਮਾ, ਦੇਵੀਆਂ, ਦੇਵਤੇ। ਇੰਦ੍ਰ ,ਤਪ ਕਰਨ ਵਾਲੇ ਤੇ ਰਿਸ਼ੀ ਮੁਨੀ ਆਦਿ ਸਭ ਤੇਰੀ ਸੇਵਾ ਭਗਤੀ ਕਰਦੇ ਹਨ। ਜਤੀ, ਸਤੀ ਅਤੇ ਕਿਤਨੇ ਹੀ ਜੰਗਲਾਂ ਵਿਚ ਵਾਸਾ ਕਰਨ ਵਾਲੇ ਹਨ, ਕੋਈ ਵੀ ਤੇਰਾ ਅੰਤ ਨਹੀਂ ਪਾ ਸਕਦਾ।੩। (ਹੇ ਭਾਈ! ਪ੍ਰਭੂ ਦੇ) ਗਿਆਨ ਕਰਾਏ ਤੋਂ ਬਿਨਾ ਕੋਈ ਵੀ ਬੰਦਾ (ਉਸ ਨੂੰ) ਨਹੀਂ ਜਾਣ ਸਕਦਾ। ਉਹ ਜੋ ਕੁਛ ਕਰਦਾ ਹੈ, ਅਪਣੀ ਮਰਜੀ ਨਾਲ ਕਰਦਾ ਹੈ। (ਉਸ ਨੇ) ਚੁਰਾਸੀ ਲੱਖ ਜੂਨਾਂ ਦੇ ਜੀਵ ਪੈਦਾ ਕੀਤੇ ਹਨ, (ਹਰੇਕ ਜੀਵ ਨੂੰ) ਅਪਣੀ ਮਰਜੀ ਅਨੁਸਾਰ ਸਾਹ ਲੈਣ ਦੇਂਦਾ ਹੈ।੪। (ਹੇ ਭਾਈ!) ਉਸ ਪ੍ਰਭੂ ਨੂੰ ਜੋ ਕੁਛ ਚੰਗਾ ਲਗਦਾ ਹੈ, ਉਹ ਨਿਸਚੇ ਹੀ ਹੁੰਦਾ ਹੈ। ਮਨਮੁਖ ਅਪਣੇ ਆਪ ਨੂੰ ਵੱਡਾ ਗਿਣਾਉਂਦਾ (ਹੰਕਾਰ ਕਰਦਾ) ਹੈ, (ਫਿਰ) ਰੋਂਦਾ ਹੈ। ਪ੍ਰਭੂ ਦੇ ਨਾਮ ਤੋਂ ਭੁੱਲਿਆ (ਮਨਮੁਖ) ਕਿਤੇ ਵੀ ਟਿਕਾਣਾ ਪ੍ਰਾਪਤ ਨਹੀਂ ਕਰ ਸਕਦਾ, (ਉਹ) ਜਨਮ ਮਰਨ ਦੇ ਗੇੜ ਵਿਚ ਪੈ ਕੇ ਦੁਖ ਹੀ ਪਾਉਂਦਾ ਰਹਿੰਦਾ ਹੈ।੫। (ਭਾਈ! ਗੁਰਮੁਖ ਦਾ) ਸਰੀਰ ਪਵਿਤ੍ਰ ਹੈ ਤੇ ਜੀਵਾਤਮਾ ਉਜਲ ਹੈ। (ਕਿਉਂਕਿ) ਉਸ ਵਿਚ ਪ੍ਰਭੂ ਦਾ ਨਾਮ ਵਸਦਾ ਹੈ, ਜੋ ਮਾਇਆ ਤੋਂ ਨਿਰਲੇਪ ਪ੍ਰਭੂ ਦੀ ਅੰਸ ਹੈ। (ਉਹ) ਸਾਰੇ ਦੁੱਖ ਅੰਮ੍ਰਿਤ ਸਮਝ ਕਰਕੇ ਪੀ ਲੈਂਦਾ ਹੈ {ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ੭੫੭}, ਫਿਰ ਮੁੜ ਕੇ ਦੁੱਖ ਨਹੀਂ ਪਾਉਂਦਾ।੬।

ਪਦਾਰਥ = ਪਾਵਾ–ਪਾ ਸਕਦਾ ਹਾਂ। ਭਾਵਾ–ਚੰਗਾ ਲੱਗਾਂ। ਭਾਇ ਭਗਤਿ–ਪ੍ਰੇਮਾ ਭਗਤੀ ਦੁਆਰਾ। ਗਾਵਾ–ਗਾਉਂਦਾ ਹਾਂ। ਭਾਣੇ–ਚੰਗੇ ਲਗਦੇ ਹਨ। ਭਾਵਹਿ–ਚੰਗਾ ਲਗਦਾ ਹੈਂ। ਕਰਤੇ–ਹੇ ਕਰਤਾਰ!। ਰਸਨ–ਜੀਭ ਵਿਚ। ਰਸਾਇਦਾ–ਰਸ ਪੈਦਾ ਕਰਦਾ ਹੈਂ।੧। ਸੋਹਨਿ–ਸੋਂਹਦੇ ਹਨ। ਭਏ–ਹੋਏ ਹਨ। ਆਪੁ–ਆਪਾ ਭਾਵ (ਅਪਣੱਤ)। ਗਵਾਇ–ਗਵਾ ਕੇ। ਰੰਗਿ ਰਾਤੇ–ਪ੍ਰੇਮ (ਜਾਂ ਨਾਮ) ਰੰਗ ਵਿਚ ਰੰਗੇ ਹੋਏ ਹਨ। ਅਨਦਿਨੁ–ਹਰ ਰੋਜ (ਸਦਾ)।੨। ਈਸਰ–ਸ਼ਿਵ ਜੀ। ਦੇਵੀ ਦੇਵਾ–ਦੇਵੀਆਂ ਤੇ ਦੇਵਤੇ। ਤਪੇ–ਤਪ ਕਰਨ ਵਾਲੇ। ਮੁਨਿ–ਰਿਸ਼ੀ ਮੁਨੀ। ਜਤੀ–ਜਤ ਧਾਰਨ ਵਾਲੇ। ਸਤੀ–ਭਲੇ ਪੁਰਖ; ਦਾਨੀ। ਕੇਤੇ–ਕਿਤਨੇ (ਅਨੇਕਾਂ) ਹੀ। ਬਨਵਾਸੀ–ਜੰਗਲਾਂ ਵਿਚ ਰਹਿਣ ਵਾਲੇ।੩। ਵਿਣੁ ਜਾਣਾਏ–ਬਿਨਾ ਗਿਆਨ ਕਰਾਇਆਂ। ਸੁ–ਉਹ (ਪ੍ਰਭੂ)। ਭਾਣੈ–ਮਰਜੀ ਨਾਲ। ਜੀਅ–ਜੀਵ। ਉਪਾਏ–ਪੈਦਾ ਕੀਤੇ ਹਨ। ਸਾਹ–ਸੁਆਸ। ਲਵਾਇਦਾ–ਲੈਣ ਦੇਂਦਾ ਹੈ।੪। ਭਾਵੈ–ਚੰਗਾ ਲਗਦਾ ਹੈ। ਸੋ–ਉਹ। ਨਿਹਚਉ–ਨਿਸਚੇ ਹੀ; ਜਰੂਰ। ਮਨਮੁਖੁ–ਮਨ ਮਰਜੀ ਅਨੁਸਾਰ ਚੱਲਣ ਵਾਲਾ ਮਨੁੱਖ। ਆਪੁ ਗਣਾਏ–ਅਪਣੇ ਆਪ ਨੂੰ ਵੱਡਾ ਗਿਣਦਾ ਹੈ। ਨਾਵਹੁ–ਨਾਮ ਤੋਂ। ਠਉਰ–ਟਿਕਾਣਾ। ਆਇ ਜਾਇ–ਜਨਮ ਮਰਨ ਦੇ ਗੇੜ ਵਿਚ।੫। ਨਿਰਮਲ–ਪਵਿਤ੍ਰ। ਕਾਇਆ–ਸਰੀਰ। ਹੰਸਾ–ਜੀਵਾਤਮਾ। ਨਿਰੰਜਨ–ਮਾਇਆ ਤੋਂ ਨਿਰਲੇਪ ਪ੍ਰਭੂ। ਅੰਸਾ–ਅੰਸ। ਸਗਲੇ–ਸਾਰੇ। ਬਾਹੁੜਿ–ਮੁੜ ਕੇ।੬।

ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ॥ ਭੋਗਹੁ ਰੋਗ ਸੁ ਅੰਤਿ ਵਿਗੋਵੈ ॥ ਹਰਖਹੁ ਸੋਗੁ ਨ ਮਿਟਈ ਕਬਹੂ ,ਵਿਣੁ ਭਾਣੇ ਭਰਮਾਇਦਾ ॥੭॥ ਗਿਆਨ ਵਿਹੂਣੀ ਭਵੈ ਸਬਾਈ ॥ ਸਾਚਾ ਰਵਿ ਰਹਿਆ ਲਿਵ ਲਾਈ ॥ ਨਿਰਭਉ ਸਬਦੁ ਗੁਰੂ ਸਚੁ ਜਾਤਾ, ਜੋਤੀ ਜੋਤਿ ਮਿਲਾਇਦਾ ॥੮॥ ਅਟਲੁ ਅਡੋਲੁ ਅਤੋਲੁ ਮੁਰਾਰੇ ॥ ਖਿਨ ਮਹਿ ਢਾਹੇ ਫੇਰਿ ਉਸਾਰੇ ॥ ਰੂਪੁ ਨ ਰੇਖਿਆ ਮਿਤਿ ਨਹੀ ਕੀਮਤਿ, ਸਬਦਿ ਭੇਦਿ ਪਤੀਆਇਦਾ ॥੯॥ (ਹੇ ਭਾਈ! ਪਦਾਰਥਾਂ ਦੇ) ਬਹੁਤੇ ਸੁਆਦਾਂ ਤੋਂ ਦੁਖ ਹੀ ਪ੍ਰਾਪਤ ਹੁੰਦਾ ਹੈ। (ਬਹੁਤੇ) ਭੋਗਾਂ ਤੋਂ ਰੋਗ ਪੈਦਾ ਹੁੰਦੇ ਹਨ, ਉਹ (ਭੋਗ ਜੀਵ ਨੂੰ) ਅੰਤ ਸਮੇਂ ਖੁਆਰ ਕਰਦੇ ਹਨ। ਖੁਸ਼ੀ ਤੋਂ ਸੋਗ ਪੈਦਾ ਹੁੰਦਾ ਹੈ, ਜੋ ਕਦੇ ਮਿਟਦਾ ਨਹੀਂ, ਰੱਬੀ ਭਾਣਾ ਮੰਨਣ ਤੋਂ ਬਿਨਾ ਮਨੁੱਖ ਭਟਕਦਾ ਰਹਿੰਦਾ ਹੈ।੭। (ਹੇ ਭਾਈ! ਗੁਰੂ ਦੇ) ਗਿਆਨ ਤੋਂ ਬਿਨਾ ਸਾਰੀ ਦੁਨੀਆਂ ਭਟਕ ਰਹੀ ਹੈ। ਸੱਚਾ ਪ੍ਰਭੂ ਸਾਰੇ ਜੀਵਾਂ ਵਿਚ ਵਿਆਪਕ ਹੋ ਰਿਹਾ ਹੈ, (ਗੁਰਮੁਖਾਂ ਨੇ ਉਸ ਵਿਚ) ਲਿਵ ਲਾਈ ਹੋਈ ਹੈ। (ਜਿਸ ਮਨੁੱਖ ਨੇ) ਨਿਰਭਉ ਕਰਨ ਵਾਲੇ ਗੁਰੂ ਦੇ ਸ਼ਬਦ ਨੂੰ (ਅਪਣੇ ਹਿਰਦੇ ਵਿਚ) ਵਸਾਇਆ ਹੈ, (ਉਸ ਨੇ) ਸੱਚੇ ਪ੍ਰਭੂ ਨੂੰ ਜਾਣਿਆ ਹੈ, ਪ੍ਰਭੂ (ਉਸ ਦੀ) ਆਤਮ ਜੋਤ ਅਪਣੀ ਜੋਤ ਵਿਚ ਮਿਲਾ ਲੈਂਦਾ ਹੈ।੮। (ਹੇ ਭਾਈ!) ਪ੍ਰਭੂ ਸਦਾ ਕਾਇਮ ਰਹਿਣ ਵਾਲਾ ਹੈ, ਅਡੋਲ ਹੈ ਤੇ ਉਸ ਦਾ ਸਰੂਪ ਤੋਲਿਆ ਨਹੀਂ ਜਾ ਸਕਦਾ। (ਉਹ ਅਪਣੀ ਰਚੀ ਸ੍ਰਿਸਟੀ ਨੂੰ) ਇਕ ਖਿਨ ਵਿਚ ਢਾਹੇ ਕੇ ਫਿਰ ਉਸਾਰ ਦੇਂਦਾ ਹੈ। (ਉਸ ਦਾ) ਨਾ ਕੋਈ ਰੂਪ ਹੈ, ਨਾ ਚਿੰਨ੍ਹ ਹੈ, (ਉਸ ਦੀ ਕੋਈ) ਮਿਣਤੀ ਨਹੀਂ ਕਰ ਸਕਦਾ, ਉਸ ਦੀ ਕੋਈ ਕੀਮਤ ਨਹੀਂ ਜਾਣ ਸਕਦਾ, (ਜੋ ਮਨੁੱਖ ਅਪਣੇ ਮਨ ਨੂੰ ਗੁਰੂ ਦੇ) ਸ਼ਬਦ ਵਿਚ ਵਿੰਨ੍ਹ ਲੈਂਦਾ ਹੈ, ਉਹ ਪ੍ਰਭੂ ਵਿਚ ਪਤੀਜ ਜਾਂਦਾ ਹੈ।੯।

ਅੰਗ ੧੦੩੫ = ਹਮ ਦਾਸਨ ਕੇ ਦਾਸ ਪਿਆਰੇ ॥ ਸਾਧਿਕ ਸਾਚ ਭਲੇ ਵੀਚਾਰੇ ॥ ਮੰਨੇ ਨਾਉ ਸੋਈ ਜਿਣਿ ਜਾਸੀ, ਆਪੇ ਸਾਚੁ ਦ੍ਰਿੜਾਇਦਾ ॥੧੦॥ ਪਲੈ ਸਾਚੁ ਸਚੇ ਸਚਿਆਰਾ ॥ ਸਾਚੇ ਭਾਵੈ ਸਬਦੁ ਪਿਆਰਾ ॥ ਤ੍ਰਿਭਵਣਿ ਸਾਚੁ ਕਲਾ ਧਰਿ ਥਾਪੀ, ਸਾਚੇ ਹੀ ਪਤੀਆਇਦਾ ॥੧੧॥ (ਹੇ ਭਾਈ!) ਅਸੀਂ ਪ੍ਰਭੂ ਦੇ ਪਿਆਰੇ ਦਾਸਾਂ ਦੇ ਦਾਸ ਹਾਂ।(ਕਿਉਂਕਿ ਉਹ ਦਾਸ) ਸਾਧਨਾ ਕਰਨ ਵਾਲੇ, ਸੱਚੇ, ਭਲੇ ਤੇ ਵਿਚਾਰਵਾਨ ਪੁਰਖ ਹਨ।(ਜਿਹੜਾ ਮਨੁੱਖ) ਪ੍ਰਭੂ ਦੇ ਨਾਮ ਨੂੰ ਮੰਨਦਾ ਹੈ, ਉਹ (ਜਗਤ ਵਿਚੋਂ) ਜੀਵਨ ਬਾਜੀ ਨੂੰ ਜਿੱਤ ਕੇ ਪ੍ਰਲੋਕ ਨੂੰ ਜਾਵੇਗਾ, (ਉਹ) ਪ੍ਰਭੂ ਆਪ ਹੀ ਮਨੁੱਖ ਨੂੰ ਸੱਚਾ ਨਾਮ ਦ੍ਰਿੜ ਕਰਾਉਂਦਾ ਹੈ।੧੦।(ਜਿਸ ਮਨੁੱਖ ਦੇ) ਹਿਰਦੇ ਰੂਪ ਪੱਲੇ ਵਿਚ ਪ੍ਰਭੂ ਦਾ ਸੱਚਾ ਨਾਮ ਹੈ, ਉਹ ਸੱਚਿਆਰ ਪੁਰਖ ਸੱਚੇ ਪ੍ਰਭੂ ਦਾ ਰੂਪ ਹੋ ਜਾਂਦਾ ਹੈ।(ਜਿਸ ਮਨੁੱਖ ਨੂੰ) ਗੁਰੂ ਦਾ ਸ਼ਬਦ ਪਿਆਰਾ ਲਗਦਾ ਹੈ, ਉਹ ਸੱਚੇ ਪ੍ਰਭੂ ਨੂੰ ਚੰਗਾ ਲਗਦਾ ਹੈ।ਪ੍ਰਭੂ ਨੇ ਤਿੰਨਾਂ ਭਵਨਾਂ ਵਿਚ ਸੱਚੇ ਨਾਮ ਦੀ ਸ਼ਕਤੀ ਧਰ ਕੇ (ਸਾਰੀ ਸ੍ਰਿਸਟੀ) ਸਥਾਪਨ ਕੀਤੀ ਹੈ, ਉਹ ਸੱਚੇ ਮਨੁੱਖ ਉਤੇ ਹੀ ਖੁਸ਼ ਹੁੰਦਾ ਹੈ।੧੧।

ਪਦਾਰਥ = ਬਹੁ ਸਾਦਹੁ–ਬਹੁਤੇ ਸੁਆਦਾਂ ਤੋਂ।ਭੋਗਹੁ–ਭੋਗਾਂ ਤੋਂ।ਸੁ–ਉਹ।ਵਿਗੋਵੈ–ਖੁਆਰ ਹੁੰਦਾ ਹੈ।ਹਰਖਹੁ–ਖੁਸ਼ੀ ਤੋਂ।ਕਬਹੂ–ਕਦੇ ਵੀ।ਭਰਮਾਇਦਾ–ਭਟਕਦਾ ਹੈ।੭।ਵਿਹੂਣੀ–ਖਾਲੀ; ਬਿਨਾ।ਭਵੈ–ਭਟਕ ਰਹੀ ਹੈ।ਸਬਾਈ–ਸਾਰੀ ਦੁਨੀਆਂ।ਸਾਚਾ–ਸੱਚਾ ਪ੍ਰਭੂ।ਰਵਿ ਰਹਿਆ–ਵਿਆਪਕ ਹੋ ਰਿਹਾ ਹੈ।ਲਿਵ ਲਾਈ–ਧਿਆਨ ਲਾਇਆ ਹੈ।ਸਚੁ–ਸੱਚੇ ਪ੍ਰਭੂ ਨੂੰ।ਜਾਤਾ–ਜਾਣਿਆ ਹੈ।ਜੋਤੀ–ਆਤਮਾ।ਜੋਤਿ–ਜੋਤ ਸਰੂਪ ਪ੍ਰਭੂ।੮।ਅਟਲੁ (ਅਟੱਲ ਪੜ੍ਹੋ)–ਸਦਾ ਕਾਇਮ ਰਹਿਣ ਵਾਲਾ।ਅਤੋਲੁ–ਜਿਸ ਨੂੰ ਤੋਲਿਆ ਨਾ ਜਾ ਸਕੇ।ਮੁਰਾਰੇ–ਅਗਿਆਨ ਤੇ ਹੰਕਾਰ ਨੂੰ ਨਾਸ਼ ਕਰਨ ਵਾਲਾ।ਖਿਨ ਮਹਿ–ਇਕ ਖਿਨ ਵਿਚ।ਫੇਰਿ–ਫਿਰ; ਮੁੜ ਕੇ।ਉਸਾਰੇ–ਉਸਾਰ ਦੇਂਦਾ ਹੈ।ਰੂਪੁ–ਅਕਾਰ; ਸ਼ਕਲ।ਰੇਖਿਆ–ਚਿੰਨ੍ਹ।ਮਿਤਿ–ਮਿਣਤੀ।ਭੇਦਿ–ਵਿੰਨ੍ਹਿਆ ਹੈ।ਪਤੀਆਇਦਾ–ਪਤੀਜਦਾ ਹੈ; ਭਰੋਸਾ ਕਰਦਾ ਹੈ; ਖੁਸ਼ ਰਹਿੰਦਾ ਹੈ।੯।ਹਮ–ਅਸੀਂ।ਸਾਧਿਕ–ਸਾਧਨਾ ਕਰਨ ਵਾਲੇ।ਭਲੇ–ਚੰਗੇ ਜੀਵਨ ਵਾਲੇ।ਵੀਚਾਰੇ–ਵਿਚਾਰਵਾਨ। ਮੰਨੇ–ਮੰਨਦਾ ਹੈ।ਸੋਈ–ਉਹ।ਜਿਣਿ–ਜਿੱਤ ਕੇ।ਜਾਸੀ–ਜਾਵੇਗਾ।ਸਾਚੁ–ਸੱਚਾ ਨਾਮ।ਦ੍ਰਿੜਾਇਦਾ–ਦ੍ਰਿੜ ਕਰਾਉਂਦਾ ਹੈ।੧੦।ਪਲੈ –ਹਿਰਦੇ ਰੂਪ ਪੱਲੇ ਵਿਚ।ਸਚੇ–ਸੱਚੇ ਪ੍ਰਭੂ ਦਾ ਰੂਪ ਹਨ।ਸਚਿਆਰਾ–ਸੱਚ ਨੂੰ ਧਾਰਨ ਕਰਨ ਵਾਲਾ ਮਨੁੱਖ।ਭਾਵੈ–ਚੰਗਾ ਲਗਦਾ ਹੈ।ਤ੍ਰਿਭਵਣਿ–ਤਿੰਨਾਂ ਭਵਨਾਂ ਵਿਚ।ਕਲਾ–ਸ਼ਕਤੀ।ਧਰਿ–ਕਰਕੇ।ਥਾਪੀ–ਟਿਕਾਈ ਹੈ।੧੧।

ਵਡਾ ਵਡਾ ਆਖੈ ਸਭੁ ਕੋਈ ॥ ਗੁਰ ਬਿਨੁ ਸੋਝੀ ਕਿਨੈ ਨ ਹੋਈ ॥ ਸਾਚਿ ਮਿਲੈ ਸੋ ਸਾਚੇ ਭਾਏ, ਨਾ ਵਿਛੁੜਿ ਦੁਖੁ ਪਾਇਦਾ ॥੧੨॥ ਧੁਰਹੁ ਵਿਛੁੰਨੇ ਧਾਹੀ ਰੁੰਨੇ ॥ ਮਰਿ ਮਰਿ ਜਨਮਹਿ ਮੁਹਲਤਿ ਪੁੰਨੇ ॥ ਜਿਸੁ ਬਖਸੇ ਤਿਸੁ ਦੇ ਵਡਿਆਈ, ਮੇਲਿ ਨ ਪਛੋਤਾਇਦਾ ॥੧੩॥ ਆਪੇ ਕਰਤਾ ਆਪੇ ਭੁਗਤਾ ॥ ਆਪੇ ਤ੍ਰਿਪਤਾ ਆਪੇ ਮੁਕਤਾ ॥ ਆਪੇ ਮੁਕਤਿ ਦਾਨੁ ਮੁਕਤੀਸਰੁ ,ਮਮਤਾ ਮੋਹੁ ਚੁਕਾਇਦਾ ॥੧੪॥ ਦਾਨਾ ਕੈ ਸਿਰਿ ਦਾਨੁ ਵੀਚਾਰਾ ॥ ਕਰਣ ਕਾਰਣ ਸਮਰਥੁ ਅਪਾਰਾ ॥ ਕਰਿ ਕਰਿ ਵੇਖੈ ਕੀਤਾ ਅਪਣਾ, ਕਰਣੀ ਕਾਰ ਕਰਾਇਦਾ ॥੧੫॥ ਸੇ ਗੁਣ ਗਾਵਹਿ ਸਾਚੇ ਭਾਵਹਿ ॥ ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ ॥ ਨਾਨਕੁ ਸਾਚੁ ਕਹੈ ਬੇਨੰਤੀ, ਮਿਲਿ ਸਾਚੇ ਸੁਖੁ ਪਾਇਦਾ ॥੧੬॥੨॥੧੪॥ (ਹੇ ਭਾਈ!) ਸਭ ਕੋਈ ਪ੍ਰਭੂ ਨੂੰ ਵੱਡਾ, ਸਭ ਤੋਂ ਵੱਡਾ ਆਖਦਾ ਹੈ।(ਪਰ) ਗੁਰੂ ਤੋਂ ਬਿਨਾ ਪ੍ਰਭੂ ਦੀ ਸੋਝੀ ਕਿਸੇ ਨੂੰ ਵੀ ਨਹੀਂ ਹੁੰਦੀ।(ਜਿਹੜਾ ਮਨੁੱਖ) ਸੱਚੀ ਸੰਗਤ ਵਿਚ ਮਿਲਦਾ ਹੈ, ਉਹ ਸੱਚੇ ਪ੍ਰਭੂ ਨੂੰ ਚੰਗਾ ਲਗਦਾ ਹੈ, (ਉਹ ਪ੍ਰਭੂ ਤੋਂ) ਵਿਛੜ ਕੇ ਦੁਖ ਨਹੀਂ ਪਾਉਂਦਾ।੧੨।(ਹੇ ਭਾਈ! ਜਿਹੜੇ ਮਨੁੱਖ) ਸ਼ੁਰੂ ਤੋਂ ਹੀ ਪ੍ਰਭੂ ਤੋਂ ਵਿਛੜੇ ਹੋਏ ਹਨ, ਉਹ ਧਾਹਾਂ ਮਾਰ ਮਾਰ ਕੇ ਰੋਂਦੇ ਹਨ।ਉਹ ਉਮਰ ਦਾ ਸਮਾਂ ਪੂਰਾ ਹੋਣ ਤੇ ਮਰ ਮਰ ਕੇ ਬਾਰ ਬਾਰ ਜੰਮਦੇ ਰਹਿੰਦੇ ਹਨ।ਜਿਸ ਮਨੁੱਖ ਦੇ ਔਗਣ ਪ੍ਰਭੂ ਬਖਸ਼ ਦੇਂਦਾ ਹੈ, ਉਸ ਨੂੰ ਵਡਿਆਈ ਦੇਂਦਾ ਹੈ, (ਉਸ ਨੂੰ ਅਪਣੇ ਨਾਲ) ਮਿਲਾ ਲੈਂਦਾ ਹੈ, (ਉਹ ਮਨੁੱਖ ਫਿਰ ਅਪਣੇ ਕੀਤੇ ਕਰਮਾਂ ਤੇ) ਪਛਤਾਉਂਦਾ ਨਹੀਂ।੧੩।(ਉਸ ਨੂੰ ਨਿਸ਼ਚਾ ਹੋ ਜਾਂਦਾ ਹੈ ਕਿ) ਪ੍ਰਭੂ ਆਪ ਹੀ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ ਅਤੇ ਉਹ ਆਪ ਹੀ (ਜੀਵਾਂ ਦੇ ਅੰਦਰ ਵਸਦਾ ਹੋਇਆ ਪਦਾਰਥਾਂ ਨੂੰ) ਭੋਗਣ ਵਾਲਾ ਹੈ।ਉਹ ਆਪ ਹੀ ਰੱਜ ਜਾਣ ਵਾਲਾ ਹੈ (ਸੰਤੋਖੀ ਹੈ, ਕਿਸੇ ਚੀਜ ਦੀ ਭੁੱਖ ਨਹੀਂ) ਅਤੇ ਆਪ ਹੀ ਪਦਾਰਥਾਂ ਤੋਂ ਸੁਤੰਤਰ ਹੈ।ਪ੍ਰਭੂ ਆਪ ਹੀ ਮੁਕਤੀ ਦਾ ਮਾਲਕ ਹੈ ਤੇ (ਅਪਣੇ ਸੇਵਕਾਂ ਨੂੰ) ਮੁਕਤੀ ਦੇਣ ਵਾਲਾ ਹੈ ਅਤੇ (ਆਪ ਹੀ ਮਨੁੱਖ ਦੇ ਮਨ ਵਿਚੋਂ) ਮਮਤਾ ਤੇ ਮੋਹ ਦੂਰ ਕਰਦਾ ਹੈ।੧੪।(ਹੇ ਪ੍ਰਭੂ!) ਸਾਰੇ ਦਾਨਾਂ ਦੇ ਵਿਚੋਂ ਤੇਰਾ ਮੁਕਤੀ ਦਾਨ ਸ੍ਰੇਸਟ ਵਿਚਾਰਿਆ ਹੈ।ਬੇਅੰਤ ਤੇ ਸਮਰੱਥ ਪ੍ਰਭੂ ਸਾਰੇ ਕਾਰਣਾਂ ਦੇ ਕਰਨ ਵਾਲਾ ਹੈ।ਜਗਤ (ਉਸ ਦਾ) ਅਪਣਾ ਪੈਦਾ ਕੀਤਾ ਹੋਇਆ ਹੈ, (ਆਪ ਹੀ ਇਸ ਨੂੰ) ਪੈਦਾ ਕਰਕੇ ਦੇਖਦਾ (ਸੰਭਾਲਦਾ) ਹੈ ਅਤੇ ਜੀਵਾਂ ਤੋਂ ਕਰਨ ਯੋਗ ਕੰਮ ਕਰਾਉਂਦਾ ਹੈ।੧੫।(ਹੇ ਭਾਈ!) ਉਹ ਮਨੁੱਖ ਪ੍ਰਭੂ ਦੇ ਗੁਣ ਗਾਉਂਦੇ ਹਨ, ਜੋ ਸੱਚੇ ਪ੍ਰਭੂ ਨੂੰ ਚੰਗੇ ਲਗਦੇ ਹਨ।(ਹੇ ਪ੍ਰਭੂ! ਸਾਰੇ ਜੀਵ) ਤੇਰੇ ਤੋਂ ਪੈਦਾ ਹੁੰਦੇ ਹਨ ਅਤੇ ਤੇਰੇ ਵਿਚ ਹੀ ਮਿਲ ਜਾਂਦੇ ਹਨ।ਨਾਨਕ ਸੱਚੀ ਬੇਨਤੀ ਆਖਦਾ ਹੈ ਕਿ ਸੱਚੇ ਪ੍ਰਭੂ ਨਾਲ ਮਿਲ ਕੇ ਮਨੁੱਖ ਸੁਖ ਪਾਉਂਦਾ ਹੈ।੧੬।੨।੧੪।

ਪਦਾਰਥ = ਸਭ ਕੋਈ–ਹਰੇਕ ਮਨੁੱਖ।ਕਿਨੈ–ਕਿਸੇ ਨੂੰ ਵੀ।ਸਾਚਿ–ਸੱਚੀ ਸੰਗਤ ਵਿਚ।ਸੋ–ਉਹ (ਮਨੁੱਖ)।ਸਾਚੇ ਭਾਏ–ਸੱਚੇ ਪ੍ਰਭੂ ਨੂੰ ਚੰਗੇ ਲਗਦੇ ਹਨ।ਵਿਛੜਿ–ਵਿਛੜ ਕੇ।੧੨।ਧੁਰਹੁ–ਸ਼ੁਰੂ ਤੋਂ ਹੀ।ਵਿਛੁੰਨੇ–ਵਿਛੜੇ ਹੋਏ ਹਨ।ਧਾਹੀ–ਧਾਹਾਂ ਮਾਰ ਕੇ।ਰੁੰਨੇ–

ਰੋਂਦੇ ਹਨ। ਮੁਹਲਤਿ–ਜੀਵਨ ਦਾ ਸਮਾਂ। ਪੁੰਨੇ–ਪੂਰਾ ਹੋ ਜਾਣ ਤੇ। ਬਖਸੇ–ਬਖਸ਼ ਦੇਂਦਾ ਹੈ। ਦੇ–ਦੇਂਦਾ ਹੈ।੧੩। ਕਰਤਾ–ਸਿਰਜਣ ਹਾਰ ਪ੍ਰਭੂ। ਭੁਗਤਾ–ਭੋਗਣ ਵਾਲਾ। ਤ੍ਰਿਪਤਾ–ਰੱਜ ਜਾਣ ਵਾਲਾ। ਮੁਕਤਾ–ਪਦਾਰਥਾਂ ਤੋਂ ਸੁਤੰਤਰ। ਮੁਕਤੀਸਰੁ–ਮੁਕਤੀ ਦਾ ਮਾਲਕ ਪ੍ਰਭੂ। ਚੁਕਾਇਦਾ–ਦੂਰ ਕਰਦਾ ਹੈ।੧੪। ਦਾਨਾ ਕੈ ਸਿਰਿ–ਦਾਨਾਂ ਦੇ ਵਿਚੋਂ ਸ਼੍ਰੋਮਣੀ। ਕਰਣ ਕਾਰਣ–ਸਾਰੇ ਕਾਰਣ ਕਰਨ ਵਾਲਾ; ਜਗਤ ਰਚਨਾ ਦਾ ਮੂਲ ਕਾਰਣ। ਵੇਖੈ–ਦੇਖਦਾ (ਸੰਭਾਲਦਾ) ਹੈ। ਕੀਤਾ–ਪੈਦਾ ਕੀਤਾ ਜਗਤ। ਸਮਰਥ–ਤਾਕਤ ਵਾਲਾ। ਅਪਾਰਾ–ਬੇਅੰਤ। ਕਰਣੀ ਕਾਰ–ਕਰਨ ਯੋਗ ਕੰਮ।੧੫। ਸੇ–ਉਹ (ਮਨੁੱਖ)। ਸਾਚੇ ਭਾਵਹਿ–ਸੱਚੇ ਪ੍ਰਭੂ ਨੂੰ ਚੰਗੇ ਲਗਦੇ ਹਨ। ਤੁਝ ਤੇ–ਤੇਰੇ ਤੋਂ। ਉਪਜਹਿ–ਪੈਦਾ ਹੁੰਦੇ ਹਨ। ਮਾਹਿ–ਵਿਚ। ਸਮਾਵਹਿ–ਮਿਲ ਜਾਂਦੇ ਹਨ। ਮਿਲਿ–ਮਿਲ ਕੇ।੧੬।੨।੧੪।

ਮਾਰੂ ਮਹਲਾ ੧ ॥ ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ,ਸੁੰਨ ਸਮਾਧਿ ਲਗਾਇਦਾ ॥੧॥ ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥ ਖੰਡ ਪਤਾਲ ਸਪਤ ਨਹੀ ਸਾਗਰ, ਨਦੀ ਨ ਨੀਰੁ ਵਹਾਇਦਾ ॥੨॥ ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਖੈ ਕਾਲਾ ॥ ਨਰਕੁ ਸੁਰਗੁ ਨਹੀ ਜੰਮਣੁ ਮਰਣਾ, ਨਾ ਕੋ ਆਇ ਨ ਜਾਇਦਾ ॥੩॥ ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ ॥ ਨਾਰਿ ਪੁਰਖੁ ਨਹੀ ਜਾਤਿ ਨ ਜਨਮਾ, ਨਾ ਕੋ ਦੁਖੁ ਸੁਖੁ ਪਾਇਦਾ ॥੪॥ ਨਾ ਤਦਿ ਜਤੀ ਸਤੀ ਬਨਵਾਸੀ ॥ ਨਾ ਤਦਿ ਸਿਧ ਸਾਧਿਕ ਸੁਖ ਵਾਸੀ ॥ ਜੋਗੀ ਜੰਗਮ ਭੇਖੁ ਨ ਕੋਈ, ਨਾ ਕੋ ਨਾਥੁ ਕਹਾਇਦਾ ॥੫॥ ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥ ਆਪੇ ਆਪਿ ਉਪਾਇ ਵਿਗਸੈ, ਆਪੇ ਕੀਮਤਿ ਪਾਇਦਾ ॥੬॥ (ਗੁਰੂ ਜੀ ਇਸ ਸੋਲਹੇ ਵਿਚ ੧੩ ਵੇਂ ਪਦੇ ਤਕ ਨਿਰੰਕਾਰ ਦੀ ਜਗਤ ਰਚਨਾ ਤੋਂ ਪਹਿਲਾਂ ਦੀ ਅਵਸਥਾ ਬਿਆਨ ਕਰ ਰਹੇ ਹਨ। ਜਗਤ ਰਚਨਾ ਤੋਂ ਪਹਿਲਾਂ) ਅਰਬਾਂ ਖਰਬਾਂ ਤੋਂ ਪਰੇ (ਅਣ ਗਿਣਤ ਸਮਾਂ) ਘੁੱਪ ਹਨ੍ਹੇਰਾ ਸੀ। (ਉਦੋਂ) ਨਾ ਧਰਤੀ ਸੀ, ਨਾ ਅਕਾਸ਼ ਸੀ ਅਤੇ ਨਾ ਹੀ ਬੇਅੰਤ ਪ੍ਰਭੂ ਦਾ ਹੁਕਮ ਸੀ; ਹੁਕਮ ਕਰਨ ਵਾਲਾ ਬੇਅੰਤ ਪ੍ਰਭੂ ਹੀ ਸੀ। (ਉਦੋਂ) ਨਾ ਦਿਨ ਸੀ, ਨਾ ਰਾਤ ਸੀ, ਨਾ ਚੰਦ ਤੇ ਨਾ ਸੂਰਜ ਸੀ, ਪ੍ਰਭੂ ਸੁੰਨ ਸਮਾਧੀ ਲਗਾਈ ਬੈਠਾ ਸੀ।੧। (ਉਦੋਂ ਜੀਵਾਂ ਦੀ) ਨਾ ਕੋਈ ਖਾਣੀ ਸੀ, ਨਾ ਜੀਵਾਂ ਦੀ ਕੋਈ ਬੋਲੀ ਸੀ ਅਤੇ ਨਾ ਹੀ ਪੌਣ ਤੇ ਪਾਣੀ ਸੀ। (ਉਦੋਂ) ਨਾ ਉਤਪਤੀ ਸੀ, ਨਾ ਵਿਨਾਸ਼ ਸੀ ਅਤੇ (ਜੀਵਾਂ ਦਾ) ਸੰਸਾਰ ਵਿਚ ਆਉਣਾ ਜਾਣਾ (ਜਨਮ ਮਰਨ ਦਾ ਗੇੜ) ਵੀ ਨਹੀਂ ਸੀ। (ਉਦੋਂ) ਨਾ ਧਰਤੀ ਦੇ ਨੌਂ ਖੰਡ ਸਨ, ਪਤਾਲ ਤੇ ਸੱਤ ਸਮੁੰਦਰ ਵੀ ਨਹੀਂ ਸਨ ਅਤੇ ਨਾ ਨਦੀਆਂ ਵਿਚ ਪਾਣੀ ਵਗਦਾ ਸੀ।੨। ਉਦੋਂ ਨਾ ਸੁਰਗ ਲੋਕ ਸੀ, ਨਾ ਮਾਤ ਲੋਕ ਸੀ ਤੇ ਨਾ ਪਤਾਲ ਲੋਕ ਸੀ। (ਇਸਲਾਮ ਦੇ ਮੱਤ ਅਨੁਸਾਰ) ਨਾ ਦੋਜਕ ਸੀ, ਨਾ ਬਹਿਸ਼ਤ ਸੀ ਅਤੇ ਨਾ ਹੀ ਨਾਸ਼ ਕਰਨ ਵਾਲਾ ਕਾਲ ਸੀ। (ਹਿੰਦੂਆਂ ਅਨੁਸਾਰ) ਉਦੋਂ ਨਰਕ ਸੁਰਗ ਤੇ ਜੰਮਣਾ ਮਰਨਾ ਵੀ ਨਹੀਂ ਸੀ, ਨਾ ਕੋਈ ਆਉਂਦਾ ਸੀ ਤੇ ਨਾ ਕੋਈ ਜਾਂਦਾ ਸੀ।੩। ਉਦੋਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਕੋਈ ਨਹੀਂ ਸੀ। ਹੋਰ ਕੋਈ ਨਹੀਂ ਸੀ ਦਿਸਦਾ, (ਕੇਵਲ) ਉਹ ਇਕ ਨਿਰੰਕਾਰ ਹੀ ਸੀ। ਨਾ ਇਸਤ੍ਰੀ ਸੀ, ਨਾ ਪੁਰਖ ਸੀ, ਨਾ (ਉਚੀ ਨੀਵੀਂ) ਜਾਤ ਸੀ, ਨਾ (ਕਿਸੇ ਦਾ) ਜਨਮ ਹੋਇਆ ਸੀ ਅਤੇ ਨਾ ਹੀ ਕੋਈ ਜੀਵ ਦੁਖ ਤੇ ਸੁਖ ਪਾਉਂਦਾ ਸੀ।੪। ਉਦੋਂ ਜਤੀ ਸਤੀ ਤੇ ਬਨਵਾਸੀ ਕੋਈ ਨਹੀਂ ਸੀ। ਨਾ ਹੀ ਉਦੋਂ ਸਿੱਧ, ਸਾਧਨਾ ਕਰਨ ਵਾਲੇ ਤੇ ਸੁੱਖਾਂ ਵਿਚ ਵਸਣ ਵਾਲੇ ਭੋਗੀ ਸਨ। ਜੋਗੀ, ਜੰਗਮ ਤੇ ਭੇਖ ਕੋਈ ਨਹੀਂ ਸੀ ਅਤੇ ਨਾ ਹੀ ਕੋਈ ਨਾਥ ਕਹਾਉਂਦਾ ਹੈ।੫। ਉਦੋਂ ਜਪ ਤਪ, ਸੰਜਮ, ਵਰਤ ਤੇ ਪੂਜਾ ਨਹੀਂ ਸੀ। ਨਾ ਕੋਈ ਦੂਜਾ ਆਖ ਕੇ ਬਿਆਨ ਕਰਦਾ ਸੀ। ਉਦੋਂ ਪ੍ਰਭੂ ਅਪਣੇ ਆਪ ਵਿਚ ਪੈਦਾ ਹੋ ਕੇ ਖੁਸ਼ ਹੋ ਰਿਹਾ ਸੀ ਅਤੇ ਆਪ ਹੀ ਅਪਣੀ ਕੀਮਤ ਪਾਉਂਦਾ ਸੀ।੬।

ਪਦਾਰਥ = ਅਰਬਦ–ਕਈ ਅਰਬ। ਨਰਬਦ–ਨਾ ਅਰਬ (ਅਰਬਾਂ ਤੋਂ ਵੀ ਪਰੇ); ਮਨੁੱਖ ਦੀ ਕਥਨ ਸ਼ਕਤੀ ਤੋਂ ਬਾਹਰ (ਰਚਨਾ ਤੋਂ ਪਹਿਲਾਂ ਸੁੰਨ ਦਸ਼ਾ ਦਾ ਵਰਨਣ)। ਧੁੰਧੂਕਾਰਾ–ਘੁੱਪ ਹਨ੍ਹੇਰਾ। ਧਰਣਿ–ਧਰਤੀ। ਗਗਨਾ–ਅਕਾਸ਼। ਅਪਾਰਾ–ਬੇਅੰਤ। ਰੈਨਿ–ਰਾਤ। ਸੁੰਨ ਸਮਾਧਿ–ਅਫੁਰ ਸਮਾਧੀ।੧। ਖਾਣੀ–ਜਗਤ ਉਤਪਤੀ ਦੇ ਚਾਰ ਵਸੀਲੇ (ਅੰਡਜ, ਜੇਰਜ, ਸੇਤਜ ਤੇ ਉਤਭੁਜ)। ਬਾਣੀ–ਜੀਵਾਂ ਦੀਆਂ ਚਾਰ ਬਾਣੀਆਂ। ਪਉਣ–ਹਵਾ। ਓਪਤਿ–ਉਤਪਤੀ। ਖਪਤਿ–ਵਿਨਾਸ਼; ਪਰਲੌ। ਆਵਣ ਜਾਣੀ–ਆਉਣਾ ਜਾਣਾ (ਜੰਮਣਾ ਤੇ ਮਰਨਾ)। ਖੰਡ–ਧਰਤੀ ਦੇ ਨੌਂ ਖੰਡ। ਸਪਤ ਸਾਗਰ–ਸੱਤ ਸਮੁੰਦਰ। ਨੀਰੁ–ਪਾਣੀ। ਵਹਾਇਦਾ–ਵਗਦਾ ਸੀ।੨। ਤਦਿ–ਉਦੋਂ। ਮਛੁ–ਮਾਤ ਲੋਕ। ਪਇਆਲਾ–ਪਤਾਲ ਲੋਕ। ਦੋਜਕੁ–ਨਰਕ। ਭਿਸਤ–ਸੁਰਗ। ਖੈ ਕਾਲਾ–ਨਾਸ਼ ਕਰਨ ਵਾਲੀ ਮੌਤ। ਕੋ–ਕੋਈ।੩। ਮਹੇਸੁ–ਸ਼ਿਵ ਜੀ। ਅਵਰੁ–ਹੋਰ। ਏਕੋ–ਇਕ ਨਿਰੰਕਾਰ। ਸੋਈ–ਉਹ ਹੀ। ਨਾਰਿ–ਇਸਤ੍ਰੀ। ਜਾਤਿ–ਜਾਤੀ।੪। ਜਤੀ–ਇੰਦ੍ਰੀਆਂ ਨੂੰ ਕਾਬੂ ਕਰਨ ਵਾਲਾ। ਸਤੀ–ਦਾਨੀ। ਬਨਵਾਸੀ–ਜੰਗਲ ਵਿਚ ਰਹਿਣ ਵਾਲਾ। ਸਿਧ–ਜੋਗ ਸਾਧਨਾ ਵਿਚ ਪੁੱਗਿਆ ਜੋਗੀ। ਸਾਧਿਕ–ਸਾਧਨਾ ਕਰਨ ਵਾਲਾ। ਸੁਖ ਵਾਸੀ–ਸੁੱਖਾਂ ਵਿਚ ਵਸਣ ਵਾਲਾ ਗ੍ਰਿਹਸਤੀ। ਜੰਗਮ–ਜੋਗੀਆਂ ਦਾ ਇਕ ਫਿਰਕਾ। ਨਾਥੁ–ਜੋਗੀਆਂ ਦਾ ਗੁਰੂ।੫। ਜਪ–ਮੰਤ੍ਰਾਂ ਦਾ ਜਪ। ਤਪ–ਤਪੱਸਿਆ। ਸੰਜਮ–ਇੰਦ੍ਰੀਆਂ ਨੂੰ ਵਸ ਵਿਚ ਰੱਖਣ ਦੇ ਸਾਧਨ। ਬ੍ਰਤ–ਵਰਤ। ਵਿਗਸੈ–ਖੁਸ਼ ਹੁੰਦਾ ਹੈ।੬।

ਨਾ ਸੁਚਿ ਸੰਜਮੁ ਤੁਲਸੀ ਮਾਲਾ ॥ ਗੋਪੀ ਕਾਨ ਨ ਗਊ ਗੋਆਲਾ ॥ ਤੰਤੁ ਮੰਤੁ ਪਾਖੰਡੁ ਨ ਕੋਈ, ਨਾ ਕੋ ਵੰਸੁ ਵਜਾਇਦਾ ॥੭॥ ਕਰਮ ਧਰਮ ਨਹੀ ਮਾਇਆ ਮਾਖੀ ॥ ਜਾਤਿ ਜਨਮੁ ਨਹੀ ਦੀਸੈ ਆਖੀ ॥ ਮਮਤਾ ਜਾਲੁ ਕਾਲੁ ਨਹੀ ਮਾਥੈ, ਨਾ ਕੋ ਕਿਸੈ ਧਿਆਇਦਾ

॥੮॥ ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ॥ ਨਾ ਤਦਿ ਗੋਰਖੁ ਨਾ ਮਾਛਿੰਦੋ ॥ ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ, ਨਾ ਕੋ ਗਣਤ ਗਣਾਇਦਾ ॥੯॥ (ਉਦੋਂ) ਨਾ ਸੁੱਚਮਤਾ ਸੀ, ਨਾ ਇੰਦ੍ਰੀਆਂ ਨੂੰ ਕਾਬੂ ਕਰਨ ਦਾ ਸਾਧਨ ਸੀ ਅਤੇ ਨਾ ਹੀ ਤੁਲਸੀ ਦੀ ਮਾਲਾ ਸੀ।(ਉਦੋਂ) ਨਾ ਗੋਪੀਆਂ ਸਨ, ਨਾ ਕ੍ਰਿਸ਼ਨ ਸੀ ਅਤੇ ਨਾ ਹੀ ਗਊ ਤੇ ਗੋਆਲਾ ਸੀ।ਨਾ ਕੋਈ ਤੰਤ੍ਰ ਮੰਤ੍ਰ ਸੀ, ਨਾ ਕੋਈ ਪਖੰਡ ਸੀ ਅਤੇ ਨਾ ਕੋਈ ਬੰਸਰੀ ਵਜਾਉਂਦਾ ਸੀ।੭।(ਉਦੋਂ ਕੋਈ) ਕਰਮ ਧਰਮ ਨਹੀਂ ਸੀ ਅਤੇ ਮਾਇਆ ਰੂਪ ਮੱਖੀ ਵੀ ਨਹੀਂ ਸੀ।ਜਾਤ ਤੇ ਜਨਮ ਅੱਖਾਂ ਨਾਲ ਨਹੀਂ ਸੀ ਦਿਸਦੇ।ਮਮਤਾ ਦਾ ਜਾਲ ਨਹੀਂ ਸੀ, ਕਿਸੇ ਦੇ ਮੱਥੇ ਉਤੇ ਕਾਲ ਨਹੀਂ ਸੀ ਅਤੇ ਨਾ ਹੀ ਕੋਈ ਕਿਸੇ ਨੂੰ ਧਿਆਉਂਦਾ ਸੀ।੮।(ਉਦੋਂ) ਨਾ ਨਿੰਦਿਆ ਸੀ, ਨਾ ਉਸਸਤੀ ਸੀ, ਨਾ ਜੀਵ ਸੀ ਅਤੇ ਨਾ ਹੀ ਜਿੰਦ ਜਾਨ ਸੀ।ਨਾ ਉਦੋਂ ਗੋਰਖ ਨਾਥ ਸੀ ਅਤੇ ਨਾ ਹੀ ਮਛਿੰਦਰ ਨਾਥ ਸੀ।ਉਦੋਂ ਨਾ ਧਾਰਮਕ ਗ੍ਰੰਥਾਂ ਦਾ ਗਿਆਨ ਸੀ, ਨਾ ਕੋਈ ਕਿਸੇ ਵਿਚ ਧਿਆਨ ਲਾਉਂਦਾ ਸੀ, ਨਾ ਖਾਨਦਾਨ ਦੀ ਉਪਜ ਸੀ ਅਤੇ ਨਾ ਕੋਈ ਕਰਮਾਂ ਧਰਮਾਂ ਦੀ ਗਿਣਤੀ ਗਿਣਾਉਂਦਾ ਸੀ।੯।

ਅੰਗ ੧੦੩੬ = ਵਰਨ ਭੇਖ ਨਹੀਂ ਬ੍ਰਹਮਣ ਖਤ੍ਰੀ ॥ ਦੇਉ ਨ ਦੇਹੁਰਾ ਗਊ ਗਾਇਤ੍ਰੀ ॥ ਹੋਮ ਜਗ ਨਹੀ ਤੀਰਥਿ ਨਾਵਣੁ ,ਨਾ ਕੋ ਪੂਜਾ ਲਾਇਦਾ ॥੧੦॥ ਨਾ ਕੋ ਮੁਲਾ ਨਾ ਕੋ ਕਾਜੀ ॥ ਨਾ ਕੋ ਸੇਖੁ ਮਸਾਇਕੁ ਹਾਜੀ ॥ ਰਈਅਤਿ ਰਾਉ ਨ ਹਉਮੈ ਦੁਨੀਆ, ਨਾ ਕੋ ਕਹਣੁ ਕਹਾਇਦਾ ॥੧੧॥ (ਉਦੋਂ) ਬ੍ਰਹਮਣ, ਖਤ੍ਰੀ, ਸੂਦ ਤੇ ਵੈਸ ਵਰਣ ਨਹੀਂ ਸਨ, ਨਾ ਹੀ ਭੇਖ ਸਨ।ਨਾ ਕੋਈ ਦੇਵਤਾ ਸੀ, ਨਾ ਹੀ ਦੇਵਤੇ ਦਾ ਮੰਦਰ ਸੀ, ਗਊ ਤੇ ਗਾਇਤ੍ਰੀ ਮੰਤ੍ਰ ਵੀ ਨਹੀਂ ਸੀ।ਹਵਨ, ਜੱਗ, ਤੀਰਥਾਂ ਦਾ ਇਸ਼ਨਾਨ ਆਦਿ ਕਰਮ ਨਹੀਂ ਸਨ ਅਤੇ ਨਾ ਹੀ ਕੋਈ ਪੂਜਾ ਵਿਚ ਮਨ ਲਾਉਂਦਾ ਸੀ।੧੦।(ਉਦੋਂ) ਨਾ ਕੋਈ ਮੁੱਲਾਂ ਸੀ ਨਾ ਕੋਈ ਕਾਜੀ ਸੀ।ਨਾ ਕੋਈ ਸ਼ੇਖ ਸੀ, ਨਾ ਹੀ ਕੋਈ ਜਪ ਤਪ ਕਰਨ ਵਾਲਾ ਸਾਧਕ ਸੀ ਤੇ ਨਾ ਹੀ ਹਾਜੀ ਸੀ।ਨਾ ਪਰਜਾ ਸੀ, ਨਾ ਕੋਈ ਰਾਜਾ ਸੀ, ਨਾ ਹੀ ਦੁਨੀਆਂ ਦੀ ਹਉਮੈ ਸੀ ਅਤੇ ਨਾ ਹੀ ਕੋਈ ਕਹਣ ਤੇ ਕਹਾਉਣ ਵਾਲਾ ਸੀ।੧੧।

ਪਦਾਰਥ = ਸੁਚਿ–ਸੱਚਮਤਾ।ਸੰਜਮੁ–ਇੰਦ੍ਰੀਆਂ ਨੂੰ ਵਸ ਵਿਚ ਰੱਖਣ ਦਾ ਸਾਧਨ।ਗੋਪੀ–ਗਵਾਲਣ।ਕਾਨ–ਕ੍ਰਿਸ਼ਨ।ਗੋਆਲਾ–ਗਊਆਂ ਰੱਖਣ ਵਾਲਾ ਮਨੁੱਖ।ਕੋ–ਕੋਈ।ਵੰਸੁ–ਬੰਸਰੀ।੭।ਮਾਇਆ ਮਾਖੀ–ਮਾਇਆ ਰੂਪ ਮੱਖੀ; ਮਖਿਆਲ (ਮਿੱਠੀ) ਮਾਇਆ। ਜਾਤਿ–ਉਚੀ ਨੀਵੀਂ ਜਾਤ।ਆਖੀ–ਅੱਖਾਂ ਨਾਲ।ਮਾਥੈ–ਮੱਥੇ ਉਤੇ।ਕਿਸੈ–ਕਿਸੇ ਨੂੰ।੮।ਨਿੰਦੁ–ਨਿੰਦਿਆ।ਬਿੰਦੁ–ਉਸਤਤੀ; ਵਡਿਆਈ।ਤਦਿ–ਉਦੋਂ।ਮਾਛਿੰਦੋ–ਮਛਿੰਦਰ ਨਾਥ।ਕੁਲ ਓਪਤਿ–ਖਾਨਦਾਨਾਂ ਦੀ ਉਤਪਤੀ।ਗਣਾਇਦਾ–ਗਿਣਾਉਂਦਾ ਸੀ।ਗਣਤ–ਗਿਣਤੀ।੯।ਵਰਨ–ਜਾਤੀ ਭੇਦ।ਦੇਉ–ਦੇਵਤਾ।ਦੇਹੁਰਾ–ਦੇਵਤੇ ਦਾ ਮੰਦਰ।ਨਾਵਣੁ–ਇਸ਼ਨਾਨ।੧੦।ਮੁਲਾ–ਮੌਲਵੀ।ਕਾਜੀ–ਇਸਲਾਮੀ ਸ਼ਰਾ ਅਨੁਸਾਰ ਫੈਸਲਾ ਕਰਨ ਵਾਲਾ।ਮਸਾਇਕ–ਮਸ਼ਾਕ (ਅ.)–ਤਪਸਵੀ; ਅਭਿਆਸ ਕਰਨ ਵਾਲਾ ਸਾਧਕ।ਹਾਜੀ–ਮੱਕੇ ਦੀ ਯਾਤਰਾ ਕਰਨ ਵਾਲਾ ਮਨੁੱਖ।ਰਈਅਤਿ–ਪਰਜਾ।ਰਾਉ–ਰਾਜਾ।ਕਹਣੁ ਕਹਾਇਦਾ–ਕਹਿਣ ਕਹਾਉਣ ਵਾਲਾ।੧੧।

ਭਾਉ ਨ ਭਗਤੀ ਨਾ ਸਿਵ ਸਕਤੀ ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥ ਆਪੇ ਸਾਹੁ ਆਪੇ ਵਣਜਾਰਾ, ਸਾਚੇ ਏਹੋ ਭਾਇਦਾ ॥੧੨॥ ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥ ਪਾਠ ਪੁਰਾਣ ਉਦੈ ਨਹੀ ਆਸਤ ॥ ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖ ਲਖਾਇਦਾ ॥੧੩॥ ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥ ਬ੍ਰਹਮਾ ਬਿਸਨੁ ਮਹੇਸੁ ਉਪਾਏ, ਮਾਇਆ ਮੋਹੁ ਵਧਾਇਦਾ ॥੧੪॥ ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥ ਕਰਿ ਕਰਿ ਦੇਖੈ ਹੁਕਮ ਸਬਾਇਆ ॥ ਖੰਡ ਬ੍ਰਹਮੰਡ ਪਾਤਾਲ ਅਰੰਭੇ, ਗੁਪਤਹੁ ਪਰਗਟੀ ਆਇਦਾ ॥੧੫॥ ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥ ਨਾਨਕ ਸਾਚਿ ਰਤੇ ਬਿਸਮਾਦੀ, ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥ (ਉਦੋਂ) ਨਾ ਪ੍ਰੇਮ ਸੀ, ਨਾ ਭਗਤੀ ਸੀ, ਜੀਵਾਤਮਾ ਤੇ ਮਾਇਆ ਦਾ ਦ੍ਵੰਦ ਵੀ ਨਹੀਂ ਸੀ।ਨਾ ਕੋਈ ਸੱਜਣ ਸੀ, ਨਾ ਮਿਤ੍ਰ ਸੀ, ਪਿਤਾ ਦਾ ਬਿੰਦ ਤੇ ਮਾਂ ਦੀ ਰਕਤ ਵੀ ਨਹੀਂ ਸੀ।(ਉਦੋਂ) ਪ੍ਰਭੂ ਆਪ ਹੀ ਸ਼ਾਹ ਸੀ ਅਤੇ ਆਪ ਹੀ ਵਣਜਾਰਾ ਸੀ, ਸੱਚੇ ਪ੍ਰਭੂ ਨੂੰ ਇਹੋ ਚੰਗਾ ਲਗਦਾ ਸੀ।੧੨।(ਉਦੋਂ) ਨਾ ਬੇਦ ਸਨ, ਨਾ ਕਤੇਬਾਂ ਸਨ ਅਤੇ ਨਾ ਸਿਮ੍ਰਤੀਆਂ ਤੇ ਸ਼ਾਸਤ੍ਰ ਸਨ।ਪੁਰਾਣਾਂ ਦੇ ਪਾਠ ਨਹੀਂ ਸਨ, ਸੂਰਜ ਤੇ ਚੰਦ ਨਾ ਚੜ੍ਹਦੇ ਸਨ ਤੇ ਨਾ ਛਿਪਦੇ ਸਨ।ਮਨ ਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਪ੍ਰਭੂ ਕਹਿਣ ਵਾਲਾ ਬਕਤਾ ਸੀ, ਅਲੱਖ ਪ੍ਰਭੂ ਆਪ ਹੀ ਅਪਣੇ ਆਪ ਨੂੰ ਪ੍ਰਗਟ ਕਰਨ ਵਾਲਾ ਸੀ।੧੩।(ਅੱਗੇ ਤਿੰਨ ਪਦਿਆਂ ਵਿਚ ਉਤਪਤੀ ਦਾ ਪ੍ਰਕਰਣ ਦਸਦੇ ਹਨ) ਜਦੋਂ ਉਸ ਪ੍ਰਭੂ ਦੀ ਇੱਛਾ ਹੋਈ, ਤਾਂ (ਉਸ ਨੇ) ਜਗਤ ਨੂੰ ਪੈਦਾ ਕੀਤਾ। (ਪ੍ਰਭੂ ਨੇ) ਬਿਨਾ ਕਿਸੇ ਸਹਾਰੇ ਦੇ ਜਗਤ ਪਸਾਰੇ ਨੂੰ ਟਿਕਾਇਆ ਹੋਇਆ ਹੈ {ਬਾਝੁ ਕਲਾ ਧਰਿ ਗਗਨੁ ਧਰੀਆ ੧੧੮੮}।(ਫਿਰ ਪ੍ਰਭੂ ਨੇ) ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਪੈਦਾ ਕੀਤੇ ਅਤੇ ਸੰਸਾਰ ਵਿਚ ਮਾਇਆ ਦਾ ਮੋਹ ਵਧਾ ਦਿਤਾ।੧੪।(ਜਿਸ) ਵਿਰਲੇ ਮਨੁੱਖ ਨੂੰ ਗੁਰੂ ਨੇ ਉਪਦੇਸ਼ ਸੁਣਾਇਆ ਹੈ।(ਉਸ ਨੇ ਜਾਣ ਲਿਆ ਹੈ ਕਿ) ਸਾਰਾ ਜਗਤ ਉਸ ਦੇ ਹੁਕਮ ਤੋਂ ਬਣਿਆ ਹੈ, (ਜਿਸ ਨੂੰ) ਪੈਦਾ ਕਰਕੇ (ਆਪ ਹੀ ਇਸ ਦੀ) ਸੰਭਾਲ ਕਰਦਾ ਹੈ।(ਪ੍ਰਭੂ ਨੇ) ਖੰਡ, ਬ੍ਰਹਮੰਡ ਅਤੇ ਪਤਾਲ ਬਣਾਏ ਤੇ ਗੁਪਤ ਅਵਸਥਾ ਤੋਂ (ਨਿਰਗੁਣ ਤੋਂ ਸਰਗੁਣ ਰੂਪ ਵਿਚ) ਪ੍ਰਗਟ ਹੋ ਆਇਆ ਹੈ।੧੫।(ਹੇ ਭਾਈ!) ਉਸ ਪ੍ਰਭੂ ਦਾ ਅੰਤ ਕੋਈ ਨਹੀਂ ਜਾਣਦਾ।ਪੂਰੇ ਗੁਰੂ ਤੋਂ ਪ੍ਰਭੂ ਦੀ ਸਮਝ ਪ੍ਰਾਪਤ ਹੁੰਦੀ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਜੋ ਮਨੁੱਖ) ਸੱਚੇ ਨਾਮ ਵਿਚ ਰੰਗੇ ਗਏ ਹਨ, (ਉਹ

ਉਸ ਦੀ ਤਾਕਤ ਦੇਖ ਕੇ) ਹੈਰਾਨ ਹੁੰਦੇ ਹਨ ਅਤੇ ਹੈਰਾਨ ਹੋਏ ਪ੍ਰਭੂ ਦੇ ਗੁਣ ਗਾਉਂਦੇ ਹਨ।੧੬।੩।੧੫।

ਪਦਾਰਥ = ਭਾਉ-ਪ੍ਰੇਮ।ਸਿਵ-ਜੀਵਾਤਮਾ; ਚੇਤਨ।ਸਕਤੀ-ਮਾਇਆ।ਮੀਤੁ-ਮਿਤ੍ਰ।ਬਿੰਦੁ-ਵੀਰਜ।ਰਕਤੀ-ਲਹੂ।ਵਣਜਾਰਾ-ਵਪਾਰੀ।ਸਾਚੇ-ਸੱਚੇ ਪ੍ਰਭੂ ਨੂੰ।ਭਾਇਦਾ-ਚੰਗਾ ਲਗਦਾ ਸੀ।੧੨।ਬੇਦ-ਚਾਰ ਬੇਦ।ਕਤੇਬ-ਪੱਛਮੀ ਧਰਮਾਂ ਦੀਆਂ ਕਿਤਾਬਾਂ (ਕੁਰਾਨ ,ਅੰਜੀਲ, ਤੌਰੇਤ ਤੇ ਜੰਬੂਰ)।ਸਾਸਤ-ਛੇ ਸ਼ਾਸਤ੍ਰ।ਪੁਰਾਣ-ਅਠਾਰਾਂ ਪੁਰਾਣ।ਉਦੈ-ਸੂਰਜ ਚੰਦ ਦਾ ਚੜ੍ਹਨਾ।ਆਸਤ-ਸੂਰਜ ਚੰਦ ਦਾ ਛਿਪਣਾ।ਕਹਤਾ-ਕਹਿਣ ਵਾਲਾ।ਬਕਤਾ-ਬੋਲਣ ਵਾਲਾ।ਅਗੋਚਰੁ-ਮਨ ਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ।ਅਲਖ (ਅਲੱਖ ਪੜ੍ਹੋ)-ਅਦ੍ਰਿਸ਼ਟ; ਪੂਰੀ ਤਰ੍ਹਾਂ ਨਾ ਜਾਣਿਆ ਜਾਣ ਵਾਲਾ ਪ੍ਰਭੂ।ਲਖਾਇਦਾ-ਪ੍ਰਗਟ ਕਰਨ ਵਾਲਾ।੧੩।ਜਾ-ਜਦੋਂ।ਤਿਸੁ ਭਾਣਾ-ਉਸ ਦੀ ਇੱਛਾ ਹੋਈ।ਉਪਾਇਆ-ਪੈਦਾ ਕੀਤਾ।ਬਾਝੁ ਕਲਾ-ਬਿਨਾ ਸਹਾਰੇ ਦੇ।ਆਡਾਣੁ-ਜਗਤ ਪਸਾਰਾ; ਅਕਾਸ਼।ਰਹਾਇਆ-ਟਿਕਾਇਆ ਹੈ।ਮਹੇਸੁ-ਸ਼ਿਵ ਜੀ।੧੪।ਕਉ-ਨੂੰ।ਗੁਰਿ-ਗੁਰੂ ਨੇ।ਸਬਦੁ-ਉਪਦੇਸ਼।ਕਰਿ ਕਰਿ-ਪੈਦਾ ਕਰ ਕਰਕੇ।ਦੇਖੈ-ਸੰਭਾਲ ਰਿਹਾ ਹੈ।ਅਰੰਭੇ-ਬਣਾਏ; ਸ਼ੁਰੂ ਕੀਤੇ।ਗੁਪਤਹੁ-ਗੁਪਤ ਰੂਪ ਤੋਂ।੧੫।ਤਾ ਕਾ-ਉਸ ਦਾ।ਤੇ-ਤੋਂ।ਸੋਝੀ-ਸਮਝ; ਗਿਆਨ।ਸਾਚਿ -ਸੱਚੇ ਨਾਮ ਵਿਚ।ਰਤੇ-ਰੰਗੇ ਗਏ ਹਨ।ਬਿਸਮਾਦੀ-ਹੈਰਾਨ ਹੁੰਦੇ ਹਨ।ਬਿਸਮ ਭਏ-ਹੈਰਾਨ ਹੋਏ।੧੬।੩।੧੫।

ਮਾਰੂ ਮਹਲਾ ੧ ॥ ਆਪੇ ਆਪੁ ਉਪਾਇ ਨਿਰਾਲਾ ॥ ਸਾਚਾ ਥਾਨੁ ਕੀਓ ਦਇਆਲਾ ॥ ਪਉਣ ਪਾਣੀ ਅਗਨੀ ਕਾ ਬੰਧਨੁ ,ਕਾਇਆ ਕੋਟੁ ਰਚਾਇਦਾ ॥੧॥ ਨਉ ਘਰ ਥਾਪੇ ਥਾਪਣਹਾਰੈ ॥ ਦਸਵੈ ਵਾਸਾ ਅਲਖ ਅਪਾਰੈ ॥ ਸਾਇਰ ਸਪਤ ਭਰੇ ਜਲਿ ਨਿਰਮਲਿ, ਗੁਰ ਮੁਖਿ ਮੈਲੁ ਨ ਲਾਇਦਾ ॥੨॥ ਰਵਿ ਸਸਿ ਦੀਪਕ ਜੋਤਿ ਸਬਾਈ ॥ ਆਪੇ ਕਰਿ ਵੇਖੈ ਵਡਿਆਈ ॥ ਜੋਤਿ ਸਰੂਪ ਸਦਾ ਸੁਖ ਦਾਤਾ, ਸਚੇ ਸੋਭਾ ਪਾਇਦਾ ॥੩॥ ਗੜ ਮਹਿ ਹਾਟ ਪਟਣ ਵਾਪਾਰਾ ॥ ਪੂਰੈ ਤੋਲਿ ਤੋਲੈ ਵਣਜਾਰਾ ॥ ਆਪੇ ਰਤਨੁ ਵਿਸਾਹੇ ਲੇਵੈ, ਆਪੇ ਕੀਮਤਿ ਪਾਇਦਾ ॥੪॥ ਕੀਮਤਿ ਪਾਈ ਪਾਵਣਹਾਰੈ ॥ ਵੇਪਰਵਾਹ ਪੂਰੇ ਭੰਡਾਰੈ ॥ ਸਰਬ ਕਲਾ ਲੇ ਆਪੇ ਰਹਿਆ, ਗੁਰਮੁਖਿ ਕਿਸੈ ਬੁਝਾਇਦਾ ॥੫॥ ਨਦਰਿ ਕਰੇ ਪੂਰਾ ਗੁਰੁ ਭੇਟੈ ॥ ਜਮੁ ਜੰਦਾਰੁ ਨ ਮਾਰੈ ਫੇਟੈ ॥ ਜਿਉ ਜਲ ਅੰਤਰਿ ਕਮਲੁ ਬਿਗਾਸੀ, ਆਪੇ ਬਿਗਸਿ ਧਿਆਇਦਾ ॥੬॥ (ਹੇ ਭਾਈ!) ਪ੍ਰਭੂ ਆਪ ਹੀ ਅਪਣੇ ਆਪ ਨੂੰ ਜਗਤ ਦੇ ਰੂਪ ਵਿਚ ਪੈਦਾ ਕਰਕੇ (ਜਗਤ ਤੋਂ) ਨਿਰਲੇਪ ਰਹਿੰਦਾ ਹੈ।ਦਿਆਲ ਪ੍ਰਭੂ ਨੇ ਸੱਚਾ ਅਸਥਾਨ (ਇਸ ਜਗਤ ਨੂੰ) ਅਪਣੇ ਰਹਿਣ ਲਈ ਬਣਾਇਆ ਹੈ {ਇਹੁ ਜਗੁ ਸਚੇ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ੪੬੩}।ਪੌਣ ਪਾਣੀ ਤੇ ਅੱਗ ਆਦਿ ਤੱਤਾਂ ਦਾ ਮੇਲ ਕਰਕੇ (ਪ੍ਰਭੂ ਨੇ) ਸਰੀਰ ਰੂਪ ਕਿਲ੍ਹਾ ਬਣਾਇਆ ਹੈ।੧।(ਹੇ ਭਾਈ!) ਰਚਨਹਾਰ ਪ੍ਰਭੂ ਨੇ ਸਰੀਰ ਰੂਪ ਕਿਲ੍ਹੇ ਦੇ ਨੌਂ ਇੰਦ੍ਰੇ ਬਣਾ ਦਿਤੇ ਹਨ।ਅਲੱਖ ਤੇ ਅਪਾਰ ਪ੍ਰਭੂ ਦਾ (ਇਸ ਕਿਲ੍ਹੇ ਦੇ) ਦਸਵੇਂ ਦੁਆਰ ਵਿਚ ਨਿਵਾਸ ਹੈ।(ਜਿਸ) ਗੁਰਮੁਖ ਦੇ ਸੱਤ ਸਰੋਵਰ (ਪੰਜ ਗਿਆਨ ਇੰਦ੍ਰੇ ,ਮਨ ਤੇ ਬੁੱਧੀ) ਨਾਮ ਰੂਪ ਨਿਰਮਲ ਜਲ ਨਾਲ ਭਰੇ ਰਹਿੰਦੇ ਹਨ, (ਉਸ ਨੂੰ) ਵਿਸ਼ੇ ਵਿਕਾਰਾਂ ਦੀ ਮੈਲ ਨਹੀਂ ਲਗਦੀ।੨।ਸੂਰਜ ਤੇ ਚੰਦ ਦੋ ਦੀਵੇ ਹਨ, ਇਨ੍ਹਾਂ ਵਿਚ ਸਾਰੀ ਰੋਸ਼ਨੀ (ਉਸ ਪ੍ਰਭੂ ਦੀ) ਹੈ; ਸੂਰਜ ਤੇ ਚੰਦ ਵਿਚ ਅਤੇ ਸਾਰੀ ਸ੍ਰਿਸਟੀ ਵਿਚ ਪ੍ਰਭੂ ਦੀ ਹੀ ਜੋਤ ਟਿਕੀ ਹੋਈ ਹੈ।(ਉਹ) ਆਪੇ ਹੀ ਜਗਤ ਨੂੰ ਰਚ ਕਰਕੇ ਅਪਣੀ ਵਡਿਆਈ ਦੇਖਦਾ ਹੈ।(ਉਹ) ਪ੍ਰਭੂ ਜੋਤੀ ਸਰੂਪ ਹੈ, ਸਦਾ ਸੁਖ ਦੇਣ ਵਾਲਾ ਹੈ, (ਜਿਹੜਾ ਮਨੁੱਖ) ਸੱਚੇ ਪ੍ਰਭੂ ਨਾਲ ਜੁੜਦਾ ਹੈ (ਉਹ ਲੋਕ ਪ੍ਰਲੋਕ ਵਿਚ) ਸੋਭਾ ਪਾਉਦਾ ਹੈ।੩।(ਹੇ ਭਾਈ!) ਸਰੀਰ ਰੂਪ ਕਿਲ੍ਹੇ ਵਿਚ ਗਿਆਨ ਇੰਦ੍ਰੇ ਮਾਨੋ ਸ਼ਹਿਰ ਦੀਆਂ ਦੁਕਾਨਾਂ ਹਨ, (ਜਿੱਥੇ ਗੁਰਮੁਖ ਸ਼ੁਭ ਗੁਣਾਂ ਦਾ) ਵਪਾਰ ਕਰਦਾ ਹੈ।(ਗੁਰਮੁਖ) ਵਣਜਾਰਾ ਪੂਰੇ ਤੋਲ ਨਾਲ ਤੋਲਦਾ (ਸੱਚ ਦਾ ਵਿਚਾਰ ਕਰਦਾ) ਹੈ।(ਗੁਰਮੁਖ ਦੇ ਹਿਰਦੇ ਵਿਚ ਵਸਦਾ) ਪ੍ਰਭੂ ਆਪ ਹੀ ਨਾਮ ਰੂਪ ਰਤਨ ਨੂੰ ਖ੍ਰੀਦ ਲੈਂਦਾ ਹੈ ਅਤੇ ਆਪ ਹੀ (ਨਾਮ ਰਤਨ ਦੀ) ਕੀਮਤ ਪਾਉਂਦਾ ਹੈ।੪।ਕੀਮਤ ਪਾਉਣ ਵਾਲੇ ਪ੍ਰਭੂ ਨੇ ਨਾਮ ਰਤਨ ਦੀ ਕੀਮਤ ਪਾਈ ਹੈ। ਵੇਪ੍ਰਵਾਹ ਪ੍ਰਭੂ ਦੇ ਭੰਡਾਰੇ ਭਰੇ ਪਏ ਹਨ।ਕਿਸੇ ਵਿਰਲੇ ਮਨੁੱਖ ਨੂੰ ਪ੍ਰਭੂ ਗੁਰੂ ਰਾਹੀਂ ਸਮਝ ਬਖਸ਼ਦਾ ਹੈ ਕਿ ਆਪ ਹੀ ਪ੍ਰਭੂ ਸਾਰੀਆਂ ਸ਼ਕਤੀਆਂ ਲੈ ਕੇ ਜਗਤ ਵਿਚ ਵਿਆਪਕ ਹੋ ਰਿਹਾ ਹੈ।੫।(ਹੇ ਭਾਈ!) ਜੇ ਪ੍ਰਭੂ ਮੇਹਰ ਦੀ ਨਜਰ ਕਰੇ ਤਾਂ ਪੂਰਾ ਗੁਰੂ ਮਿਲਦਾ ਹੈ।(ਫਿਰ) ਜਲਾਦ ਜਮ ਸੱਟ ਫੇਟ ਨਹੀਂ ਮਾਰਦਾ।ਜਿਵੇਂ ਪਾਣੀ ਅੰਦਰ ਕਮਲ ਫੁੱਲ ਖਿੜਦਾ ਹੈ, ਤਿਵੇਂ ਪ੍ਰਭੂ ਆਪ ਹੀ (ਉਸ ਮਨੁੱਖ ਦੇ ਅੰਦਰ) ਖਿੜ ਕੇ (ਅਪਣੇ ਆਪ ਨੂੰ) ਸਿਮਰਦਾ ਹੈ।੬।

ਪਦਾਰਥ = ਆਪੇ ਆਪੁ-ਅਪਣੇ ਆਪ ਨੂੰ।ਉਪਾਇ-ਪੈਦਾ ਕਰਕੇ।ਨਿਰਾਲਾ-ਨਿਰਲੇਪ; ਵੱਖਰਾ।ਸਾਚਾ ਥਾਨੁ-ਸੱਚਾ ਸਥਾਨ (ਸਾਧ ਸੰਗਤ; ਜਗਤ)।ਕੀਓ-ਬਣਾਇਆ ਹੈ।ਬੰਧਨੁ-ਮੇਲ (ਇਕੱਠਾ) ਕਰਕੇ।ਕਾਇਆ ਕੋਟੁ-ਸਰੀਰ ਰੂਪ ਕਿਲ੍ਹਾ।ਰਚਾਇਦਾ-ਬਣਾ ਦਿਤਾ।੧।ਨਉ ਘਰ-ਨੌਂ ਇੰਦ੍ਰੇ (ਨੱਕ ਕੰਨ ਆਦਿ)।ਥਾਪੇ-ਬਣਾਏ ਹਨ।ਥਾਪਣਹਾਰੈ-ਬਣਾਉਣ ਵਾਲੇ ਪ੍ਰਭੂ ਨੇ।ਦਸਵੈ-ਦਸਵੇਂ ਦੁਆਰ ਵਿਚ।ਅਲਖ-ਅਦ੍ਰਿਸ਼ਟ ਪ੍ਰਭੂ।ਅਪਾਰੈ-ਬੇਅੰਤ ਪ੍ਰਭੂ ਦਾ।ਸਾਇਰ ਸਪਤ-ਸੱਤ ਸਰੋਵਰ।ਜਲਿ ਨਿਰਮਲਿ-ਪਵਿਤ੍ਰ ਜਲ ਨਾਲ।ਗੁਰਮੁਖਿ-ਗੁਰੂ ਅਨੁਸਾਰੀ ਮਨੁੱਖ।੨।ਰਵਿ-ਸੂਰਜ ਵਿਚ।ਸਸਿ-ਚੰਦ ਵਿਚ।ਦੀਪਕ-ਦੀਵੇ।ਸਬਾਈ-ਸਾਰੀ ਸ੍ਰਿਸਟੀ ਵਿਚ ।ਕਰਿ-ਪੈਦਾ ਕਰਕੇ।ਦਾਤਾ-ਦੇਣ ਵਾਲਾ।੩।ਗੜ ਮਹਿ-ਸਰੀਰ ਰੂਪ ਕਿਲ੍ਹੇ ਵਿਚ।ਹਾਟ-ਹੱਟੀਆਂ।ਪਟਣ-ਸ਼ਹਿਰ।ਤੋਲਿ-ਤੋਲ ਨਾਲ।ਵਿਸਾਹੇ ਲੇਵੈ-ਖ੍ਰੀਦ ਲੈਂਦਾ ਹੈ।੪।ਭੰਡਾਰੈ-ਭੰਡਾਰੇ ਵਿਚ।ਸਰਬ ਕਲਾ-ਸਾਰੀ ਸ਼ਕਤੀ।ਲੇ-ਲੈ ਕੇ।ਰਹਿਆ-ਵਿਆਪਕ ਹੋ

ਰਿਹਾ ਹੈ। ਗੁਰਮੁਖਿ–ਗੁਰੂ ਰਾਹੀਂ।੫। ਨਦਰਿ ਕਰੇ–ਜੇ ਮਿਹਰ ਦੀ ਨਜਰ ਕਰੇ। ਭੇਟੈ–ਮਿਲਦਾ ਹੈ। ਜਮ ਜੰਦਾਰੁ–ਜਲਾਦ ਜਮ। ਫੇਟੈ–ਸੱਟ ਫੇਟ; ਧੱਕਾ। ਬਿਗਾਸੀ–ਖਿੜਦਾ ਹੈ। ਬਿਗਸਿ–ਖਿੜ ਕੇ; ਖੁਸ਼ ਹੋ ਕੇ।੬।

ਆਪੇ ਵਰਖੈ ਅੰਮ੍ਰਿਤ ਧਾਰਾ ॥ ਰਤਨ ਜਵੇਹਰ ਲਾਲ ਅਪਾਰਾ ॥ ਸਤਿਗੁਰੁ ਮਿਲੈ ਤ ਪੂਰਾ ਪਾਈਐ, ਪ੍ਰੇਮ ਪਦਾਰਥੁ ਪਾਇਦਾ ॥੭॥ ਪ੍ਰੇਮ ਪਦਾਰਥੁ ਲਹੈ ਅਮੋਲੋ ॥ ਕਬ ਹੀ ਨ ਘਾਟਸਿ ਪੂਰਾ ਤੋਲੋ ॥ ਸਚੇ ਕਾ ਵਾਪਾਰੀ ਹੋਵੈ, ਸਚੋ ਸਉਦਾ ਪਾਇਦਾ ॥੮॥ ਸਚਾ ਸਉਦਾ ਵਿਰਲਾ ਕੋ ਪਾਏ ॥ ਪੂਰਾ ਸਤਿਗੁਰੁ ਮਿਲੈ ਮਿਲਾਏ ॥ ਗੁਰਮੁਖਿ ਹੋਇ ਸੁ ਹੁਕਮੁ ਪਛਾਣੈ, ਮਾਨੈ ਹੁਕਮੁ ਸਮਾਇਦਾ ॥੯॥ (ਹੇ ਭਾਈ!) ਪ੍ਰਭ ਆਪ ਹੀ ਸਤਿਗੁਰੂ ਰੂਪ ਹੋ ਕੇ (ਸਿੱਖਾਂ ਦੇ ਅੰਦਰ) ਨਾਮ ਰੂਪ ਅੰਮ੍ਰਿਤ ਧਾਰਾ ਦੀ ਵਰਖਾ ਕਰਦਾ ਹੈ। (ਜਿਸ ਨਾਮ ਵਿਚ) ਬੇਅੰਤ ਰਤਨ ਜਵੇਹਰ ਤੇ ਲਾਲ ਹਨ (ਵੈਰਾਗ, ਗਿਆਨ ਤੇ ਵਿਵੇਕ ਆਦਿ ਦੈਵੀ ਗੁਣ ਬਹੁਤ ਹਨ)। ਜੇ ਸਤਿਗੁਰੂ ਮਿਲ ਪਵੇ, ਤਾਂ ਪੂਰਾ ਪ੍ਰਭੂ ਪਾਈਦਾ ਹੈ ਅਤੇ ਪ੍ਰੇਮ ਪਦਾਰਥ ਵੀ ਪਾ ਲਈਦਾ ਹੈ।੭। (ਜੋ ਮਨੁੱਖ) ਪ੍ਰਭੂ ਦੇ ਅਮੋਲਕ ਪ੍ਰੇਮ ਪਦਾਰਥ ਨੂੰ ਲੱਭ ਲੈਂਦਾ ਹੈ। (ਉਸ ਦਾ ਪ੍ਰੇਮ) ਤੋਲ ਵਿਚ ਪੂਰਾ ਹੁੰਦਾ ਹੈ, ਕਦੇ ਘਟਦਾ ਨਹੀਂ। (ਜੋ ਮਨੁੱਖ) ਸੱਚੇ ਪ੍ਰਭੂ ਦੇ ਨਾਮ ਦਾ ਵਪਾਰੀ ਹੁੰਦਾ ਹੈ, (ਉਹ) ਸੱਚਾ ਨਾਮ ਰੂਪ ਸੌਦਾ ਪਾ ਲੈਂਦਾ ਹੈ।੮। (ਹੇ ਭਾਈ! ਜੇ) ਪ੍ਰਭੂ ਦਾ ਮਿਲਾਇਆ ਪੂਰਾ ਸਤਿਗੁਰੂ ਮਿਲ ਜਾਵੇ, ਤਾਂ ਕੋਈ ਵਿਰਲਾ ਮਨੁੱਖ (ਸਤਿਗੁਰੂ ਪਾਸੋਂ) ਨਾਮ ਦਾ ਸੱਚਾ ਸੌਦਾ ਪ੍ਰਾਪਤ ਕਰਦਾ ਹੈ। ਜੋ ਗੁਰਮੁਖ ਹੁੰਦਾ ਹੈ, ਉਹ ਪ੍ਰਭੂ ਦੇ ਹੁਕਮ ਨੂੰ ਪਛਾਣਦਾ ਹੈ, (ਜੋ ਮਨੁੱਖ ਉਸ ਦੇ) ਹੁਕਮ ਨੂੰ ਮੰਨਦਾ ਹੈ, (ਉਹ) ਪ੍ਰਭੂ ਵਿਚ ਲੀਨ ਹੋ ਜਾਂਦਾ ਹੈ।੯।

ਅੰਗ ੧੦੩੭ = ਹੁਕਮੇ ਆਇਆ ਹੁਕਮਿ ਸਮਾਇਆ ॥ ਹੁਕਮੇ ਦੀਸੈ ਜਗਤੁ ਉਪਾਇਆ ॥ ਹੁਕਮੇ ਸੁਰਗੁ ਮਛੁ ਪਇਆਲਾ, ਹੁਕਮੇ ਕਲਾ ਰਹਾਇਦਾ ॥੧੦॥ ਹੁਕਮੇ ਧਰਤੀ ਧਉਲ ਸਿਰਿ ਭਾਰੰ ॥ ਹੁਕਮੇ ਪਉਣ ਪਾਣੀ ਗੈਣਾਰੰ ॥ ਹੁਕਮੇ ਸਿਵ ਸਕਤੀ ਘਰਿ ਵਾਸਾ, ਹੁਕਮੇ ਖੇਲ ਖੇਲਾਇਦਾ ॥੧੧॥ (ਹੇ ਭਾਈ! ਹਰੇਕ ਜੀਵ) ਪ੍ਰਭੂ ਦੇ ਹੁਕਮ ਨਾਲ ਜਗਤ ਵਿਚ ਆਉਂਦਾ ਹੈ ਅਤੇ (ਉਸ ਦੇ) ਹੁਕਮ ਨਾਲ ਹੀ ਸਮਾ (ਮਰ) ਜਾਂਦਾ ਹੈ। ਜਗਤ ਜੋ ਦਿਸ ਰਿਹਾ ਹੈ, (ਉਸ ਦੇ) ਹੁਕਮ ਨਾਲ ਹੀ ਪੈਦਾ ਹੋਇਆ ਹੈ। (ਉਸ ਦੇ) ਹੁਕਮ ਨਾਲ ਹੀ ਸੁਰਗ ਲੋਕ, ਮਾਤ ਲੋਕ ਅਤੇ ਪਤਾਲ ਲੋਕ ਬਣੇ ਹਨ ਅਤੇ ਹੁਕਮ ਵਿਚ ਹੀ (ਸਾਰੇ ਬ੍ਰਹਮੰਡ ਨੂੰ ਅਪਣੀ) ਸ਼ਕਤੀ ਨਾਲ ਟਿਕਾਈ ਰਖਦਾ ਹੈ; ਸਹਾਰਾ ਦੇਈ ਰਖਦਾ ਹੈ।੧੦। ਪ੍ਰਭੂ ਦੇ ਹੁਕਮ ਵਿਚ ਹੀ ਧਰਮ ਰੂਪ ਧਉਲੇ ਬਲਦ ਦੇ ਸਿਰ ਉਤੇ ਧਰਤੀ ਦਾ ਭਾਰ ਹੈ। (ਉਸ ਦੇ) ਹੁਕਮ ਵਿਚ ਹੀ ਪੌਣ ਪਾਣੀ ਅਤੇ ਅਕਾਸ਼ ਹੈ। ਪ੍ਰਭੂ ਦੇ ਹੁਕਮ ਵਿਚ ਹੀ ਜੀਵਾਤਮਾ ਦਾ ਮਾਇਆ ਦੇ ਘਰ ਵਿਚ ਵਾਸਾ ਹੁੰਦਾ ਹੈ; ਹੁਕਮ ਵਿਚ ਹੀ ਜੀਵਾਤਮਾ ਤੇ ਮਾਇਆ ਦਾ ਸਰੀਰ ਘਰ ਵਿਚ ਵਾਸਾ ਹੁੰਦਾ ਹੈ, ਹੁਕਮ ਵਿਚ ਹੀ (ਉਹ ਜਗਤ ਤਮਾਸ਼ੇ ਦੀ ਸਾਰੀ) ਖੇਡ ਖਿਡਾ ਰਿਹਾ ਹੈ।੧੧।

ਪਦਾਰਥ = ਵਰਖੈ–ਮੀਂਹ ਵਰਸਾਉਂਦਾ ਹੈ। ਰਤਨ ਜਵੇਹਰ ਲਾਲ–ਵੈਰਾਗ, ਗਿਆਨ ਤੇ ਪ੍ਰੇਮ (ਸੰ.ਸ.; ਫ.ਸ.)। ਅਪਾਰਾ–ਬੇਅੰਤ। ਪੂਰਾ–ਪੂਰਨ ਪ੍ਰਭੂ।੭। ਲਹੈ–ਲੱਭ ਲੈਂਦਾ ਹੈ। ਅਮੋਲੋ–ਅਮੋਲਕ। ਕਬ ਹੀ–ਕਦੇ ਵੀ। ਨ ਘਾਟਸਿ–ਘਟਦਾ ਨਹੀਂ। ਸਚੋ–ਸਚਾ ਨਾਮ।੮। ਕੋ–ਕਈ। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਸੁ–ਉਹ। ਮਾਨੈ–ਮੰਨਦਾ ਹੈ। ਸਮਾਇਦਾ–ਲੀਨ ਹੋ ਜਾਂਦਾ ਹੈ।੯। ਹੁਕਮੇ–ਹੁਕਮ ਨਾਲ। ਆਇਆ–ਜਨਮ ਲੈ ਕੇ ਆਉਂਦਾ ਹੈ। ਸਮਾਇਆ–ਮਰ ਜਾਂਦਾ ਹੈ। ਉਪਾਇਆ–ਪੈਦਾ ਹੋਇਆ ਹੈ। ਮਛੁ–ਮਾਤ ਲੋਕ। ਕਲਾ–ਸ਼ਕਤੀ; ਸਹਾਰਾ। ਰਹਾਇਦਾ–ਟਿਕਾਈ ਰਖਦਾ ਹੈ।੧੦। ਧਉਲ ਸਿਰਿ–ਧਰਮ ਰੂਪ ਧਉਲੇ ਬਲਦ ਦੇ ਸਿਰ ਉਤੇ। ਗੈਣਾਰੰ–ਅਕਾਸ਼। ਸਿਵ–ਜੀਵਾਤਮਾ ਦਾ। ਸਕਤੀ ਘਰਿ–ਮਾਇਆ ਦੇ ਘਰ ਵਿਚ। ਖੇਲ ਖਿਲਾਇਦਾ–ਖੇਡ ਖਿਡਾ ਰਿਹਾ ਹੈ।੧੧।

ਹੁਕਮੇ ਆਡਾਣੇ ਆਗਾਸੀ ॥ ਹੁਕਮੇ ਜਲ ਥਲ ਤ੍ਰਿਭਵਣ ਵਾਸੀ ॥ ਹੁਕਮੇ ਸਾਸ ਗਿਰਾਸ ਸਦਾ ਫੁਨਿ, ਹੁਕਮੇ ਦੇਖਿ ਦਿਖਾਇਦਾ ॥੧੨॥ ਹੁਕਮਿ ਉਪਾਏ ਦਸ ਅਉਤਾਰਾ ॥ ਦੇਵ ਦਾਨਵ ਅਗਣਤ ਅਪਾਰਾ ॥ ਮਾਨੈ ਹੁਕਮੁ ਸੁ ਦਰਗਹ ਪੈਝੈ, ਸਾਚਿ ਮਿਲਾਇ ਸਮਾਇਦਾ ॥੧੩॥ ਹੁਕਮੇ ਜੁਗ ਛਤੀਹ ਗੁਦਾਰੇ ॥ ਹੁਕਮੇ ਸਿਧ ਸਾਧਿਕ ਵੀਚਾਰੇ ॥ ਆਪਿ ਨਾਥ ਨਥੀ ਸਭ ਜਾ ਕੀ, ਬਖਸੇ ਮੁਕਤਿ ਕਰਾਇਦਾ ॥੧੪॥ ਕਾਇਆ ਕੋਟੁ ਗੜੈ ਮਹਿ ਰਾਜਾ ॥ ਨੇਬ ਖਵਾਸ ਭਲਾ ਦਰਵਾਜਾ ॥ ਮਿਥਿਆ ਲੋਭੁ ਨਾਹੀ ਘਰਿ ਵਾਸਾ, ਲਬਿ ਪਾਪਿ ਪਛੁਤਾਇਦਾ ॥੧੫॥ ਸਤੁ ਸੰਤੋਖੁ ਨਗਰ ਮਹਿ ਕਾਰੀ ॥ ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥ ਨਾਨਕ ਸਹਜਿ ਮਿਲੈ ਜਗਜੀਵਨੁ ,ਗੁਰ ਸਬਦੀ ਪਤਿ ਪਾਇਦਾ ॥੧੬॥੪॥੧੬॥ (ਹੇ ਭਾਈ!) ਪ੍ਰਭੂ ਦੇ ਹੁਕਮ ਵਿਚ ਹੀ ਅਕਾਸ਼ ਅੱਡਿਆ ਹੋਇਆ (ਬਿਨਾ ਥੰਮਾਂ ਖੜ੍ਹਾ) ਹੈ। ਜਲਾਂ ਦੇ, ਥਲਾਂ ਦੇ ਅਤੇ ਤਿੰਨ੍ਹਾਂ ਭਵਨਾਂ ਦੇ ਵਸਣ ਵਾਲੇ ਜੀਵ (ਉਸ ਦੇ) ਹੁਕਮ ਵਿਚ ਹਨ। (ਉਸ ਦੇ) ਹੁਕਮ ਵਿਚ ਹੀ ਜੀਵ ਸਦਾ ਸੁਆਸ ਲੈਂਦੇ ਹਨ, ਹੁਕਮ ਵਿਚ ਹੀ ਜੀਵ ਭੋਜਨ ਖਾਂਦੇ ਹਨ; ਹੁਕਮ ਵਿਚ ਹੀ ਜੀਵਾਂ ਦੇ ਸੁਆਸ ਸਦਾ ਅੰਦਰ ਬਾਹਰ ਜਾਂਦੇ ਹਨ ਅਤੇ ਹੁਕਮ ਵਿਚ ਉਹ ਦੇਖ ਕੇ ਦਿਖਾਉਂਦਾ ਹੈ (ਹੁਕਮ ਨਾਲ ਹੀ ਨਜਰ ਕੰਮ ਕਰਦੀ ਹੈ)।੧੨। ਪ੍ਰਭੂ ਨੇ ਹੁਕਮ ਵਿਚ ਹੀ ਵਿਸ਼ਨੂੰ ਦੇ ਦਸ ਅਵਤਾਰ ਪੈਦਾ ਕੀਤੇ ਹਨ। (ਉਸ ਨੇ) ਹੁਕਮ ਵਿਚ ਹੀ ਅਣਗਿਣਤ ਦੇਵਤੇ ਅਤੇ ਬੇਅੰਤ ਦੈਂਤ ਪੈਦਾ ਕੀਤੇ ਹਨ। ਜੋ ਪ੍ਰਭੂ ਦੇ ਹੁਕਮ ਨੂੰ ਮੰਨਦਾ ਹੈ, ਉਹ ਪ੍ਰਭੂ ਦੀ ਦਰਗਾਹ ਵਿਚ ਆਦਰ ਪਾਉਂਦਾ ਹੈ, (ਪ੍ਰਭੂ ਉਸ ਨੂੰ) ਨਾਮ ਨਾਲ ਮਿਲਾ ਕੇ ਅਪਣੇ ਵਿਚ ਲੀਨ ਕਰ ਲੈਂਦਾ ਹੈ।੧੩। ਪ੍ਰਭੂ ਨੇ ਅਪਣੇ ਹੁਕਮ ਵਿਚ ਹੀ ਧੁੰਧੂਕਾਰ ਦੇ ਛੱਤੀ ਜੁਗ ਗੁਜਾਰ ਦਿਤੇ। (ਉਸ

ਦੇ) ਹੁਕਮ ਵਿਚ ਹੀ ਸਿੱਧ, ਸਾਧਨਾ ਕਰਨ ਵਾਲੇ ਮਨੁੱਖ ਅਤੇ ਵਿਚਾਰਵਾਨ ਪੈਦਾ ਹੋਏ ਹਨ।(ਸਾਰੀ ਸ੍ਰਿਸਟੀ ਦਾ ਉਹ) ਆਪ ਮਾਲਕ ਹੈ ਅਤੇ ਸਾਰੀ ਸ੍ਰਿਸਟੀ ਰਚਨਾ ਜਿਸ ਦੀ ਨੱਥੀ ਹੋਈ ਹੈ (ਹੁਕਮ ਵਿਚ ਪ੍ਰੋਈ ਹੋਈ ਹੈ, ਜਿਸ ਜੀਵ ਉਤੇ ਪ੍ਰਭੂ) ਬਖਸ਼ਿਸ਼ ਕਰਦਾ ਹੈ, (ਉਸ ਨੂੰ) ਮੁਕਤ ਕਰ ਦੇਂਦਾ ਹੈ।੧੪।(ਹੇ ਭਾਈ!) ਸਰੀਰ ਕਿਲ੍ਹਾ ਹੈ, ਇਸ ਕਿਲ੍ਹੇ ਵਿਚ ਪ੍ਰਭੂ (ਜਾਂ ਮਨ) ਰਾਜਾ ਹੈ। (ਉਸ ਕਿਲ੍ਹੇ ਦੇ) ਕਰਮ ਇੰਦ੍ਰੇ ਨਾਇਬ ਹਨ, ਗਿਆਨ ਇੰਦ੍ਰੇ ਖਾਸ ਸੇਵਕ ਹਨ ਅਤੇ ਮੂੰਹ ਸੋਹਣਾ ਦਰਵਾਜਾ ਹੈ।ਝੂਠ ਤੇ ਲੋਭ ਜੀਵ ਦਾ ਪ੍ਰਭੂ ਦੇ ਘਰ ਵਿਚ ਵਾਸਾ ਨਹੀਂ ਹੋਣ ਦਿੰਦੇ ਅਤੇ ਲੋਭ ਤੇ ਪਾਪ ਦੇ ਕਾਰਣ ਜੀਵ ਪਛਤਾਉਂਦਾ ਹੈ।੧੫।ਜਿਸ ਸਰੀਰ ਰੂਪ ਨਗਰ ਵਿਚ ਸਤ ਸੰਤੋਖ, ਜਤ, ਸਤ ਤੇ ਸੰਜਮ ਕਰਮਚਾਰੀ ਹਨ, (ਉਸ ਨਗਰ ਵਿਚ ਰਹਿਣ ਵਾਲਾ ਜੀਵ) ਪ੍ਰਭੂ ਦੀ ਸ਼ਰਣ ਟਿਕਿਆ ਰਹਿੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਮਨੁੱਖ ਨੂੰ) ਜਗਤ ਦਾ ਜੀਵਨ ਪ੍ਰਭੂ ਸਹਜੇ ਹੀ ਮਿਲ ਪੈਂਦਾ ਹੈ ਅਤੇ ਉਹ ਗੁਰੂ ਦੇ ਸ਼ਬਦ ਦੁਆਰਾ (ਲੋਕ ਪ੍ਰਲੋਕ ਵਿਚ) ਇੱਜਤ ਪਾ ਲੈਂਦਾ ਹੈ।੧੬।੪।੧੬।

ਪਦਾਰਥ = ਹੁਕਮੇ–ਹੁਕਮ ਵਿਚ।ਆਡਾਣੇ–ਅੱਡਿਆ (ਤਣਿਆ; ਫੈਲਿਆ) ਹੋਇਆ; ਅਕਾਸ਼ ਮੰਡਲ।ਆਗਾਸੀ–ਅਕਾਸ਼। ਤ੍ਰਿਭਵਣ–ਤਿੰਨਾਂ ਭਵਨਾਂ ਦੇ।ਵਾਸੀ–ਵਸਨੀਕ।ਗਿਰਾਸ–ਭੋਜਨ।ਫੁਨਿ–ਫਿਰ; ਅਤੇ।੧੨।ਉਪਾਏ–ਪੈਦਾ ਕੀਤੇ।ਦੇਵ–ਦੇਵਤੇ। ਦਾਨਵ–ਦੈਂਤ।ਅਗਣਤ–ਅਣਗਿਣਤ।ਅਪਾਰਾ–ਬੇਅੰਤ।ਮਾਨੈ–ਮੰਨਦਾ ਹੈ।ਸੁ–ਉਹ।ਪੈਝੈ–ਆਦਰ ਪਾਉਂਦਾ ਹੈ।ਸਾਚਿ–ਸੱਚੇ ਨਾਮ ਨਾਲ।੧੩।ਗੁਦਾਰੇ–ਗੁਜਾਰ ਦਿਤੇ।ਸਾਧਿਕ–ਸਾਧਨਾ ਕਰਨ ਵਾਲੇ ਮਨੁੱਖ।ਵੀਚਾਰੇ–ਵਿਚਾਰਵਾਨ।ਨਾਥੁ–ਮਾਲਕ।ਨਥੀਂ– ਨੱਥੀ (ਪ੍ਰੋਈ) ਹੋਈ।ਜਾ ਕੀ–ਜਿਸ ਦੀ।ਬਖਸੇ–ਬਖਸਿਸ਼ ਕਰਦਾ ਹੈ।੧੪।ਕਾਇਆ–ਸਰੀਰ।ਕੋਟੁ–ਕਿਲ੍ਹਾ।ਗੜੈ ਮਹਿ–ਕਿਲ੍ਹੇ ਵਿਚ।ਰਾਜਾ–ਪ੍ਰਭੂ ਰਾਜਾ; ਮਨ ਰਾਜਾ ਹੈ (ਸ਼ਬਦਾਰਥ)।ਨੇਬ–ਨਾਇਬ; ਮੰਤ੍ਰੀ।ਖਵਾਸ–ਖਾਸ ਨੌਕਰ।ਭਲਾ–ਸੋਹਣਾ।ਮਿਥਿਆ– ਝੂਠ।ਘਰਿ–ਘਰ ਵਿਚ।ਲਬਿ ਪਾਪਿ–ਲੋਭ ਤੇ ਪਾਪ ਕਰਕੇ।੧੫।ਸਤੁ–ਨੇਕੀ; ਭਲਾਈ।ਨਗਰ ਮਹਿ–ਸਰੀਰ ਨਗਰ ਵਿਚ।ਕਾਰੀ– ਕਰਮਚਾਰੀ।ਜਤੁ–ਕਾਮ ਵਾਸ਼ਨਾ ਨੂੰ ਕਾਬੂ ਰਖਣਾ।ਸੰਜਮੁ–ਇੰਦ੍ਰੀਆਂ ਨੂੰ ਵਿਕਾਰਾਂ ਤੋਂ ਰੋਕ ਰਖਣਾ।ਮੁਰਾਰੀ–ਪ੍ਰਮਾਤਮਾ।ਸਹਜਿ– ਸੁਤੇ ਸਿਧ ਹੀ।ਜਗਜੀਵਨੁ–ਜਗਤ ਦਾ ਜੀਵਨ।ਗੁਰ ਸਬਦੀ–ਗੁਰੂ ਦੇ ਸ਼ਬਦ ਦੁਆਰਾ।ਪਤਿ–ਇੱਜਤ।੧੬।੪।੧੬।

ਮਾਰੂ ਮਹਲਾ ੧ ॥ ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ ॥ ਆਪੇ ਕੁਦਰਤਿ ਕਰਿ ਕਰਿ ਦੇਖੈ, ਸੁੰਨਹੁ ਸੁੰਨੁ ਉਪਾਇਦਾ ॥੧॥ ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥ ਅਗਨਿ ਪਾਣੀ ਜੀਉ ਜੋਤਿ ਤੁਮਾਰੀ, ਸੁੰਨੇ ਕਲਾ ਰਹਾਇਦਾ ॥੨॥ ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ ॥ ਸੁੰਨੇ ਵਰਤੇ ਜੁਗ ਸਬਾਏ ॥ ਇਸੁ ਪਦ ਵੀਚਾਰੇ ਸੋ ਜਨੁ ਪੂਰਾ, ਤਿਸੁ ਮਿਲਿਐ ਭਰਮੁ ਚੁਕਾਇਦਾ ॥੩॥ ਸੁੰਨਹੁ ਸਪਤ ਸਰੋਵਰ ਥਾਪੇ ॥ ਜਿਨਿ ਸਾਜੇ ਵੀਚਾਰੇ ਆਪੇ ॥ ਤਿਤੁ ਸਤ ਸਰਿ ਮਨੂਆ ਗੁਰਮੁਖਿ ਨਾਵੈ, ਫਿਰਿ ਬਾਹੁੜਿ ਜੋਨਿ ਨ ਪਾਇਦਾ ॥੪॥ ਸੁਨਹੁ ਚੰਦੁ ਸੂਰਜੁ ਗੈਣਾਰੇ ॥ ਤਿਸ ਕੀ ਜੋਤਿ ਤ੍ਰਿਭਵਣਿ ਸਾਰੇ ॥ ਸੁੰਨੇ ਅਲਖ ਅਪਾਰ ਨਿਰਾਲਮੁ ,ਸੁੰਨੇ ਤਾੜੀ ਲਾਇਦਾ ॥੫॥ ਸੁੰਨਹੁ ਧਰਤਿ ਅਕਾਸੁ ਉਪਾਏ ॥ ਬਿਨੁ ਥੰਮਾ ਰਾਖੇ ਸਚੁ ਕਲ ਪਾਏ ॥ ਤ੍ਰਿਭਵਣ ਸਾਜਿ ਮੇਖੁਲੀ ਮਾਇਆ, ਆਪਿ ਉਪਾਇ ਖਪਾਇਦਾ ॥੬॥ (ਹੇ ਭਾਈ!) ਪਰੇ ਤੋਂ ਪਰੇ ਅਫੁਰ ਪ੍ਰਮਾਤਮਾ ਨੇ ਅਪਣੀ ਤਾਕਤ ਆਪ ਹੀ ਧਾਰਨ ਕੀਤੀ ਹੋਈ ਹੈ।ਅਪਰ ਅਪਾਰ ਪ੍ਰਮਾਤਮਾ ਅਪਣੇ ਸਹਾਰੇ ਤੇ ਆਪ ਹੈ (ਉਸ ਨੂੰ ਕਿਸੇ ਸਹਾਰੇ ਦੀ ਲੋੜ ਨਹੀਂ)।ਉਹ ਅਫੁਰ ਅਵਸਥਾ ਤੋਂ ਅਫੁਰ ਅਵਸਥਾ ਆਪ ਹੀ ਪੈਦਾ ਕਰਦਾ ਹੈ ਭਾਵ ਸੁੰਨ ਅਵਸਥਾ ਵੀ ਆਪ ਹੀ ਪੈਦਾ ਕਰਦਾ ਹੈ ਅਤੇ ਆਪ ਹੀ ਅਪਣੀ ਜਗਤ ਰਚਨਾ ਪੈਦਾ ਕਰਕੇ ਦੇਖਦਾ (ਸੰਭਾਲਦਾ) ਹੈ।੧।(ਹੇ ਭਾਈ!) ਪੌਣ ਪਾਣੀ ਆਦਿ ਤੱਤ ਅਫੁਰ ਪ੍ਰਭੂ ਤੋਂ ਹੀ ਪੈਦਾ ਹੋਏ ਹਨ।ਸ੍ਰਿਸਟੀ ਪੈਦਾ ਕਰਕੇ (ਪ੍ਰਭੂ ਨੇ ਅਪਣੇ ਤੋਂ ਹੀ) ਸਰੀਰ ਰੂਪ ਕਿਲ੍ਹਿਆਂ ਦੇ ਮਨ ਰੂਪ ਰਾਜੇ ਪੈਦਾ ਕਰ ਦਿਤੇ ਹਨ।(ਹੇ ਪ੍ਰਭੂ!) ਅੱਗ ਤੇ ਪਾਣੀ ਆਦਿ ਤੱਤਾਂ ਦੇ ਸਰੀਰ ਵਿਚ ਜੀਵਾਤਮਾ ਤੇਰੀ ਜੋਤ ਹੈ, (ਸ੍ਰਿਸਟੀ) ਪੈਦਾ ਕਰਨ ਦੀ ਸ਼ਕਤੀ ਤੂੰ ਸੁੰਨ ਵਿਚ ਰਖੀ ਹੋਈ ਹੈ।੨।ਸੁੰਨ ਪ੍ਰਭੂ ਤੋਂ ਹੀ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਪੈਦਾ ਹੋਏ ਹਨ।ਸੁੰਨ ਅਵਸਥਾ ਵਿਚ ਹੀ ਸਾਰੇ ਜੁਗ ਵਰਤਦੇ ਗਏ ਹਨ।ਉਹ ਮਨੁੱਖ ਪੂਰਨ ਹੈ, ਜੋ ਇਸ ਸੁੰਨ ਅਵਸਥਾ ਨੂੰ ਵਿਚਾਰਦਾ ਹੈ, ਉਸ ਨੂੰ ਮਿਲਣ ਨਾਲ ਸਾਰੇ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ।੩।ਪ੍ਰਭੂ ਨੇ ਅਫੁਰ ਅਵਸਥਾ ਤੋਂ ਸੱਤ ਸਰੋਵਰ (ਪੰਜ ਗਿਆਨ ਇੰਦ੍ਰੇ ,ਮਨ ਤੇ ਬੁੱਧੀ) ਬਣਾਏ ਹਨ।ਜਿਸ ਪ੍ਰਭੂ ਨੇ ਇਹ ਬਣਾਏ ਹਨ, ਉਹ ਆਪ ਹੀ (ਇਨ੍ਹਾਂ ਦਾ) ਖਿਆਲ ਰਖਦਾ ਹੈ।(ਜਿਸ ਮਨੁੱਖ ਦਾ) ਮਨ ਗੁਰੂ ਦੀ ਸ਼ਰਣ ਵਿਚ ਪੈ ਕੇ ਉਸ ਸੱਚੇ ਸਰੋਵਰ ਵਿਚ ਨ੍ਹਾਉਂਦਾ ਹੈ, ਫਿਰ (ਉਹ) ਮੁੜ ਕੇ ਜੂਨਾਂ ਵਿਚ ਨਹੀਂ ਪਾਇਆ ਜਾਂਦਾ।੪।ਸੁੰਨ ਪ੍ਰਭੂ ਤੋਂ ਹੀ ਚੰਦ ਤੇ ਸੂਰਜ ਅਕਾਸ਼ ਵਿਚ ਟਿਕੇ ਹੋਏ ਹਨ।ਉਸ ਪ੍ਰਭੂ ਦੀ ਜੋਤ ਤਿੰਨਾਂ ਭਵਨਾਂ ਵਿਚ ਸਾਰੇ ਪਾਸੇ ਪਸਰ ਰਹੀ ਹੈ।ਅਦ੍ਰਿਸ਼ਟ ਤੇ ਬੇਅੰਤ ਪ੍ਰਭੂ ਅਫੁਰ ਦਸ਼ਾ ਵਿਚ ਬਿਨਾ ਸਹਾਰੇ ਰਹਿੰਦਾ ਹੈ ਅਤੇ ਅਫੁਰ ਅਵਸਥਾ ਵਿਚ ਸਮਾਧੀ ਲਾਈ ਰਖਦਾ ਹੈ।੫।ਸੁੰਨ ਅਵਸਥਾ ਤੋਂ ਹੀ ਪ੍ਰਭੂ ਨੇ ਧਰਤੀ ਤੇ ਅਕਾਸ਼ ਪੈਦਾ ਕੀਤੇ ਹਨ।(ਇਹ ਸਭ) ਪ੍ਰਭੂ ਨੇ ਅਪਣੀ ਸ਼ਕਤੀ ਪਾ ਕੇ ਬਿਨਾ ਥੰਮਾ ਦੇ ਰੱਖੇ ਹੋਏ ਹਨ ।ਤਿੰਨ ਭਵਨ ਪੈਦਾ ਕਰਕੇ ਪ੍ਰਭੂ (ਆਪ ਇਨ੍ਹਾਂ ਨੂੰ) ਮਾਇਆ ਦੀ ਰੱਸੀ ਨਾਲ ਬੰਨ੍ਹੀ ਰਖਦਾ ਹੈ (ਤਿੰਨੇ ਭਵਨਾਂ ਉਤੇ ਮਾਇਆ ਰੂਪ ਗੋਦੜੀ ਪਾਈ ਹੋਈ ਹੈ), ਆਪ ਹੀ ਸ੍ਰਿਸਟੀ ਨੂੰ ਪੈਦਾ ਕਰਕੇ ਆਪ ਹੀ ਨਾਸ਼ ਕਰਦਾ ਹੈ।੬।

ਪਦਾਰਥ = ਸੁੰਨ–ਅਫੁਰ (ਨਿਰਵਿਕਲਪ) ਪ੍ਰਮਾਤਮਾ; ਪ੍ਰਭੂ ਦੀ ਉਹ ਦਸ਼ਾ, ਜਦੋਂ ਰਚਨਾ ਨਹੀਂ ਸੀ (ਜਦੋਂ ਪ੍ਰਭੂ ਤੋਂ ਬਿਨਾ ਸੁੰਨ ਹੀ ਸੁੰਨ ਸੀ, ਹੋਰ ਕੁਛ ਵੀ ਨਹੀਂ ਸੀ)। ਅਪਰੰਪਰਿ–ਪਰੇ ਤੋਂ ਪਰੇ ਪ੍ਰਭੂ ਨੇ (ਜਿਸ ਤੋਂ ਪਰੇ ਹੋਰ ਕੁਛ ਨਹੀਂ)। ਕਲਾ–ਸ਼ਕਤੀ; ਸੱਤਾ। ਧਾਰੀ–ਧਾਰਨ ਕੀਤੀ ਹੋਈ ਹੈ। ਨਿਰਾਲਮੁ (ਨਿਰ ਆਲੰਬ)–ਬਿਨਾ ਕਿਸੇ ਸਹਾਰੇ ਦੇ; ਨਿਰਲੇਪ। ਅਪਰ ਅਪਾਰੀ–ਪਾਰ ਰਹਿਤ ਪ੍ਰਮਾਤਮਾ, ਜਿਸ ਤੋਂ ਪਰੇ ਹੋਰ ਕੋਈ ਨਹੀਂ। ਕੁਦਰਤਿ–ਰਚਨਾ; ਮਾਇਆ; ਸ਼ਕਤੀ। ਕਰਿ ਕਰਿ–ਪੈਦਾ ਕਰਕੇ। ਦੇਖੈ–ਦੇਖਦਾ (ਸੰਭਾਲਦਾ) ਹੈ। ਸੁੰਨਹੁ ਸੁੰਨ–ਨਿਰੋਲ ਸੁੰਨ ਅਵਸਥਾ। ਉਪਾਇਦਾ–ਪੈਦਾ ਕਰਦਾ ਹੈ।੧। ਸੁੰਨੈ ਤੇ–ਅਫੁਰ ਪ੍ਰਭੂ ਤੋਂ। ਸਾਜੇ–ਪੈਦਾ ਹੋਏ। ਉਪਾਇ–ਪੈਦਾ ਕਰਕੇ। ਕਾਇਆ ਗੜ–ਸਰੀਰ ਰੂਪ ਕਿਲ੍ਹਿਆਂ ਦੇ। ਰਾਜੇ–ਮਨ ਰੂਪ ਰਾਜੇ। ਜੀਉ–ਜੀਵਾਤਮਾ। ਸੁੰਨੇ–ਅਫੁਰ ਦਸ਼ਾ ਵਿਚ। ਰਹਾਇਦਾ–ਰੱਖੀ ਹੋਈ ਹੈ।੨। ਸੁਨਹੁ–ਅਫੁਰ (ਨਿਰਗੁਣ) ਪ੍ਰਭੂ ਤੋਂ। ਮਹੇਸੁ–ਸ਼ਿਵ ਜੀ। ਪਦ–ਅਵਸਥਾ ਨੂੰ। ਸੋ ਜਨੁ–ਉਹ ਮਨੁੱਖ। ਪੂਰਾ–ਪੂਰਨ ਗੁਣਵਾਨ। ਤਿਸੁ–ਉਸ ਨੂੰ। ਚੁਕਾਇਦਾ–ਦੂਰ ਹੋ ਜਾਂਦੇ ਹਨ।੩। ਸਪਤ ਸਰੋਵਰ–ਸੱਤ ਸਰੋਵਰ (ਪੰਜ ਗਿਆਨ ਇੰਦ੍ਰੇ ,ਮਨ ਤੇ ਬੁੱਧੀ)। ਥਾਪੇ–ਬਣਾਏ। ਜਿਨਿ–ਜਿਸ ਪ੍ਰਭੂ ਨੇ। ਸਾਜੇ–ਬਣਾਏ। ਤਿਤੁ–ਉਸ। ਸਤ ਸਰਿ–ਸੱਚੇ ਸਰੋਵਰ ਵਿਚ; ਸਤ ਸੰਗਤ; ਅੰਮ੍ਰਿਤ ਦਾ ਸਰੋਵਰ; ਸਤ ਸੰਤੋਖ ਦਇਆ ਧਰਮ ਧੀਰਜ ਵੈਰਾਗ ਤੇ ਗਿਆਨ (ਇਹ ਸੱਤ ਸਰੋਵਰ ਹਨ)। ਗੁਰਮੁਖਿ–ਗੁਰੂ ਦੀ ਸ਼ਰਣ ਵਿਚ ਪੈ ਕੇ। ਨਾਵੈ–ਨ੍ਹਾਉਂਦਾ ਹੈ। ਫਿਰਿ ਬਾਹੁੜਿ–ਫਿਰ ਮੁੜ ਕੇ। ਜੋਨਿ–ਜੂਨਾਂ ਵਿਚ। ਨ ਪਾਇਦਾ–ਪਾਇਆ ਨਹੀਂ ਜਾਂਦਾ।੪। ਗੈਣਾਰੇ–ਅਕਾਸ਼। ਤ੍ਰਿਭਵਣ–ਤਿੰਨ ਭਵਨ (ਮਾਤ ਲੋਕ, ਸੁਰਗ ਲੋਕ ਅਤੇ ਪਤਾਲ ਲੋਕ)। ਸਾਰੇ–ਸਾਰੇ ਪਾਸੇ। ਸੁੰਨੇ–ਸੁੰਨ ਅਵਸਥਾ ਵਿਚ ਹੀ। ਅਲਖ–ਅਦ੍ਰਿਸ਼ਟ; ਅਸ਼ੁੱਧ ਮਨ ਤੋਂ ਨਾ ਜਾਣਿਆ ਜਾਣ ਵਾਲਾ। ਅਪਾਰ–ਬੇਅੰਤ। ਤਾੜੀ–ਸਮਾਧੀ।੫। ਕਲ–ਸ਼ਕਤੀ। ਪਾਏ–ਪਾ ਕੇ। ਮੇਖੁਲੀ–ਤੜਾਗੀ (ਰੱਸੀ); ਗੋਦੜੀ; ਲੇਫ। (ਸਿਵੇ ਨੂੰ ਕੀਲਣ ਲਈ ਉਸ ਦੇ ਦੁਆਲੇ ਮੇਖਾਂ ਗੱਡੀਆਂ ਜਾਂਦੀਆ ਹਨ, ਭਾਵ ਮਾਇਆ ਨੇ ਸਾਰੇ ਜਗਤ ਨੂੰ ਕੀਲ ਰੱਖਿਆ ਹੈ)। ਖਪਾਇਦਾ–ਨਾਸ਼ ਕਰਦਾ ਹੈ।੬।

ਸੁੰਨਹੁ ਖਾਣੀ ਸੁੰਨਹੁ ਬਾਣੀ ॥ ਸੁੰਨਹੁ ਉਪਜੀ ਸੁੰਨਿ ਸਮਾਣੀ ॥ ਉਤਭੁਜੁ ਚਲਤੁ ਕੀਆ ਸਿਰਿ ਕਰਤੈ, ਬਿਸਮਾਦੁ ਸਬਦਿ ਦੇਖਾਇਦਾ ॥੭॥ ਸੁੰਨਹੁ ਰਾਤਿ ਦਿਨਸੁ ਦੁਇ ਕੀਏ ॥ ਓਪਤਿ ਖਪਤਿ ਸੁਖਾ ਦੁਖ ਦੀਏ ॥ ਸੁਖ ਦੁਖ ਹੀ ਤੇ ਅਮਰੁ ਅਤੀਤਾ, ਗੁਰਮੁਖਿ ਨਿਜ ਘਰੁ ਪਾਇਦਾ ॥੮॥ ਅਫੁਰ ਪ੍ਰਭੂ ਤੋਂ ਹੀ ਚਾਰ ਖਾਣੀਆਂ ਅਤੇ ਚਾਰ ਬਾਣੀਆਂ ਪੈਦਾ ਹੋਈਆਂ ਹਨ। ਸਾਰੀ ਸ੍ਰਿਸਟੀ ਰਚਨਾ ਅਫੁਰ ਪ੍ਰਭੂ ਤੋਂ ਪੈਦਾ ਹੋਈ ਹੈ ਅਤੇ ਅਫੁਰ ਪ੍ਰਭੂ ਵਿਚ ਹੀ ਮਿਲ ਜਾਂਦੀ ਹੈ। ਕਰਤਾਰ ਨੇ ਸਭ ਤੋਂ ਪਹਿਲਾਂ ਉਤਭੁਜ ਰਚ ਕੇ ਕੌਤਕ ਕੀਤਾ (ਜਿਵੇਂ ਧਰਤੀ ਵਿਚੋਂ ਬਨਸਪਤੀ ਅਪਣੇ ਆਪ ਉਗ ਪੈਂਦੀ ਹੈ, ਇਵੇਂ ਹੀ ਜਗਤ ਰਚਨਾ ਦਾ ਕੌਤਕ ਕੀਤਾ ਹੈ), ਅਪਣੇ ਹੁਕਮ ਨਾਲ ਹੈਰਾਨ ਕਰਨ ਵਾਲਾ ਜਗਤ ਤਮਾਸ਼ਾ ਦਿਖਾ ਦਿਤਾ ਹੈ।੭। ਪ੍ਰਭੂ ਨੇ ਅਫੁਰ ਵਿਚ ਹੀ ਰਾਤ ਤੇ ਦਿਨ ਦੋਵੇਂ ਪੈਦਾ ਕੀਤੇ ਹਨ। ਉਤਪਤੀ ਤੇ ਵਿਨਾਸ਼ ਪ੍ਰਭੂ ਆਪ ਕਰਦਾ ਹੈ, (ਕਰਮਾਂ ਅਨੁਸਾਰ) ਸੁਖ ਤੇ ਦੁਖ ਵੀ ਉਹ ਆਪ ਹੀ ਦੇਂਦਾ ਹੈ। ਗੁਰਮੁਖ ਸੁਖ ਤੇ ਦੁਖ ਤੋਂ ਵਿਰੱਕਤ ਰਹਿੰਦਾ ਹੈ ਤੇ ਅਮਰ ਹੋ ਜਾਂਦਾ ਹੈ ਅਤੇ ਅਪਣੇ ਅਸਲੀ ਘਰ ਨੂੰ ਪ੍ਰਾਪਤ ਕਰ ਲੈਂਦਾ ਹੈ।੮।

ਅੰਗ ੧੦੩੮ = ਸਾਮ ਵੇਦੁ ਰਿਗੁ ਜੁਜਰੁ ਅਥਰਬਣੁ ॥ ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ ॥ ਤਾ ਕੀ ਕੀਮਤਿ ਕਹਿ ਨ ਸਕੈ ਕੋ, ਤਿਉ ਬੋਲੇ ਜਿਉ ਬੋਲਾਇਦਾ ॥੯॥ ਸੁੰਨਹੁ ਸਪਤ ਪਾਤਾਲ ਉਪਾਏ ॥ ਸੁੰਨਹੁ ਭਵਣ ਰਖੇ ਲਿਵ ਲਾਏ ॥ ਆਪੇ ਕਾਰਣੁ ਕੀਆ ਅਪਰੰਪਰਿ, ਸਭੁ ਤੇਰੋ ਕੀਆ ਕਮਾਇਦਾ ॥੧੦॥ ਰਜ ਤਮ ਸਤ ਕਲ ਤੇਰੀ ਛਾਇਆ ॥ ਜਨਮ ਮਰਣ ਹਉਮੈ ਦੁਖੁ ਪਾਇਆ ॥ ਜਿਸ ਨੋ ਕ੍ਰਿਪਾ ਕਰੇ ਹਰਿ ਗੁਰਮੁਖਿ, ਗੁਣਿ ਚਉਥੈ ਮੁਕਤਿ ਕਰਾਇਦਾ ॥੧੧॥ ਸੁਨਹੁ ਉਪਜੇ ਦਸ ਅਵਤਾਰਾ ॥ ਸ੍ਰਿਸਟਿ ਉਪਾਇ ਕੀਆ ਪਾਸਾਰਾ ॥ ਦੇਵ ਦਾਨਵ ਗਣ ਗੰਧਰਬ ਸਾਜੇ, ਸਭਿ ਲਿਖਿਆ ਕਰਮ ਕਮਾਇਦਾ ॥੧੨॥ ਸ਼ਾਮ, ਰਿਗ, ਜੁਜਰ ਅਤੇ ਅਥਰਬਣ ਚਾਰ ਵੇਦ ਹਨ। ਬ੍ਰਹਮਾ ਦੇ ਮੂੰਹ ਤੋਂ ਜੋ ਨਿਕਲਿਆ, ਉਹ ਤ੍ਰੈ ਗੁਣੀ ਮਾਇਆ ਹੀ ਸੀ ਭਾਵ ਤਿੰਨ ਗੁਣਾਂ ਦਾ ਵਿਚਾਰ ਕਰਨ ਵਾਲੇ ਵੇਦ ਬ੍ਰਹਮਾਂ ਦੇ ਮੁਖ ਤੋਂ ਨਿਕਲੇ (ਸ਼ਬਦਾਰਥ); ਚਾਰੇ ਵੇਦ ਤੇ ਮੁਖੀ ਬ੍ਰਹਮਾ ਦੀ ਉਤਪਤੀ ਮਾਇਆ ਦੇ ਤਿੰਨ ਗੁਣਾਂ ਤੋਂ ਹੀ ਹੋਈ ਹੈ (ਫ.ਸ.; ਸੰ.ਸ.; ਨਿਰਣੈ)। ਉਸ ਪ੍ਰਭੂ ਦੀ ਕੀਮਤ ਕੋਈ (ਦੇਵੀ ਦੇਵਤਾ) ਨਹੀਂ ਕਹਿ ਸਕਦਾ, ਜਿਵੇਂ (ਕਿਸੇ ਨੂੰ ਪ੍ਰਭੂ) ਬੁਲਾਂਵਦਾ ਹੈ, ਤਿਵੇਂ (ਉਹ) ਬੋਲਦਾ ਹੈ।੯। ਪ੍ਰਭੂ ਨੇ ਅਪਣੀ ਅਫੁਰ ਅਵਸਥਾ ਤੋਂ ਹੀ ਸੱਤ ਪਤਾਲ (ਤੇ ਸੱਤ ਅਕਾਸ਼) ਪੈਦਾ ਕੀਤੇ। ਅਫੁਰ ਅਵਸਥਾ ਤੋਂ ਹੀ ਤਿੰਨ ਭਵਨ ਬਣਾਏ, ਜਿਹੜੇ ਪ੍ਰਭੂ ਵਿਚ ਲਿਵ ਲਾਈ ਰਖਦੇ ਹਨ; ਧਿਆਨ ਲਾ ਕੇ ਤਿੰਨ ਭਵਨ ਬਣਾ ਰੱਖੇ ਹਨ। ਪਰਕਿਰਤੀ ਦੇ ਪਾਰਾਵਾਰ ਤੋਂ ਪਰੇ ਪ੍ਰਭੂ ਨੇ ਆਪ ਹੀ ਜਗਤ ਰਚਨਾ ਦਾ ਕਾਰਣ ਕੀਤਾ ਹੈ, ਹੇ ਪ੍ਰਭੂ! ਸਾਰਾ ਜਗਤ ਤੇਰਾ ਕੀਤਾ ਹੁਕਮ ਕਮਾਉਂਦਾ ਹੈ।੧੦। (ਹੇ ਪ੍ਰਭੂ!) ਰਜੋ, ਤਮੋ, ਤੇ ਸਤੋ ਤਿੰਨੇ ਗੁਣ ਤੇਰੀ ਸ਼ਕਤੀ ਦੀ ਛਾਇਆ ਹਨ। (ਇਨ੍ਹਾਂ ਤਿੰਨ ਗੁਣਾਂ ਕਰਕੇ) ਹਉਮੈ ਵਿਚ ਫਸ ਕੇ ਜੀਵਾਂ ਨੇ ਜਨਮ ਮਰਣ ਦਾ ਦੁਖ ਪਾਇਆ ਹੈ। ਜਿਸ ਮਨੁੱਖ ਉਤੇ ਪ੍ਰਭੂ ਕ੍ਰਿਪਾ ਕਰਦਾ ਹੈ, (ਉਸ ਨੂੰ) ਗੁਰੂ ਦੁਆਰਾ (ਤਿੰਨ ਗੁਣਾਂ ਤੋਂ ਉਪਰ) ਚੌਥੇ ਗੁਣ ਵਿਚ ਪਹੁੰਚਾ ਕੇ ਮੁਕਤ ਕਰ ਦਿੰਦਾ ਹੈ।੧੧। ਸੁੰਨ ਅਵਸਥਾ ਤੋਂ ਹੀ ਵਿਸ਼ਨੂੰ ਦੇ ਦਸ ਅਵਤਾਰ ਪੈਦਾ ਹੋਏ ਹਨ। (ਪ੍ਰਭੂ ਨੇ) ਸ੍ਰਿਸਟੀ ਪੈਦਾ ਕਰਕੇ ਸਾਰਾ ਪਸਾਰਾ ਪੈਦਾ ਕੀਤਾ ਹੈ। ਦੇਵਤੇ, ਦੈਂਤ, ਗਣ ਤੇ ਗੰਧਰਬ ਸਾਜੇ ਹਨ, ਸਾਰੇ ਜੀਵ (ਉਸ ਪ੍ਰਭੂ ਦੇ) ਲਿਖੇ ਲੇਖਾਂ ਅਨੁਸਾਰ ਕਰਮ ਕਮਾਉਂਦੇ ਹਨ।੧੨।

ਪਦਾਰਥ = ਸੁਨਹੁ-ਅਫੁਰ ਪ੍ਰਭੂ ਤੋਂ। ਖਾਣੀ-ਚਾਰ (ਅੰਡਜ, ਜੇਰਜ, ਸੇਤਜ ਤੇ ਉਤਭੁਜ) ਖਾਣੀਆਂ। ਬਾਣੀ-ਚਾਰ ਤਰ੍ਹਾਂ ਦੀਆਂ ਬੋਲੀਆਂ (ਪਰਾ, ਪਸੰਤੀ, ਮਧਮਾ ਤੇ ਬੈਖਰੀ)। ਉਪਜੀ-ਪੈਦਾ ਹੋਈ। ਸਮਾਣੀ-ਮਿਲ ਜਾਂਦੀ ਹੈ। ਉਤਭੁਜੁ-ਬਨਸਪਤੀ। ਚਲਤੁ ਕੀਆ -ਕੌਤਕ ਕੀਤਾ। ਸਿਰਿ-ਰਚ ਕੇ; ਸਭ ਤੋਂ ਪਹਿਲਾਂ (ਸ਼ਬਦਾਰਥ; ਦਰਪਣ)। ਕਰਤੈ-ਕਰਤਾਰ ਨੇ। ਬਿਸਮਾਦੁ-ਹੈਰਾਨ ਕਰਨ ਵਾਲਾ। ਸਬਦਿ-ਹੁਕਮ ਨਾਲ।੭। ਦੁਇ-ਦੋਵੇਂ। ਕੀਏ-ਪੈਦਾ ਕੀਤੇ। ਓਪਤਿ-ਉਤਪਤੀ; ਜਨਮ। ਖਪਤਿ-ਵਿਨਾਸ਼; ਮੌਤ। ਦੀਏ-ਦੇਂਦਾ ਹੈ। ਤੇ-ਤੋਂ। ਅਤੀਤਾ-ਤਿਆਗੀ। ਅਮਰੁ-ਮੌਤ ਰਹਿਤ। ਗੁਰਮੁਖਿ-ਗੁਰੂ ਅਨੁਸਾਰੀ ਮਨੁੱਖ; ਗੁਰੂ ਦੁਆਰਾ। ਨਿਜ ਘਰੁ-ਅਪਣਾ ਅਸਲੀ ਘਰ (ਪ੍ਰਭੂ ਦੀ ਹਜੂਰੀ)। ਪਾਇਦਾ-ਪਾ ਲੈਂਦਾ ਹੈ।੮। ਸਾਮ, ਰਿਗੁ ,ਜੁਜਰ ਤੇ ਅਥਰਬਣੁ-ਚਾਰ ਵੇਦਾਂ ਦੇ ਨਾਮ ਹਨ। ਮੁਖਿ-ਮੂੰਹ ਤੋਂ; ਮੁਖੀ। ਤ੍ਰੈ ਗੁਣ-ਰਜੋ ਸਤੋ ਤੇ ਤਮੋ ਗੁਣ। ਤਾ ਕੀ-ਉਸ ਪ੍ਰਭੂ ਦੀ। ਕੋ-ਕੋਈ ਵੀ।੯। ਸਪਤ-ਸੱਤ। ਲਿਵ ਲਾਏ-ਧਿਆਨ ਲਾਈ ਰਖਦੇ ਹਨ; ਧਿਆਨ ਲਾ ਕੇ। ਭਵਣ-ਤਿੰਨ ਮਾਤ ਲੋਕ, ਸੁਰਗ ਤੇ ਪਤਾਲ ਲੋਕ। ਉਪਾਏ-ਪੈਦਾ ਕੀਤੇ। ਕਾਰਣੁ-ਜਗਤ ਰਚਨਾ ਦਾ ਮੁਖ ਕਾਰਣ। ਅਪਰੰਪਰਿ-ਪਰੇ ਤੋਂ ਪਰੇ ਪ੍ਰਭੂ ਨੇ। ਸਭੁ-ਸਾਰਾ ਜਗਤ। ਕੀਆ-ਕੀਤਾ ਹੁਕਮ।੧੦। ਰਜ ਤਮ ਸਤ-ਰਜੋ, ਤਮੋ ਤੇ ਸਤੋ ਤਿੰਨ ਗੁਣ। ਕਲਾ-ਤਾਕਤ। ਛਾਇਆ-ਪਰਛਾਵਾਂ; ਪ੍ਰਤੀਬਿੰਬ। ਗੁਣਿ ਚਉਥੈ-ਚੌਥੇ ਗੁਣ ਵਿਚ।੧੧। ਉਪਜੇ-ਪੈਦਾ ਹੋਏ। ਉਪਾਇ-ਪੈਦਾ ਕਰਕੇ। ਦਾਨਵ-ਦੈਂਤ। ਗਣ-ਦੇਵਤਿਆਂ ਦੇ ਸੇਵਕ। ਗੰਧਰਬ-ਦੇਵਤਿਆਂ ਦੇ ਗਵਈਏ। ਸਾਜੇ-ਪੈਦਾ ਕੀਤੇ।੧੨।

ਗੁਰਮੁਖਿ ਸਮਝੈ ਰੋਗੁ ਨ ਹੋਈ ॥ ਇਹ ਗੁਰ ਕੀ ਪਉੜੀ ਜਾਣੈ ਜਨੁ ਕੋਈ ॥ ਜੁਗਹ ਜੁਗੰਤਰਿ ਮੁਕਤਿ ਪਰਾਇਣ, ਸੋ ਮੁਕਤਿ ਭਇਆ ਪਤਿ ਪਾਇਦਾ ॥੧੩॥ ਪੰਚ ਤਤੁ ਸੁੰਨਹੁ ਪਰਗਾਸਾ ॥ ਦੇਹ ਸੰਜੋਗੀ ਕਰਮ ਅਭਿਆਸਾ ॥ ਬੁਰਾ ਭਲਾ ਦੁਇ ਮਸਤਕਿ ਲੀਖੇ, ਪਾਪੁ ਪੁੰਨ ਬੀਜਾਇਦਾ ॥੧੪॥ ਊਤਮ ਸਤਿਗੁਰ ਪੁਰਖ ਨਿਰਾਲੇ ॥ ਸਬਦਿ ਰਤੇ ਹਰਿ ਰਸਿ ਮਤਵਾਲੇ ॥ ਰਿਧਿ ਬੁਧਿ ਸਿਧਿ ਗਿਆਨੁ ਗੁਰੂ ਤੇ ਪਾਈਐ, ਪੂਰੈ ਭਾਗਿ ਮਿਲਾਇਦਾ ॥੧੫॥ ਇਸੁ ਮਨ ਮਾਇਆ ਕਉ ਨੇਹੁ ਘਨੇਰਾ ॥ ਕੋਈ ਬੂਝਹੁ ਗਿਆਨੀ ਕਰਹੁ ਨਿਬੇਰਾ ॥ ਆਸਾ ਮਨਸਾ ਹਉਮੈ ਸਹਸਾ, ਨਰੁ ਲੋਭੀ ਕੂੜੁ ਕਮਾਇਦਾ ॥੧੬॥ ਸਤਿਗੁਰ ਤੇ ਪਾਏ ਵੀਚਾਰਾ ॥ ਸੁੰਨ ਸਮਾਧਿ ਸਚੇ ਘਰ ਬਾਰਾ ॥ ਨਾਨਕ ਨਿਰਮਲ ਨਾਦੁ ਸਬਦ ਧੁਨਿ, ਸਚੁ ਰਾਮੈ ਨਾਮਿ ਸਮਾਇਦਾ ॥੧੭॥੫॥੧੭॥ (ਹੇ ਭਾਈ! ਜਿਹੜਾ ਮਨੁੱਖ) ਗੁਰੂ ਦੀ ਸ਼ਰਣ ਪੈ ਕੇ (ਸੁੰਨ ਦਾ ਭੇਦ) ਸਮਝ ਲੈਂਦਾ ਹੈ, (ਉਸ ਨੂੰ ਹਉਮੈ ਦਾ) ਰੋਗ ਨਹੀਂ ਹੁੰਦਾ। ਇਹ ਗੁਰੂ ਦੀ ਦੱਸੀ ਹੋਈ ਉਪਦੇਸ਼ ਰੂਪ ਪਉੜੀ ਨੂੰ ਕੋਈ ਵਿਰਲਾ ਮਨੁੱਖ ਜਾਣਦਾ ਹੈ। ਜੁਗਾਂ ਜੁਗਾਤ੍ਰਾਂ ਤੋਂ (ਇਹ ਪਉੜੀ) ਮੁਕਤੀ ਦਾ ਆਸਰਾ ਹੈ, (ਜੋ ਮਨੁੱਖ ਗੁਰੂ ਦੇ ਉਪਦੇਸ਼ ਦਾ ਆਸਰਾ ਲੈਂਦਾ ਹੈ), ਉਹ ਮੁਕਤ ਹੋਇਆ ਹੈ ਅਤੇ (ਲੋਕ ਪ੍ਰਲੋਕ ਵਿਚ) ਇੱਜਤ ਪਾਉਂਦਾ ਹੈ।੧੩। ਅਫੁਰ ਪ੍ਰਭੂ ਤੋਂ ਹੀ ਪੰਜ ਤੱਤ ਪਰਗਟ ਹੋਏ ਹਨ। ਪੰਜਾਂ ਤੱਤਾਂ ਦੇ ਮੇਲ ਨਾਲ ਮਨੁੱਖਾ ਦੇਹ ਬਣੀ ਹੈ ਅਤੇ ਪੰਜਾਂ ਤੱਤਾਂ ਦੇ ਸੁਭਾਵ ਦੇ ਅਸਰ ਹੇਠ ਮਨੁੱਖ ਕਰਮਾਂ ਦਾ ਅਭਿਆਸ ਕਰਦਾ ਹੈ, ਭਾਵ ਤੱਤਾਂ ਦੇ ਗੁਣਾਂ ਅਨੁਸਾਰ ਕੰਮ ਕਰਦਾ ਹੈ। (ਮਨੁੱਖ ਨੇ ਜੋ) ਬੁਰਾ ਭਲਾ ਕਰਮ ਕੀਤਾ ਹੈ, ਉਹ ਦੋਵੇਂ ਮੱਥੇ ਤੇ ਲੇਖ ਲਿਖੇ ਗਏ ਹਨ ਅਤੇ ਪਾਪ ਪੁੰਨ ਦੇ ਬੀਜ ਕਰਕੇ (ਉਹ ਸੰਸਾਰ ਵਿਚ) ਆਉਂਦਾ ਜਾਂਦਾ ਰਹਿੰਦਾ ਹੈ।੧੪। ਸੰਸਾਰ ਤੋਂ ਨਿਰਲੇਪ ਸਤਿਗੁਰੂ ਉਤਮ ਪੁਰਖ ਹਨ। (ਜੋ ਮਨੁੱਖ ਗੁਰੂ ਦੇ) ਸ਼ਬਦ ਵਿਚ ਰੰਗੇ ਹੋਏ ਹਨ, ਉਹ ਹਰੀ ਦੇ ਨਾਮ ਰਸ ਵਿਚ ਮਸਤ ਰਹਿੰਦੇ ਹਨ। ਅਜੇਹੇ ਗੁਰੂ ਤੋਂ ਸੰਸਾਰੀ ਪਦਾਰਥ, ਅਕਲ, ਆਤਮਕ ਬਲ ਅਤੇ ਗਿਆਨ ਪਾਈਦੇ ਹਨ, ਪੂਰੇ ਭਾਗਾਂ ਨਾਲ (ਪ੍ਰਭੂ ਮਨੁੱਖ ਨੂੰ) ਗੁਰੂ ਨਾਲ ਮਿਲਾਉਂਦਾ ਹੈ।੧੫। ਇਸ ਮਨ ਨੂੰ ਮਾਇਆ ਦਾ ਬਹੁਤ ਮੋਹ ਹੈ। ਹੇ ਗਿਆਨਵਾਨ ਪੁਰਖੋ! (ਇਸ ਗੱਲ ਨੂੰ) ਸਮਝੋ ਅਤੇ ਮੋਹ ਦਾ ਖਾਤਮਾ ਕਰੋ। ਪਦਾਰਥਾਂ ਦੀ ਆਸਾ ਤੇ ਕਾਮਨਾਂ, ਹਉਮੈ ਅਤੇ ਸੰਸੇ ਅੰਦਰ ਫਸਿਆ ਲੋਭੀ ਮਨੁੱਖ ਝੂਠ ਕਮਾਉਂਦਾ ਹੈ।੧੬। ਜੋ ਮਨੁੱਖ ਸਤਿਗੁਰੂ ਤੋਂ ਪ੍ਰਭੂ ਦੀ ਵਿਚਾਰ ਪ੍ਰਾਪਤ ਕਰਦਾ ਹੈ। (ਜਿਸ ਨਾਲ ਉਹ) ਸੱਚੇ ਪ੍ਰਭੂ ਦੇ ਘਰ ਵਿਚ ਪੂਰਨ ਟਿਕਾਉ ਵਿਚ ਰਹਿੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਦੇ ਅੰਦਰ) ਸ਼ਬਦ ਦੀ ਧੁਨੀ ਨਾਲ ਨਿਰਮਲ ਨਾਦ ਗੂੰਜਦਾ ਹੈ ਅਤੇ ਉਹ ਪ੍ਰਮਾਤਮਾ ਦੇ ਸੱਚੇ ਨਾਮ ਵਿਚ ਸਮਾ ਜਾਂਦਾ ਹੈ।੧੭।੫।੧੭।

ਪਦਾਰਥ =ਗੁਰਮੁਖਿ-ਗੁਰੂ ਦੀ ਸ਼ਰਣ ਪੈ ਕੇ। ਪਉੜੀ-ਉਪਦੇਸ਼ ਰੂਪ ਪਉੜੀ। ਜਨੁ-ਮਨੁੱਖ। ਜੁਗਹ ਜੁਗੰਤਰਿ-ਅਨੇਕਾਂ ਜੁਗਾਂ ਤੋਂ। ਪਰਾਇਣ-ਆਸਰਾ। ਸੋ-ਉਹ। ਭਇਆ-ਹੋ ਗਿਆ। ਪਤਿ-ਇੱਜਤ।੧੩। ਪੰਚ ਤਤੁ-ਹਵਾ, ਪਾਣੀ, ਅੱਗ, ਮਿੱਟੀ ਅਤੇ ਅਕਾਸ਼। ਸੁਨੰਹੁ-ਅਫੁਰ ਪ੍ਰਭੂ ਤੋਂ। ਪਰਗਾਸਾ-ਪ੍ਰਗਟ ਹੋਏ। ਦੇਹ-ਸਰੀਰ। ਸੰਜੋਗੀ-ਮੇਲ ਨਾਲ। ਦੁਇ-ਦੋਵੇਂ। ਮਸਤਕਿ-ਮੱਥੇ ਉਤੇ।੧੪। ਨਿਰਾਲੇ-ਨਿਰਲੇਪ। ਸਬਦਿ ਰਤੇ-ਨਾਮ ਵਿਚ ਰੰਗੇ ਹੋਏ। ਰਸਿ-ਰਸ ਵਿਚ। ਮਤਵਾਲੇ-ਮਸਤ ਹਨ। ਰਿਧਿ-ਸੰਸਾਰੀ ਪਦਾਰਥ। ਬੁਧਿ-ਅਕਲ। ਸਿਧਿ-ਆਤਮਕ ਬਲ। ਤੇ-ਤੋਂ। ਪੂਰੈ ਭਾਗਿ-ਚੰਗੇ ਭਾਗਾਂ ਨਾਲ।੧੫। ਕਉ-ਨੂੰ। ਨੇਹੁ-ਮੋਹ। ਘਨੇਰਾ-ਬਹੁਤ। ਬੂਝਹੁ-ਸਮਝੋ। ਗਿਆਨੀ-ਹੇ ਗਿਆਨਵਾਨ ਪੁਰਖੋ!। ਕਰਹੁ ਨਿਬੇਰਾ-ਖਤਮ ਕਰੋ। ਮਨਸਾ-ਕਾਮਨਾਂ। ਸਹਸਾ-ਸੰਸਾ; ਸ਼ੱਕ। ਨਰੁ-ਮਨੁੱਖ।੧੬। ਵੀਚਾਰਾ-ਪ੍ਰਭੂ ਦੀ ਵਿਚਾਰ। ਸਚੇ-ਸੱਚੇ ਪ੍ਰਭੂ ਦੇ। ਸੁੰਨ ਸਮਾਧਿ-ਪੂਰਨ ਟਿਕਾਉ ਵਾਲੀ ਅਵਸਥਾ। ਘਰ ਬਾਰਾ-ਘਰ (ਹਜੂਰੀ) ਵਿਚ। ਨਿਰਮਲ ਨਾਦੁ-ਪਵਿਤ੍ਰ ਰਾਗ। ਰਾਮੈ ਨਾਮਿ-ਪ੍ਰਮਾਤਮਾ ਦੇ ਨਾਮ ਵਿਚ। ਸਮਾਇਦਾ-ਸਮਾ ਜਾਂਦਾ ਹੈ।੧੭।੫।੧੭।

ਮਾਰੂ ਮਹਲਾ ੧ ॥ ਜਹ ਦੇਖਾ ਤਹ ਦੀਨ ਦਇਆਲਾ ॥ ਆਇ ਨ ਜਾਈ ਪ੍ਰਭੁ ਕਿਰਪਾਲਾ ॥ ਜੀਆ ਅੰਦਰਿ ਜੁਗਤਿ ਸਮਾਈ,

ਰਹਿਓ ਨਿਰਾਲਮੁ ਰਾਇਆ ॥੧॥ ਜਗੁ ਤਿਸ ਕੀ ਛਾਇਆ, ਜਿਸੁ ਬਾਪੁ ਨ ਮਾਇਆ ॥ ਨਾ ਤਿਸੁ ਭੈਣ, ਨ ਭਰਾਉ ਕਮਾਇਆ ॥ ਨਾ ਤਿਸੁ ਓਪਤਿ ਖਪਤਿ ਕੁਲ ਜਾਤੀ, ਓਹੁ ਅਜਰਾਵਰੁ ਮਨਿ ਭਾਇਆ ॥੨॥ ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥ ਤੂ ਪੁਰਖੁ ਅਲੇਖ ਅਗੰਮ ਨਿਰਾਲਾ ॥ ਸਤ ਸੰਤੋਖਿ ਸਬਦਿ ਅਤਿ ਸੀਤਲੁ ,ਸਹਜ ਭਾਇ ਲਿਵ ਲਾਇਆ ॥੩॥ ਤ੍ਰੈ ਵਰਤਾਇ ਚਉਥੈ ਘਰਿ ਵਾਸਾ ॥ ਕਾਲ ਬਿਕਾਲ ਕੀਏ ਇਕ ਗ੍ਰਾਸਾ ॥ ਨਿਰਮਲ ਜੋਤਿ ਸਰਬ ਜਗਜੀਵਨੁ , ਗੁਰਿ ਅਨਹਦ ਸਬਦਿ ਦਿਖਾਇਆ ॥੪॥ ਊਤਮ ਜਨ ਸੰਤ ਭਲੇ ਹਰਿ ਪਿਆਰੇ ॥ ਹਰਿ ਰਸ ਮਾਤੇ ਪਾਰਿ ਉਤਾਰੇ ॥ ਨਾਨਕ ਰੇਣ ਸੰਤ ਜਨ ਸੰਗਤਿ, ਹਰਿ ਗੁਰ ਪਰਸਾਦੀ ਪਾਇਆ ॥੫॥ (ਹੇ ਭਾਈ!) ਜਿੱਥੇ ਮੈਂ ਦੇਖਦਾ ਹਾਂ, ਉਥੇ ਮੈਨੂੰ ਦੀਨਾਂ ਉਤੇ ਦਇਆ ਕਰਨ ਵਾਲਾ ਪ੍ਰਭੂ ਦਿਸਦਾ ਹੈ। ਉਹ ਕ੍ਰਿਪਾਲੂ ਪ੍ਰਭੂ ਨਾ ਆਉਂਦਾ ਹੈ ਅਤੇ ਨਾ ਜਾਂਦਾ ਹੈ (ਜੰਮਦਾ ਮਰਦਾ ਨਹੀਂ)। ਸਾਰੇ ਜੀਵਾਂ ਅੰਦਰ ਅਨੇਕਾਂ ਪ੍ਰਕਾਰ ਦੇ ਵਿਹਾਰ ਕਰਨ ਦੀ ਜੋ ਜੁਗਤੀ ਹੈ, (ਉਹ ਪ੍ਰਭੂ ਦੀ ਸੱਤਾ ਕਰਕੇ) ਸਮਾਈ ਹੋਈ ਹੈ, (ਪਰ ਆਪ ਉਹ) ਰਾਜਾ ਨਿਰਲੇਪ ਰਹਿੰਦਾ ਹੈ।੧। ਸਾਰਾ ਜਗਤ ਉਸ ਪ੍ਰਭੂ ਦੀ ਛਾਇਆ ਹੈ, ਜਿਸ ਦਾ ਬਾਪ ਤੇ ਮਾਂ ਨਹੀਂ ਹੈ (ਜਿਵੇਂ ਛਾਂ ਸਰੀਰ ਤੋਂ ਭਿੰਨ ਨਹੀਂ ਹੁੰਦੀ, ਤਿਵੇਂ ਜਗਤ ਉਸ ਤੋਂ ਵਖਰਾ ਨਹੀਂ ਹੈ)। ਉਸ ਦੀ ਨਾ ਕੋਈ ਭੈਣ ਹੈ ਤੇ ਨਾ ਭਰਾ ਹੈ ਅਤੇ ਨਾ ਕੋਈ ਕਾਮਾ (ਨੌਕਰ) ਹੈ। ਨਾ ਉਸ ਦੀ ਉਤਪਤੀ ਹੁੰਦੀ ਹੈ, ਨਾ ਵਿਨਾਸ਼ ਹੁੰਦਾ, ਨਾ ਉਸ ਦੀ ਕੋਈ ਕੁਲ ਹੈ ਅਤੇ ਕੋਈ ਜਾਤ ਹੈ, ਉਹ ਬੁਢੇਪੇ ਰਹਿਤ ਪ੍ਰਭੂ ਮੇਰੇ ਮਨ ਵਿਚ ਪਿਆਰਾ ਲੱਗਦਾ ਹੈ।੨। ਹੇ ਪ੍ਰਭੂ! ਤੂੰ ਕਾਲ ਰਹਿਤ ਪੁਰਖ ਹੈਂ, ਤੇਰੇ ਸਿਰ ਉਤੇ ਕਾਲ ਨਹੀਂ ਹੈ। ਤੂੰ ਲੇਖੇ ਰਹਿਤ, ਗੰਮਤਾ ਤੋਂ ਰਹਿਤ ਨਿਰਲੇਪ ਪੁਰਖ ਹੈਂ। (ਜਿਸ ਮਨੁੱਖ ਦਾ ਮਨ) ਗੁਰੂ ਦੇ ਸ਼ਬਦ ਵਿਚ ਜੁੜ ਕੇ ਸਤ ਸੰਤੋਖ ਵਾਲਾ ਅਤੇ ਬਹੁਤ ਸ਼ਾਂਤ ਹੋਇਆ ਹੈ, (ਉਹ) ਸਹਿਜ ਸੁਭਾਵਕ ਹੀ ਪ੍ਰਭੂ ਵਿਚ ਲਿਵ ਲਾਈ ਰਖਦਾ ਹੈ।੩। (ਹੇ ਭਾਈ! ਜਿਨ੍ਹਾਂ ਪੁਰਖਾਂ ਨੇ) ਤਿੰਨ ਗੁਣਾਂ ਨੂੰ ਵਰਤਾ (ਤਿਆਗ; ਵੰਡ) ਕੇ ਚੌਥੇ ਘਰ ਵਿਚ ਵਾਸਾ ਕਰ ਲਿਆ ਹੈ, (ਉਨ੍ਹਾਂ ਨੇ) ਜਨਮ ਤੇ ਮੌਤ ਦੋਵੇਂ ਇਕੋ ਗ੍ਰਾਹੀ ਕਰ ਲਏ (ਮੁਕਾ ਦਿਤੇ) ਹਨ। (ਜਿਸ ਦੀ) ਜੋਤ ਪਵਿਤ੍ਰ ਹੈ ਅਤੇ ਜੋ ਸਾਰੇ ਜਗਤ ਦਾ ਜੀਵਨ ਹੈ, (ਉਹ ਪ੍ਰਭੂ) ਗੁਰੂ ਨੇ ਇਕ ਰਸ ਸ਼ਬਦ ਰਾਹੀਂ (ਹਿਰਦੇ ਅੰਦਰੋਂ ਹੀ) ਦਿਖਾ ਦਿਤਾ ਹੈ।੪। ਹਰੀ ਦੇ ਪਿਆਰੇ ਸੰਤ ਜਨ ਚੰਗੇ ਅਤੇ ਉਤਮ ਜੀਵਨ ਵਾਲੇ ਹਨ। (ਉਹ) ਹਰੀ ਦੇ ਨਾਮ ਰਸ ਵਿਚ ਮਸਤ ਰਹਿੰਦੇ ਹਨ, (ਇਸ ਲਈ ਹਰੀ ਨੇ ਉਨ੍ਹਾਂ ਨੂੰ ਭਵਜਲ ਤੋਂ) ਪਾਰ ਉਤਾਰ ਦਿਤਾ ਹੈ। ਹੇ ਪ੍ਰਭੂ! ਨਾਨਕ ਨੂੰ (ਉਨ੍ਹਾਂ) ਸੰਤ ਜਨਾਂ ਦੀ ਸੰਗਤ ਅਤੇ ਚਰਨ ਧੂੜ ਬਖਸ਼ ਦੇਹ, (ਜਿਨ੍ਹਾਂ ਨੇ) ਗੁਰੂ ਦੀ ਕ੍ਰਿਪਾ ਨਾਲ ਤੈਨੂੰ ਪਾਇਆ ਹੈ।੫।

ਪਦਾਰਥ = ਜਹ–ਜਿੱਥੇ। ਦੇਖਾ–ਮੈਂ ਦੇਖਦਾ ਹਾਂ। ਤਹ–ਉਥੇ। ਦੀਨ ਦਇਆਲਾ–ਗਰੀਬਾਂ ਉਤੇ ਦਇਆ ਕਰਨ ਵਾਲਾ। ਆਇ ਨ ਜਾਈ–ਜੰਮਦਾ ਮਰਦਾ ਨਹੀਂ। ਜੀਆ–ਜੀਵ। ਜੁਗਤਿ–ਤਰੀਕਾ। ਸਮਾਈ–ਰਮਿਆ ਹੋਇਆ। ਨਿਰਾਲਮੁ–ਆਸਰੇ ਰਹਿਤ; ਨਿਰਲੇਪ। ਰਾਇਆ–ਪ੍ਰਭੂ ਪਾਤਸ਼ਾਹ।੧। ਛਾਇਆ–ਛਾਂ; ਪ੍ਰਤੀਬਿੰਬ। ਮਾਇਆ–ਮਾਂ। ਭਰਾਉ–ਭਰਾ। ਕਮਾਇਆ–ਕਾਮਾ (ਨੌਕਰ)। ਓਪਤਿ–ਉਤਪਤੀ (ਜਨਮ)। ਖਪਤਿ–ਨਾਸ਼ (ਮੌਤ)। ਕੁਲ–ਖਾਨਦਾਨ। ਜਾਤੀ–ਜਾਤ। ਅਜਰਾਵਰੁ–ਬੁਢੇਪੇ ਰਹਿਤ; ਦੇਵਤਿਆਂ ਤੋਂ ਸ੍ਰੇਸ਼ਟ। ਮਨਿ–ਮਨ ਵਿਚ। ਭਾਇਆ–ਪਿਆਰਾ ਲੱਗਦਾ ਹੈ।੨। ਅਕਾਲ–ਕਾਲ ਰਹਿਤ। ਪੁਰਖੁ–ਸਰਬ ਵਿਆਪਕ ਪ੍ਰਮਾਤਮਾ। ਸਿਰਿ–ਸਿਰ ਉਤੇ। ਕਾਲਾ–ਕਾਲ (ਮੌਤ)। ਅਲੇਖ–ਲੇਖੇ ਰਹਿਤ (ਜਿਸ ਦੇ ਮੱਥੇ ਤੇ ਕੋਈ ਲੇਖ ਨਹੀਂ)। ਅਗੰਮ–ਮਨ ਬਾਣੀ ਦੀ ਪਹੁੰਚ ਤੇ ਪਰੇ। ਨਿਰਾਲਾ–ਨਿਰਲੇਪ। ਸਤ–ਨੇਕੀ; ਦਾਨ ਪੁੰਨ। ਸਬਦਿ–ਗੁਰੂ ਦੇ ਸ਼ਬਦ ਵਿਚ ਜੁੜ ਕੇ। ਅਤਿ ਸੀਤਲੁ–ਬਹੁਤ ਸ਼ਾਂਤ। ਸਹਜ ਭਾਇ–ਸਹਿਜ ਸੁਭਾਵਕ ਹੀ। ਲਿਵ ਲਾਇਆ–ਲਿਵ ਲਾਈ ਰਖਦਾ ਹੈ।੩। ਵਰਤਾਇ–ਵਰਤਾ ਕੇ (ਜਿਵੇਂ ਕੋਈ ਚੀਜ ਵਰਤਾ ਕੇ ਮੁਕਾ ਦਈਦੀ ਹੈ)। ਚਉਥੈ ਘਰਿ–ਚੌਥੇ ਘਰ ਵਿਚ। ਕਾਲ ਬਿਕਾਲ–ਮੌਤ ਤੇ ਜਨਮ। ਕੀਏ–ਕਰ ਲਏ। ਗ੍ਰਾਸਾ–ਬੁਰਕੀ। ਨਿਰਮਲ–ਪਵਿਤ੍ਰ। ਸਰਬ ਜਗਜੀਵਨੁ–ਸਾਰੇ ਜਗਤ ਦਾ ਜੀਵਨ। ਗੁਰਿ–ਗੁਰੂ ਨੇ। ਅਨਹਦ ਸਬਦਿ–ਇਕ ਰਸ ਸ਼ਬਦ ਰਾਹੀਂ।੪। ਭਲੇ–ਚੰਗੇ। ਮਾਤੇ–ਮਸਤ ਰਹਿੰਦੇ ਹਨ। ਪਾਰਿ ਉਤਾਰੇ–ਪਾਰ ਲੰਘਾ ਦਿਤੇ ਹਨ। ਰੇਣ–ਚਰਨ ਧੂੜ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।੫।

ਤੂ ਅੰਤਰਜਾਮੀ ਜੀਅ ਸਭ ਤੇਰੇ ॥ ਤੂ ਦਾਤਾ ਹਮ ਸੇਵਕ ਤੇਰੇ ॥ ਹੇ ਪ੍ਰਭੂ! ਸਾਰੇ ਜੀਵ ਤੇਰੇ (ਪੈਦਾ ਕੀਤੇ ਹੋਏ) ਹਨ, ਤੂੰ ਸਭ ਦੇ ਦਿਲਾਂ ਦੀਆਂ ਜਾਨਣ ਵਾਲਾ ਹੈਂ। ਤੂੰ (ਸਭ ਪਦਾਰਥ ਅਤੇ ਪ੍ਰਾਣਾਂ ਦਾ) ਦਾਤਾ ਹੈਂ, ਅਸੀਂ ਤੇਰੇ ਸੇਵਕ ਹਾਂ।

ਅੰਗ ੧੦੩੯ = ਅੰਮ੍ਰਿਤ ਨਾਮੁ ਕ੍ਰਿਪਾ ਕਰਿ ਦੀਜੈ, ਗੁਰਿ ਗਿਆਨ ਰਤਨੁ ਦੀਪਾਇਆ ॥੬॥ ਪੰਚ ਤਤੁ ਮਿਲਿ ਇਹੁ ਤਨੁ ਕੀਆ ॥ ਆਤਮ ਰਾਮ ਪਾਏ ਸੁਖੁ ਥੀਆ ॥ ਕਰਮ ਕਰਤੂਤਿ ਅੰਮ੍ਰਿਤ ਫਲੁ ਲਾਗਾ, ਹਰਿ ਨਾਮ ਰਤਨੁ ਮਨਿ ਪਾਇਆ ॥੭॥ ਨਾ ਤਿਸੁ ਭੂਖ ਪਿਆਸ ਮਨੁ ਮਾਨਿਆ ॥ ਸਰਬ ਨਿਰੰਜਨੁ ਘਟਿ ਘਟਿ ਜਾਨਿਆ ॥ ਅੰਮ੍ਰਿਤ ਰਸਿ ਰਾਤਾ ਕੇਵਲ ਬੈਰਾਗੀ, ਗੁਰਮਤਿ ਭਾਇ ਸੁਭਾਇਆ ॥੮॥ ਅਧਿਆਤਮ ਕਰਮ ਕਰੇ ਦਿਨੁ ਰਾਤੀ ॥ ਨਿਰਮਲ ਜੋਤਿ ਨਿਰੰਤਰਿ ਜਾਤੀ ॥ ਸਬਦੁ ਰਸਾਲੁ ਰਸਨ ਰਸਿ ਰਸਨਾ, ਬੇਣੁ ਰਸਾਲੁ ਵਜਾਇਆ ॥੯॥ ਬੇਣੁ ਰਸਾਲੁ ਵਜਾਵੈ ਸੋਈ ॥ ਜਾ ਕੀ ਤ੍ਰਿਭਣ ਸੋਝੀ ਹੋਈ ॥ ਨਾਨਕ ਬੂਝਹੁ ਇਹ ਬਿਧਿ ਗੁਰਮਤਿ, ਹਰਿ ਰਾਮ ਨਾਮਿ ਲਿਵ ਲਾਇਆ ॥੧੦॥ (ਹੇ ਪ੍ਰਭੂ!) ਕ੍ਰਿਪਾ ਕਰਕੇ ਅਪਣਾ ਅੰਮ੍ਰਿਤ ਨਾਮ ਦਿਓ, (ਜਿਨ੍ਹਾਂ ਪੁਰਖਾਂ ਉਤੇ ਤੂੰ ਕ੍ਰਿਪਾ ਕੀਤੀ ਹੈ, ਉਨ੍ਹਾਂ ਦੇ ਹਿਰਦੇ ਵਿਚ) ਗੁਰੂ ਨੇ ਗਿਆਨ ਰਤਨ ਪ੍ਰਕਾਸ਼ਿਆ ਹੈ।੬। (ਹੇ ਭਾਈ! ਪ੍ਰਭੂ ਨੇ) ਪੰਜ ਤੱਤਾਂ ਨੂੰ ਮੇਲ (ਇਕੱਠਾ

ਕਰ) ਕੇ ਇਹ ਸਰੀਰ ਪੈਦਾ ਕੀਤਾ ਹੈ। (ਜਿਸ ਮਨੁੱਖ ਨੇ) ਸਭ ਵਿਚ ਰਮੇ ਹੋਏ ਪ੍ਰਭੂ ਨੂੰ ਪਾਇਆ ਹੈ, (ਉਸ ਨੂੰ) ਸੁਖ ਪ੍ਰਾਪਤ ਹੋਇਆ ਹੈ। (ਉਸ ਮਨੁੱਖ ਨੂੰ ਚੰਗੇ) ਕਰਮਾਂ ਦੀ ਕਰਣੀ ਕਰਕੇ ਨਾਮ ਰੂਪ ਅੰਮ੍ਰਿਤ ਫਲ ਲੱਗਾ ਹੈ, ਹਰੀ ਦਾ ਨਾਮ ਰਤਨ (ਉਸ ਨੇ) ਮਨ ਵਿਚੋਂ ਹੀ ਪਾ ਲਿਆ ਹੈ।੭। (ਹੇ ਭਾਈ! ਜਿਸ ਮਨੁੱਖ ਦਾ) ਮਨ ਪ੍ਰਭੂ ਉਤੇ ਮੰਨ (ਪਤੀਜ) ਗਿਆ ਹੈ, ਉਸ ਨੂੰ ਭੁੱਖ ਤੇ ਪਿਆਸ ਨਹੀਂ ਰਹਿ ਜਾਂਦੀ। (ਕਿਉਂਕਿ ਉਸ ਨੇ) ਸਭ ਤੋਂ ਨਿਰਲੇਪ ਹਰੀ ਨੂੰ ਸਾਰੇ ਜੀਵਾਂ ਦੇ ਦਿਲਾਂ ਵਿਚ ਵਸਦਾ ਜਾਣਿਆ ਹੈ। (ਉਹ) ਉਤਮ ਬੈਰਾਗੀ ਗੁਰੂ ਦੀ ਮੱਤ ਅਤੇ ਪ੍ਰੇਮ ਭਾਵ ਵਿਚ ਸੁਭਾਇਮਾਨ ਹੋ ਕੇ ਅੰਮ੍ਰਿਤ ਨਾਮ ਦੇ ਰਸ ਵਿਚ ਮਗਨ ਰਹਿੰਦਾ ਹੈ।੮। (ਜਿਹੜਾ ਮਨੁੱਖ) ਦਿਨ ਰਾਤ ਰੁਹਾਨੀ ਕਰਮ ਕਰਦਾ ਹੈ। (ਉਸ ਨੇ) ਧੁਰ ਹਿਰਦੇ ਅੰਦਰ ਵਸ ਰਹੀ ਪ੍ਰਭੂ ਦੀ ਨਿਰਮਲ ਜੋਤ ਜਾਣ ਲਈ ਹੈ। ਗੁਰੂ ਦਾ ਸ਼ਬਦ, ਜੋ ਰਸਾਂ ਦਾ ਘਰ ਹੈ, (ਉਸ ਦੇ) ਰਸ ਦੀ ਰਸੀ ਹੋਈ ਜੀਭ ਰਸੀਲੀ ਬੇਣ ਵਜਾਉਂਦੀ ਹੈ।੯। (ਹੇ ਭਾਈ! ਇਹ) ਰਸੀਲੀ ਬੰਸਰੀ ਉਹ ਹੀ ਮਨੁੱਖ ਵਜਾਉਂਦਾ ਹੈ। ਜਿਸ ਦੀ ਬੁੱਧੀ ਵਿਚ ਤਿੰਨਾਂ ਭਵਨਾਂ ਵਿਚ ਵਿਆਪਕ ਪ੍ਰਭੂ ਦੀ ਸਮਝ ਪ੍ਰਾਪਤ ਹੋਈ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ!) ਗੁਰੂ ਦੀ ਸਿੱਖਿਆ ਦੁਆਰਾ (ਬੇਣ ਵਜਾਉਣ ਦੀ) ਵਿਧੀ ਸਮਝ ਲਵੋ, (ਜਿਸ ਮਨੁੱਖ ਨੇ ਇਹ ਬਿਧੀ ਸਮਝੀ ਹੈ, ਉਸ ਨੇ) ਪ੍ਰਮਾਤਮਾ ਦੇ ਨਾਮ ਵਿਚ ਧਿਆਨ ਲਾਇਆ ਹੈ।੧੦।

ਪਦਾਰਥ = ਅੰਤਰਜਾਮੀ–ਦਿਲਾਂ ਦੀਆਂ ਜਾਨਣ ਵਾਲਾ। ਜੀਅ–ਜੀਵ। ਹਮ–ਅਸੀਂ। ਗੁਰਿ–ਗੁਰੂ ਨੇ। ਦੀਪਾਇਆ–ਪ੍ਰਕਾਸ਼ਿਆ।੬। ਪੰਚ ਤਤੁ–ਹਵਾ, ਪਾਣੀ, ਮਿੱਟੀ, ਅੱਗ ਤੇ ਅਕਾਸ਼। ਮਿਲਿ–ਮੇਲ ਕੇ। ਤਨੁ–ਸਰੀਰ। ਕੀਆ–ਪੈਦਾ ਕੀਤਾ। ਆਤਮ ਰਾਮ–ਸਭ ਵਿਚ ਰਮਿਆ ਪ੍ਰਭੂ। ਥੀਆ–ਹੋਇਆ ਹੈ। ਕਰਤੂਤਿ–ਕਰਣੀ ਕਰਕੇ।੭। ਤਿਸੁ–ਉਸ ਨੂੰ। ਮਨ ਮਾਨਿਆ–ਮਨ ਵਿਚ ਵਿਸ਼ਵਾਸ਼ ਹੋ ਗਿਆ; ਮਨ ਪਤੀਜ ਗਿਆ; ਮਨ ਸ਼ਰਧਾਵਾਨ ਹੋ ਗਿਆ। ਸਰਬ ਨਿਰੰਜਨੁ–ਸਭ ਤੋਂ ਨਿਰਲੇਪ ਪ੍ਰਭੂ। ਘਟਿ ਘਟਿ–ਹਰੇਕ ਜੀਵ ਦੇ ਦਿਲ ਵਿਚ। ਰਾਤਾ–ਮਗਨ ਹੈ; ਜੁੜਿਆ ਹੈ। ਕੇਵਲ–ਸ਼ੁੱਧ; ਉਤਮ। ਬੈਰਾਗੀ–ਤਿਆਗੀ ਮਨੁੱਖ। ਗੁਰਮਤਿ–ਗੁਰੂ ਦੀ ਸਿੱਖਿਆ ਅਨੁਸਾਰ। ਭਾਇ–ਪ੍ਰੇਮ ਵਿਚ। ਸੁਭਾਇਆ–ਸੁਭਾਇਮਾਨ।੮। ਅਧਿਆਤਮ ਕਰਮ–ਰੁਹਾਨੀ ਕਰਮ; ਆਤਮ ਗਿਆਨ ਸਬੰਧੀ ਕਰਮ। ਰਾਤੀ–ਰਾਤ। ਨਿਰਮਲ–ਪਵਿਤ੍ਰ। ਨਿਰੰਤਰਿ–ਹਿਰਦੇ ਦੇ ਧੁਰ ਅੰਦਰ; ਇਕ ਰਸ। ਰਸਾਲੁ–ਰਸਾਂ ਦਾ ਘਰ; ਰਸੀਲਾ। ਰਸਨ ਰਸਿ–ਰਸਾਂ ਦੀ ਰਸੀ ਹੋਈ (ਸਵਾਦ ਨਾਲ ਅਨੰਦਤ ਹੋਈ)। ਰਸਨਾ–ਜੀਭ। ਬੇਣੁ–ਬੰਸਰੀ।੯। ਸੋਈ–ਉਹ ਹੀ। ਜਾ ਕੀ–ਜਿਸ ਦੀ। ਤ੍ਰਿਭਵਣ–ਤਿੰਨ ਭਵਨਾਂ ਵਿਚ (ਵਿਆਪਕ ਪ੍ਰਭੂ ਦੀ)। ਸੋਝੀ–ਸਮਝ; ਗਿਆਨ। ਬੂਝਹੁ–ਸਮਝੋ। ਬਿਧਿ–ਵਿਧੀ; ਤਰੀਕਾ। ਗੁਰਮਤਿ–ਗੁਰੂ ਦੀ ਸਿਖਿਆ ਦੁਆਰਾ। ਰਾਮ ਨਾਮਿ–ਪ੍ਰਾਮਾਤਮਾ ਦੇ ਨਾਮ ਵਿਚ। ਲਿਵ ਲਾਇਆ–ਧਿਆਨ ਲਾਇਆ ਹੈ।੧੦।

ਐਸੇ ਜਨ ਵਿਰਲੇ ਸੰਸਾਰੇ ॥ ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥ ਆਪਿ ਤਰਹਿ ਸੰਗਤਿ ਕੁਲ ਤਾਰਹਿ, ਤਿਨ ਸਫਲ ਜਨਮੁ ਜਗਿ ਆਇਆ ॥੧੧॥ ਘਰੁ ਦਰੁ ਮੰਦਰੁ ਜਾਣੈ ਸੋਈ ॥ ਜਿਸੁ ਪੂਰੇ ਗੁਰ ਤੇ ਸੋਝੀ ਹੋਈ ॥ ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ, ਸਚੁ ਸਾਚਾ ਤਖਤੁ ਰਚਾਇਆ ॥੧੨॥ ਚਤੁਰ ਦਸ ਹਾਟ ਦੀਵੇ ਦੁਇ ਸਾਖੀ ॥ ਸੇਵਕ ਪੰਚ ਨਾਹੀ ਬਿਖੁ ਚਾਖੀ ॥ ਅੰਤਰਿ ਵਸਤੁ ਅਨੂਪ ਨਿਰਮੋਲਕ, ਗੁਰਿ ਮਿਲਿਐ ਹਰਿ ਧਨੁ ਪਾਇਆ ॥੧੩॥ ਤਖਤਿ ਬਹੈ ਤਖਤੈ ਕੀ ਲਾਇਕ ॥ ਪੰਚ ਸਮਾਏ ਗੁਰਮਤਿ ਪਾਇਕ ॥ ਆਦਿ ਜੁਗਾਦੀ ਹੈ ਭੀ ਹੋਸੀ, ਸਹਸਾ ਭਰਮੁ ਚੁਕਾਇਆ ॥੧੪॥ ਤਖਤਿ ਸਲਾਮੁ ਹੋਵੈ ਦਿਨੁ ਰਾਤੀ ॥ ਇਹ ਸਾਚੁ ਵਡਾਈ ਗੁਰਮਤਿ ਲਿਵ ਜਾਤੀ ॥ ਨਾਨਕ ਰਾਮੁ ਜਪਹੁ ਤਰੁ ਤਾਰੀ, ਹਰਿ ਅੰਤਿ ਸਖਾਈ ਪਾਇਆ ॥੧੫॥੧॥੧੮॥ (ਹੇ ਭਾਈ!) ਸੰਸਾਰ ਵਿਚ ਇਹੋ ਜਿਹੇ ਪੁਰਖ ਵਿਰਲੇ ਹਨ। ਜੋ ਗੁਰੂ ਦੇ ਸ਼ਬਦ ਨੂੰ ਵਿਚਾਰਦੇ ਹਨ ਅਤੇ (ਮੋਹ ਮਾਇਆ ਤੋਂ) ਨਿਰਲੇਪ ਰਹਿੰਦੇ ਹਨ। (ਉਹ ਭਵਜਲ ਤੋਂ) ਆਪ ਤਰ ਜਾਂਦੇ ਹਨ ਅਤੇ ਅਪਣੇ ਸੰਗੀ ਸਾਥੀਆਂ ਤੇ ਕੁਲਾਂ ਨੂੰ ਵੀ ਤਾਰ ਲੈਂਦੇ ਹਨ, ਉਨ੍ਹਾਂ ਦਾ ਜਨਮ ਲੈ ਕੇ ਜਗਤ ਵਿਚ ਆਇਆ ਸਫਲ ਹੈ।੧੧। (ਹੇ ਭਾਈ!) ਸਰੀਰ ਰੂਪ ਘਰ ਦਰ ਪ੍ਰਭੂ ਦਾ ਮੰਦਰ ਹੈ, (ਇਸ ਨੂੰ) ਉਹ ਮਨੁੱਖ ਹੀ ਜਾਣਦਾ ਹੈ। ਜਿਸ ਨੂੰ ਪੂਰੇ ਗੁਰੂ ਤੋਂ ਸਮਝ ਪ੍ਰਾਪਤ ਹੁੰਦੀ ਹੈ। (ਜੀਵਾਂ ਦੇ) ਸਰੀਰ ਰੂਪ ਕਿਲ੍ਹੇ ਦੇ ਅੰਦਰ ਪ੍ਰਭੂ ਦਾ ਮਹਿਲ ਹੈ, (ਇਸ) ਮਹਿਲ ਦਾ ਮਾਲਕ ਸੱਚਾ ਪ੍ਰਭੂ ਹੈ, ਨਿਸ਼ਚੇ ਕਰਕੇ (ਉਸ ਨੇ) ਮਨੁੱਖਾ ਸਰੀਰ ਨੂੰ ਅਪਣਾ ਸੱਚਾ ਤਖਤ ਬਣਾਇਆ ਹੈ।੧੨। (ਹੇ ਭਾਈ!) ਚੌਦਾਂ ਭਵਨ ਰੂਪ ਦੁਕਾਨਾਂ ਤੇ ਦੋ ਦੀਵੇ ਸੂਰਜ ਤੇ ਚੰਦ (ਇਸ ਗੱਲ ਦੇ) ਗਵਾਹ ਹਨ। ਕਿ ਪ੍ਰਭੂ ਦੇ ਸੇਵਕਾਂ ਅਤੇ ਪੰਚਾਂ ਨੇ ਬਿਖ ਰੂਪ ਮਾਇਆ ਨਹੀਂ ਚੱਖੀ। (ਕਿਉਂਕਿ ਉਨ੍ਹਾਂ ਦੇ) ਅੰਦਰ ਬਿਖ ਤੋਂ ਬਚਾ ਕੇ ਰੱਖਣ ਵਾਲੀ ਅਮੋਲਕ ਸੋਹਣੀ ਚੀਜ ਪ੍ਰਭੂ ਦਾ ਨਾਮ ਹੈ, ਇਹ ਨਾਮ ਧਨ (ਉਨ੍ਹਾਂ ਨੂੰ) ਗੁਰੂ ਦੇ ਮਿਲਣ ਨਾਲ ਪ੍ਰਾਪਤ ਹੋਇਆ ਹੈ।੧੩। (ਪ੍ਰਭੂ ਦੇ ਹਿਰਦੇ) ਤਖਤ ਉਤੇ ਉਹ ਹੀ ਬੈਠਦਾ ਹੈ, ਜੋ ਉਸ ਤਖਤ ਦੇ ਲਾਇਕ ਹੁੰਦਾ ਹੈ। (ਉਹ ਕੌਣ ਹੈ? ਉਹ) ਸੇਵਕ, (ਜਿਸ ਨੇ) ਗੁਰੂ ਦੀ ਸਿੱਖਿਆ ਲੈ ਕੇ ਪੰਜ ਕਾਮ ਆਦਿਕ ਮੁਕਾ ਦਿਤੇ ਹਨ। ਪ੍ਰਭੂ ਆਦਿ ਕਾਲ ਤੋਂ ਹੈ, ਹੁਣ ਵੀ ਮੌਜੂਦ ਹੈ ਅਤੇ ਅੱਗੇ ਨੂੰ ਵੀ ਹੋਵੇਗਾ (ਪ੍ਰਭੂ ਨੇ ਉਸ ਸੇਵਕ ਦੇ ਹਿਰਦੇ ਅੰਦਰ ਪ੍ਰਗਟ ਹੋ ਕੇ, ਉਸ ਦਾ) ਸ਼ੱਕ ਤੇ ਭਰਮ ਦੂਰ ਕੀਤਾ ਹੈ।੧੪। ਹਿਰਦੇ ਤਖਤ ਉਤੇ ਬੈਠੇ ਮਨੁੱਖ ਨੂੰ ਦਿਨ ਰਾਤ ਸਲਾਮ ਹੁੰਦੀ (ਆਦਰ ਮਿਲਦਾ) ਹੈ। (ਉਸ ਨੇ) ਇਹ ਸੱਚੀ ਵਡਿਆਈ ਗੁਰੂ ਦੀ ਸਿੱਖਿਆ ਰਾਹੀਂ ਪ੍ਰਭੂ ਵਿਚ ਲਿਵ ਜੋੜ ਕੇ ਜਾਣੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ!) ਪ੍ਰਭੂ ਦਾ ਨਾਮ ਜਪੋ, (ਨਾਮ ਜਪ ਕੇ ਭਵਜਲ ਤੋਂ) ਤਾਰੀ ਤਰ ਜਾਓ,

(ਨਾਮ ਦਾ ਸਿਮਰਨ ਕਰਨ ਵਾਲੇ ਮਨੁੱਖ ਨੇ) ਪ੍ਰਭੂ ਨੂੰ ਪਾਇਆ ਹੈ, ਜੋ ਅੰਤ ਸਮੇਂ ਸਹਾਈ ਹੁੰਦਾ ਹੈ।੧੫।੧।੧੮।

ਪਦਾਰਥ = ਜਨ–ਮਨੁੱਖ। ਰਹਹਿ ਨਿਰਾਰੇ–ਨਿਰਲੇਪ ਰਹਿੰਦੇ ਹਨ। ਸੰਗਤਿ–ਸੰਗੀ ਸਾਥੀਆਂ ਨੂੰ। ਕੁਲ–ਖਾਨਦਾਨ। ਤਿਨ–ਉਨ੍ਹਾਂ ਦਾ। ਜਗਿ–ਜਗਤ ਵਿਚ।੧੧। ਸੋਈ–ਉਹ ਹੀ। ਤੇ–ਤੋਂ। ਸੋਝੀ–ਸਮਝ; ਗਿਆਨ। ਕਾਇਆ ਗੜ–ਸਰੀਰ ਰੂਪ ਕਿਲ੍ਹਾ। ਮਹਲੀ–ਮਹਿਲ ਦਾ ਮਾਲਕ ਪ੍ਰਭੂ। ਸਚੁ–ਨਿਸ਼ਚੇ ਕਰਕੇ। ਰਚਾਇਆ–ਬਣਾਇਆ।੧੨। ਚਤੁਰ ਦਸ ਹਾਟ–ਚੌਦਾਂ ਭਵਨ ਰੂਪ ਦੁਕਾਨਾਂ। ਦੀਵੇ ਦੁਇ–ਦੋ ਦੀਵੇ ਸੂਰਜ ਤੇ ਚੰਦ। ਸਾਖੀ–ਗਵਾਹ। ਪੰਚ–ਸੰਤ। ਬਿਖ–ਜਹਿਰ। ਚਾਖੀ–ਖਾਧੀ। ਅੰਤਰਿ–ਹਿਰਦੇ ਅੰਦਰ। ਨਿਰਮੋਲਕ–ਅਮੋਲਕ। ਅਨੂਪ–ਸੋਹਣੀ। ਗੁਰਿ ਮਿਲਿਐ–ਗੁਰੂ ਦੇ ਮਿਲਿਆਂ। ਹਰਿ ਧਨ–ਹਰੀ ਦਾ ਨਾਮ ਧਨ।੧੩। ਤਖਤਿ–ਤਖਤ ਉਤੇ। ਲਾਇਕ–ਯੋਗ। ਪੰਚ–ਪੰਜ ਕਾਮਾਦਿਕ। ਸਮਾਏ–ਮੁਕਾ ਦਿਤੇ। ਗੁਰਮਤਿ–ਗੁਰੂ ਦੀ ਸਿੱਖਿਆ ਲੈ ਕੇ। ਪਾਇਕ–ਸੇਵਕ। ਆਦਿ ਜੁਗਾਦੀ–ਆਦਿ ਕਾਲ (ਮੁੱਢ) ਤੋਂ। ਹੈ ਭੀ–ਹੁਣ ਵੀ ਹੈ। ਹੋਸੀ–ਅੱਗੇ ਨੂੰ ਵੀ ਹੋਵੇਗਾ। ਸਹਸਾ–ਸ਼ੱਕ; ਸੰਸਾ।੧੪। ਰਾਤੀ–ਰਾਤ। ਲਿਵ–ਧਿਆਨ; ਪ੍ਰੀਤ। ਤਰੁ ਤਾਰੀ–ਤਾਰੀ ਤਰੋ; ਬੇੜੀ ਤੇ ਚੜ੍ਹ ਕੇ ਤਰ ਜਾਓ; ਸੰਸਾਰ ਨਦੀ ਨੂੰ ਤਰੋ। ਅੰਤਿ–ਅੰਤ ਸਮੇਂ। ਸਖਾਈ–ਸਹਾਈ।੧੫।੧।੧੮।

ਮਾਰੂ ਮਹਲਾ ੧ ॥ ਹਰਿ ਧਨੁ ਸੰਚਹੁ ਰੇ ਜਨ ਭਾਈ ॥ ਸਤਿਗੁਰ ਸੇਵਿ ਰਹਹੁ ਸਰਣਾਈ ॥ ਤਸਕਰੁ ਚੋਰੁ ਨ ਲਾਗੈ ਤਾ ਕਉ ,ਧੁਨਿ ਉਪਜੈ ਸਬਦਿ ਜਗਾਇਆ ॥੧॥ ਤੂ ਏਕੰਕਾਰ ਨਿਰਾਲਮੁ ਰਾਜਾ ॥ ਤੂ ਆਪਿ ਸਵਾਰਹਿ ਜਨ ਕੇ ਕਾਜਾ ॥ ਅਮਰੁ ਅਡੋਲੁ ਅਪਾਰੁ ਅਮੋਲਕੁ ,ਹਰਿ ਅਸਥਿਰ ਥਾਨਿ ਸੁਹਾਇਆ ॥੨॥ ਦੇਹੀ ਨਗਰੀ ਊਤਮ ਥਾਨਾ ॥ ਪੰਚ ਲੋਕ ਵਸਹਿ ਪਰਧਾਨਾ ॥ ਊਪਰਿ ਏਕੰਕਾਰੁ ਨਿਰਾਲਮੁ ,ਸੁੰਨ ਸਮਾਧਿ ਲਗਾਇਆ ॥੩॥ ਦੇਹੀ ਨਗਰੀ ਨਉ ਦਰਵਾਜੇ ॥ ਸਿਰਿ ਸਿਰਿ ਕਰਣੈਹਾਰੈ ਸਾਜੇ ॥ ਦਸਵੈ ਪੁਰਖੁ ਅਤੀਤੁ ਨਿਰਾਲਾ, ਆਪੇ ਅਲਖੁ ਲਖਾਇਆ ॥੪॥ ਪੁਰਖੁ ਅਲੇਖੁ ਸਚੇ ਦੀਵਾਨਾ ॥ ਹੁਕਮਿ ਚਲਾਏ ਸਚੁ ਨੀਸਾਨਾ ॥ ਨਾਨਕ ਖੋਜਿ ਲਹਹੁ ਘਰੁ ਅਪਨਾ, ਹਰਿ ਆਤਮ ਰਾਮ ਨਾਮੁ ਪਾਇਆ ॥੫॥ ਹੇ ਭਾਈ ਜਨੋਂ! ਹਰੀ ਦਾ ਨਾਮ ਧਨ ਇਕੱਠਾ ਕਰੋ। ਸਤਿਗੁਰੂ ਦੀ ਸੇਵਾ ਕਰਕੇ ਸਤਿਗੁਰੂ ਦੀ ਸ਼ਰਣ ਵਿਚ ਰਹੋ। ਉਸ ਮਨੁੱਖ ਨੂੰ ਸ਼ਬਦ ਸਪਰਸ ਆਦਿ ਠੱਗ ਤੇ ਕਾਮਾਦਿਕ ਚੋਰ ਨਹੀਂ ਲਗਦੇ, (ਜਿਸ ਦੇ) ਅੰਦਰ ਨਾਮ ਸਿਮਰਨ ਦੀ ਧੁਨ ਪੈਦਾ ਹੁੰਦੀ ਹੈ ਅਤੇ (ਉਸ ਨੂੰ ਗੁਰੂ ਨੇ) ਸ਼ਬਦ ਦੁਆਰਾ ਜਗਾ ਦਿਤਾ ਹੈ (ਜਿਵੇਂ ਪਹਿਰੇਦਾਰ ਰਾਤ ਨੂੰ ਅਵਾਜ ਦੇਂਦੇ ਹਨ, ਤਿਵੇਂ ਗੁਰਮੁਖ ਨੂੰ ਸ਼ਬਦ ਦੀ ਅਵਾਜ ਜਗਾਈ ਰਖਦੀ ਹੈ)।੧। ਹੇ ਪ੍ਰਭੂ! ਤੂੰ (ਸ੍ਰਿਸਟੀ ਦਾ) ਰਾਜਾ ਹੈਂ ਅਤੇ ਨਿਰਲੇਪ ਅਦ੍ਵੈਤ ਬ੍ਰਹਮ ਹੈਂ। ਤੂੰ ਅਪਣੇ ਸੇਵਕਾਂ ਦੇ ਆਪ ਕਾਰਜ ਸਵਾਰਦਾ ਹੈਂ। ਤੂੰ ਅਮਰ, ਅਡੋਲ, ਬੇਅੰਤ ਤੇ ਅਮੋਲਕ ਹੈਂ ਅਤੇ ਤੂੰ ਸਦਾ ਕਾਇਮ ਰਹਿਣ ਵਾਲੇ ਸਥਾਨ ਤੇ ਸੋਭ ਰਿਹਾ ਹੈਂ।੨। ਉਹ ਦੇਹ ਰੂਪ ਨਗਰ ਉਤਮ ਸਥਾਨ ਹੈ, ਜਿਸ ਵਿਚ ਪੰਜ ਸਤ ਸੰਤੋਖ ਆਦਿ ਗੁਣ ਪਰਧਾਨ ਹੋ ਕੇ ਵਸਦੇ ਹਨ (ਸ਼ਬਦਾਰਥ); ਦੇਹ ਰੂਪ ਸ਼ਹਿਰ ਵਿਚ ਉਤਮ ਸਥਾਨ ਅੰਤਹਕਰਣ ਹੈ। ਜਿਸ ਵਿਚ ਗੁਰਮੁਖ ਲੋਕ ਮੁਖੀ ਹੋਏ ਵਸਦੇ ਹਨ। (ਇਨ੍ਹਾਂ ਦੇ ਸਿਰ) ਉਪਰ ਇਕੋ ਇਕ ਨਿਰਲੇਪ ਪ੍ਰਭੂ ਦੀ ਓਟ ਹੈ ਅਤੇ ਉਨ੍ਹਾਂ ਨੇ ਅਫੁਰ ਪ੍ਰਭੂ ਵਿਚ ਸਮਾਧੀ ਲਾਈ ਹੋਈ ਹੈ।੩। ਦੇਹੀ ਰੂਪ ਨਗਰ ਦੇ ਨੌਂ ਦਰਵਾਜੇ (ਇੰਦ੍ਰੇ) ਹਨ। ਹਰ ਇਕ ਜੀਵ ਦੇ (ਇਹ ਇੰਦ੍ਰੇ) ਰਚਨਹਾਰ ਪ੍ਰਭੂ ਨੇ ਸਾਜੇ ਹਨ। ਦਸਵੇਂ ਦੁਆਰ ਵਿਚ ਵਿਆਪਕ ਪ੍ਰਭੂ ਵਸਦਾ ਹੈ, ਜੋ ਨਿਰਲੇਪ ਤੇ ਤਿਆਗੀ ਹੈ, ਪ੍ਰਭੂ (ਗੁਰੂ ਦੁਆਰਾ ਗੁਰਮੁਖਾਂ ਨੂੰ) ਆਪ ਹੀ ਅਪਣਾ ਅਲੱਖ ਸਰੂਪ ਜਣਾ ਦੇਂਦਾ ਹੈ।੪। (ਹੇ ਭਾਈ!) ਲੇਖੇ ਰਹਿਤ ਪ੍ਰਭੂ ਸੱਚੇ ਦੀਵਾਨ ਵਾਲਾ ਹੈ। (ਉਹ ਸਭ ਨੂੰ ਅਪਣੇ) ਹੁਕਮ ਵਿਚ ਚਲਾਉਂਦਾ ਹੈ, (ਉਸ ਦੇ ਹੁਕਮ ਦਾ) ਪਰਵਾਨਾ ਸੱਚਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਅਪਣੇ ਸਰੂਪ ਘਰ ਨੂੰ ਖੋਜ ਕੇ ਲੱਭ ਲਵੋ, (ਜਿਸ ਨੇ ਖੋਜਿਆ ਹੈ, ਉਸ ਨੇ) ਸਰਬ ਵਿਆਪਕ ਪ੍ਰਭੂ ਦੇ ਨਾਮ ਨੂੰ ਪਾਇਆ ਹੈ।੫।

ਪਦਾਰਥ = ਸੰਚਹੁ–ਇਕੱਠਾ ਕਰੋ। ਰੇ ਜਨ ਭਾਈ–ਹੇ ਭਾਈ ਜਨੋਂ!। ਸੇਵਿ–ਸੇਵਾ ਕਰਕੇ। ਤਸਕਰੁ–ਸ਼ਬਦ ਸਪਰਸ ਰੂਪ ਰਸ ਤੇ ਗੰਧ ਆਦਿ ਠੱਗ। ਚੋਰੁ–ਕਾਮਾਦਿਕ ਚੋਰ। ਤਾ ਕਉ–ਉਸ ਨੂੰ। ਧੁਨਿ ਉਪਜੈ–ਧੁਨੀ ਪੈਦਾ ਹੁੰਦੀ ਹੈ। ਸਬਦਿ–ਸ਼ਬਦ ਰਾਹੀਂ।੧। ਏਕੰਕਾਰ–ਇਕੋ ਇਕ ਪ੍ਰਭੂ, ਜਿਸ ਵਰਗਾ ਕੋਈ ਹੋਰ ਨਹੀਂ। ਨਿਰਾਲਮੁ–ਨਿਰਲੇਪ; ਆਸਰੇ ਰਹਿਤ। ਸਵਾਰਹਿ–ਸਵਾਰਦਾ ਹੈਂ। ਜਨ ਕੇ–ਸੇਵਕਾਂ ਦੇ। ਕਾਜਾ–ਕਾਰਜ। ਅਮਰੁ–ਮੌਤ ਰਹਿਤ (ਅਬਿਨਾਸੀ)। ਅਡੋਲੁ–ਜੋ ਕਦੇ ਡੋਲਦਾ ਨਹੀਂ। ਅਪਾਰੁ–ਬੇਅੰਤ; ਪਾਰਾਵਾਰ ਰਹਿਤ। ਅਸਥਿਰੁ ਥਾਨਿ–ਸਦਾ ਕਾਇਮ ਰਹਿਣ ਵਾਲੇ ਸਥਾਨ ਉਤੇ। ਸੁਹਾਇਆ–ਸੋਭ ਰਿਹਾ ਹੈਂ।੨। ਦੇਹੀ ਨਗਰੀ–ਮਨੁੱਖਾ ਸਰੀਰ ਰੂਪ ਸ਼ਹਿਰ। ਥਾਨਾ–ਥਾਂ। ਪੰਚ ਲੋਕ–ਸੰਤ ਜਨ। ਪਰਧਾਨਾ–ਮੁਖੀ। ਸੁੰਨ ਸਮਾਧਿ–ਅਫੁਰ ਸਮਾਧੀ।੩। ਨਉ ਦਰਵਾਜੇ–ਨੌਂ ਇੰਦ੍ਰੇ (ਕੰਨ ਨੱਕ ਆਦਿ)। ਸਿਰਿ ਸਿਰਿ–ਹਰੇਕ ਜੀਵ ਦੇ। ਕਰਣੈਹਾਰੈ–ਰਚਨਹਾਰ ਪ੍ਰਭੂ ਨੇ। ਸਾਜੇ–ਬਣਾਏ। ਦਸਵੈ–ਦਸਮ ਦੁਆਰ ਵਿਚ। ਪੁਰਖੁ–ਵਿਆਪਕ ਪ੍ਰਭੂ। ਅਤੀਤੁ–ਤਿਆਗੀ। ਨਿਰਾਲਾ–ਨਿਰਲੇਪ। ਆਪੇ–ਆਪ ਹੀ। ਅਲਖੁ–ਅਸ਼ੁੱਧ ਮਨ ਤੋਂ ਨਾ ਜਾਣਿਆ ਜਾਣ ਵਾਲਾ ਪ੍ਰਭੂ। ਲਖਾਇਆ–ਜਣਾ (ਗਿਆਨ ਕਰਾ) ਦਿਤਾ।੪। ਅਲੇਖ–ਲੇਖੇ ਰਹਿਤ; ਕਰਮ ਬੰਧਨ ਤੋਂ ਮੁਕਤ। ਦੀਵਾਨਾ–ਦਿਵਾਨ ਵਾਲਾ; ਵਜੀਰ । ਹੁਕਮਿ–ਹੁਕਮ ਵਿਚ। ਨੀਸਾਨਾ–ਹੁਕਮ; ਪਰਵਾਨਾ। ਲਹਹੁ–ਲੱਭੋ। ਆਤਮ ਰਾਮ–ਸਰਬ ਵਿਆਪਕ ਪ੍ਰਭੂ।੫।

ਅੰਗ ੧੦੪੦ = ਸਰਬ ਨਿਰੰਜਨ ਪੁਰਖੁ ਸੁਜਾਨਾ ॥ ਅਦਲੁ ਕਰੇ ਗੁਰ ਗਿਆਨ ਸਮਾਨਾ ॥ ਕਾਮੁ ਕ੍ਰੋਧੁ ਲੈ ਗਰਦਨਿ ਮਾਰੇ, ਹਉਮੈ ਲੋਭੁ ਚੁਕਾਇਆ ॥੬॥ ਸਚੈ ਥਾਨਿ ਵਸੈ ਨਿਰੰਕਾਰਾ ॥ ਆਪਿ ਪਛਾਣੈ ਸਬਦੁ ਵੀਚਾਰਾ ॥ ਸਚੈ ਮਹਲਿ ਨਿਵਾਸੁ ਨਿਰੰਤਰਿ,

ਆਵਣ ਜਾਣੁ ਚੁਕਾਇਆ ॥੭॥ ਨਾ ਮਨੁ ਚਲੈ ਨ ਪਉਣੁ ਉਡਾਵੈ ॥ ਜੋਗੀ ਸਬਦੁ ਅਨਾਹਦੁ ਵਾਵੈ ॥ ਪੰਚ ਸਬਦ ਝੁਣਕਾਰੁ ਨਿਰਾਲਮੁ ,ਪ੍ਰਭਿ ਆਪੇ ਵਾਇ ਸੁਣਾਇਆ ॥੮॥ ਭਉ ਬੈਰਾਗਾ ਸਹਜਿ ਸਮਾਤਾ ॥ ਹਉਮੈ ਤਿਆਗੀ ਅਨਹਦਿ ਰਾਤਾ ॥ ਅੰਜਨੁ ਸਾਰਿ ਨਿਰੰਜਨੁ ਜਾਣੈ, ਸਰਬ ਨਿਰੰਜਨੁ ਰਾਇਆ ॥੯॥ ਦੁਖ ਭੈ ਭੰਜਨੁ ਪ੍ਰਭੁ ਅਬਿਨਾਸੀ ॥ ਰੋਗ ਕਟੇ ਕਾਟੀ ਜਮ ਫਾਸੀ ॥ ਨਾਨਕ ਹਰਿ ਪ੍ਰਭੁ ਸੋ ਭਉ ਭੰਜਨੁ ,ਗੁਰਿ ਮਿਲਿਐ ਹਰਿ ਪ੍ਰਭੁ ਪਾਇਆ ॥੧੦॥ (ਹੇ ਭਾਈ!) ਮਾਇਆ ਤੋਂ ਰਹਿਤ ਸਿਆਣਾ ਪ੍ਰਭੂ ਸਾਰੇ ਜੀਵਾਂ ਵਿਚ ਵਿਆਪਕ ਹੈ।(ਉਹ) ਨਿਆਂ ਕਰਦਾ ਹੈ ਅਤੇ ਗੁਰੂ ਦੇ ਗਿਆਨ ਵਿਚ ਸਮਾਇਆ ਹੋਇਆ ਹੈ ਭਾਵ ਗੁਰੂ ਦੇ ਗਿਆਨ ਰਾਹੀਂ ਮਿਲਦਾ ਹੈ।(ਜਿਹੜਾ ਮਨੁੱਖ) ਗੁਰੂ ਪਾਸੋਂ ਗਿਆਨ ਪ੍ਰਾਪਤ ਕਰ ਲੈਂਦਾ ਹੈ, (ਉਹ ਅਪਣੇ ਅੰਦਰੋਂ) ਕਾਮ ਕ੍ਰੋਧ ਨੂੰ ਗਰਦਨ ਤੋਂ ਫੜ ਕੇ ਮਾਰ ਦੇਂਦਾ ਹੈ ਅਤੇ ਹਉਮੈ ਤੇ ਲੋਭ ਨੂੰ ਵੀ ਦੂਰ ਕਰ ਦੇਂਦਾ ਹੈ।੬।ਨਿਰੰਕਾਰ ਸਤਸੰਗਤ ਰੂਪ ਸੱਚੇ ਅਸਥਾਨ ਵਿਚ ਵਸਦਾ ਹੈ।(ਜਿਹੜਾ ਮਨੁੱਖ) ਗੁਰੂ ਦੇ ਸ਼ਬਦ ਨੂੰ ਵਿਚਾਰਦਾ ਹੈ, ਉਹ ਅਪਣੇ ਆਪ ਨੂੰ ਪਛਾਣਦਾ ਹੈ।(ਜਿਸ ਮਨੁੱਖ ਨੇ) ਸੱਚੇ ਪ੍ਰਭੂ ਦੇ ਮਹਿਲ ਵਿਚ ਲਗਾਤਾਰ ਨਿਵਾਸ ਕਰ ਲਿਆ ਹੈ, (ਪ੍ਰਭੂ ਨੇ ਉਸ ਦਾ) ਜਨਮ ਮਰਨ ਦੂਰ ਕਰ ਦਿਤਾ ਹੈ।੭।(ਜਿਸ ਜੋਗੀ ਦਾ) ਮਨ ਚਲਾਇਮਾਨ ਨਹੀਂ ਹੁੰਦਾ ਅਤੇ ਨਾ ਹੀ (ਉਸ ਦੇ ਮਨ ਨੂੰ) ਵਾਸ਼ਨਾ ਰੂਪ ਹਵਾ ਉਡਾਉਂਦੀ ਹੈ।ਉਹ ਜੋਗੀ ਗੁਰੂ ਦੇ ਸ਼ਬਦ ਨੂੰ ਇਕ ਰਸ ਵਜਾਉਂਦਾ (ਗਾਉਂਦਾ) ਹੈ; ਨਾਮ ਉਚਾਰਦਾ ਹੈ।(ਜਿਸ ਕਰਕੇ ਉਸ ਨੂੰ) ਪੰਜ ਤਰ੍ਹਾਂ ਦੇ ਸ਼ਬਦਾਂ ਦੀ ਮਿੱਠੀ ਮਿੱਠੀ ਧੁਨੀ ਸੁਣਾਈ ਦੇਂਦੀ ਹੈ, ਜੋ ਬਿਨਾ ਵਾਜੇ ਦੇ ਆਸਰੇ ਤੋਂ ਵਜਦੀ ਹੈ, ਭਾਵ ਮਨਸਕ ਇਕਾਗ੍ਰਤਾ ਨਾਲ ਗੁਰਮੁਖ ਅਪਣੇ ਅੰਦਰੋਂ ਆਤਮਕ ਸੰਗੀਤ ਸੁਣਦਾ ਹੈ, ਇਹ ਸੰਗੀਤ (ਉਸ ਦੇ ਅੰਦਰ ਵਸਦੇ) ਪ੍ਰਭੂ ਨੇ ਆਪ ਵਾਜਾ ਵਜਾ ਕੇ ਸੁਣਾਇਆ ਹੈ।੮।(ਉਹ ਜੋਗੀ) ਪ੍ਰਭੂ ਦੇ ਡਰ ਤੇ ਉਪਰਾਮਤਾ ਵਾਲਾ ਹੈ ਅਤੇ ਸਹਿਜ ਅਵਸਥਾ ਵਿਚ ਸਮਾ ਜਾਂਦਾ ਹੈ।(ਉਹ) ਹਉਮੈ ਨੂੰ ਤਿਆਗ ਕੇ ਹੱਦ ਰਹਿਤ ਪ੍ਰਭੂ ਵਿਚ ਰੰਗਿਆ ਰਹਿੰਦਾ ਹੈ।(ਉਹ) ਗਿਆਨ ਰੂਪ ਸੁਰਮਾ ਬੁੱਧੀ ਰੂਪ ਅੱਖਾਂ ਵਿਚ ਪਾ ਕੇ ਨਿਰੰਜਨ ਪ੍ਰਭੂ ਨੂੰ ਜਾਣ ਲੈਂਦਾ ਹੈ, ਉਹ ਨਿਰੰਜਨ ਪ੍ਰਭੂ ਸਭ ਦਾ ਰਾਜਾ ਹੈ।੯।(ਹੇ ਭਾਈ!) ਅਬਿਨਾਸੀ ਪ੍ਰਭੂ ਜੀਵਾਂ ਦੇ ਦੁਖ ਤੇ ਭੈ ਨਾਸ਼ ਕਰਨ ਵਾਲਾ ਹੈ।(ਉਹ ਜੀਵਾਂ ਦੇ ਹਉਮੈ ਅਤੇ ਅਗਿਆਨ ਦੇ) ਰੋਗ ਕੱਟ ਦਿੰਦਾ ਹੈ ਅਤੇ ਜਮਾਂ ਦੀ ਫਾਹੀ ਵੀ ਕੱਟ ਦਿੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਹਰੀ ਪ੍ਰਭੂ ਹਰ ਤਰ੍ਹਾਂ ਦਾ ਡਰ ਨਾਸ਼ ਕਰਨ ਵਾਲਾ ਹੈ, ਗੁਰੂ ਦੇ ਮਿਲਿਆਂ ਹਰੀ ਪ੍ਰਭੂ ਪਾਇਆ ਜਾਂਦਾ ਹੈ।੧੦।

ਪਦਾਰਥ = ਸਰਬ–ਸਾਰੇ ਜੀਵਾਂ ਵਿਚ।ਨਿਰੰਜਨ–ਮਾਇਆ ਤੋਂ ਰਹਿਤ।ਪੁਰਖੁ–ਸਰਬ ਵਿਆਪਕ ਪ੍ਰਭੂ।ਸੁਜਾਨਾ–ਸਿਆਣਾ; ਸਭ ਕੁਛ ਜਾਨਣ ਵਾਲਾ।ਅਦਲ ਕਰੇ–ਨਿਆਂ ਕਰਦਾ ਹੈ।ਗਿਆਨ ਸਮਾਨਾ–ਗਿਆਨ ਵਿਚ ਮਿਲਿਆ ਹੋਇਆ ਹੈ।ਲੈ–ਲੈਂਦਾ ਹੈ। ਗਰਦਨਿ–ਗਰਦਨ ਤੋਂ ਫੜ ਕੇ।ਚੁਕਾਇਆ–ਦੂਰ ਕਰਦਾ ਹੈ।੬।ਸਚੈ ਥਾਨਿ–ਸਤਸੰਗਤ ਰੂਪ ਅਸਥਾਨ ਵਿਚ।ਸਚੈ ਮਹਲਿ–ਸੱਚੇ ਪ੍ਰਭੂ ਦੇ ਮਹਿਲ ਵਿਚ।ਨਿਰੰਤਰਿ–ਲਗਾਤਾਰ (ਸਦਾ ਵਾਸਤੇ)।ਆਵਣ ਜਾਣੁ–ਜੰਮਣਾ ਮਰਨਾ।੭।ਨ ਚਲੈ–ਭਟਕਦਾ ਨਹੀਂ।ਪਉਣੁ –ਵਾਸ਼ਨਾ ਰੂਪ ਹਵਾ।ਅਨਾਹਦੁ–ਇਕ ਰਸ।ਵਾਵੈ–ਵਜਾਉਂਦਾ ਹੈ।ਪੰਚ ਸਬਦ–ਪੰਜ ਤਰ੍ਹਾਂ ਦੇ ਸ਼ਬਦਾਂ ਦੀ।ਝੁਣਕਾਰ–ਛਣਕਾਰ (ਮਿੱਠੀ ਧੁਨ)।ਨਿਰਾਲਮੁ–ਬਿਨਾ ਆਸਰੇ ਦੇ।ਪ੍ਰਭਿ–ਪ੍ਰਭੂ ਨੇ।ਵਾਇ–ਵਜਾ ਕੇ।੮।ਭਉ–ਡਰ।ਬੈਰਾਗਾ–ਪਦਾਰਥਾਂ ਦੇ ਪ੍ਰੇਮ ਤੋਂ ਰਹਿਤ (ਉਪਰਾਮ)।ਸਹਜਿ ਸਮਾਤਾ–ਸਹਿਜ ਅਵਸਥਾ ਵਿਚ ਸਮਾ ਜਾਂਦਾ ਹੈ।ਅਨਹਦਿ–ਹੱਦ ਰਹਿਤ।ਰਾਤਾ–ਰੰਗਿਆ ਹੋਇਆ ਹੈ ।ਅੰਜਨੁ–ਸੁਰਮਾ।ਸਾਰਿ–ਪਾ ਕੇ।ਨਿਰੰਜਨੁ–ਮਾਇਆ ਰਹਿਤ।ਸਰਬ–ਸਭ ਜੀਵਾਂ ਦਾ।ਰਾਇਆ–ਰਾਜਾ।੯।ਭੈ ਭੰਜਨੁ–ਡਰ ਨਾਸ਼ ਕਰਨ ਵਾਲਾ।ਅਬਿਨਾਸੀ–ਨਾਸ਼ ਰਹਿਤ।ਫਾਸੀ–ਫਾਹੀ।ਸੋ–ਉਹ।ਗੁਰਿ ਮਿਲਿਐ–ਗੁਰੂ ਦੇ ਮਿਲਣ ਨਾਲ।੧੦।

ਕਾਲੈ ਕਵਲੁ ਨਿਰੰਜਨੁ ਜਾਣੈ ॥ ਬੂਝੈ ਕਰਮੁ ਸੁ ਸਬਦੁ ਪਛਾਣੈ ॥ ਆਪੇ ਜਾਣੈ ਆਪਿ ਪਛਾਣੈ, ਸਭੁ ਤਿਸ ਕਾ ਚੋਜੁ ਸਬਾਇਆ ॥੧੧॥ ਆਪੇ ਸਾਹੁ ਆਪੇ ਵਣਜਾਰਾ ॥ ਆਪੇ ਪਰਖੇ ਪਰਖਣਹਾਰਾ ॥ ਆਪੇ ਕਸਿ ਕਸਵਟੀ ਲਾਏ, ਆਪੇ ਕੀਮਤਿ ਪਾਇਆ ॥੧੨॥ ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥ ਘਟਿ ਘਟਿ ਰਵਿ ਰਹਿਆ ਬਨਵਾਰੀ ॥ ਪੁਰਖੁ ਅਤੀਤੁ ਵਸੈ ਨਿਹਕੇਵਲੁ ,ਗੁਰ ਪੁਰਖੈ ਪੁਰਖੁ ਮਿਲਾਇਆ ॥੧੩॥ ਪ੍ਰਭੁ ਦਾਨਾ ਬੀਨਾ ਗਰਬੁ ਗਵਾਏ ॥ ਦੂਜਾ ਮੇਟੈ ਏਕੁ ਦਿਖਾਏ ॥ ਆਸਾ ਮਾਹਿ ਨਿਰਾਲਮੁ ਜੋਨੀ, ਅਕੁਲ ਨਿਰੰਜਨੁ ਗਾਇਆ ॥੧੪॥ ਹਉਮੈ ਮੇਟਿ ਸਬਦਿ ਸੁਖੁ ਹੋਈ ॥ ਆਪੁ ਵੀਚਾਰੇ ਗਿਆਨੀ ਸੋਈ ॥ ਨਾਨਕ ਹਰਿ ਜਸੁ ਹਰਿ ਗੁਣ ਲਾਹਾ, ਸਤਸੰਗਤਿ ਸਚੁ ਫਲੁ ਪਾਇਆ ॥੧੫॥੨॥੧੯॥(ਹੇ ਭਾਈ! ਜੋ ਮਨੁੱਖ) ਮਾਇਆ ਤੋਂ ਨਿਰਲੇਪ ਪ੍ਰਭੂ ਨੂੰ ਜਾਣ ਲੈਂਦਾ ਹੈ, ਉਹ ਮੌਤ ਨੂੰ ਬੁਰਕੀ ਕਰ ਲੈਂਦਾ ਹੈ (ਮੌਤ ਉਸ ਦੇ ਨੇੜੇ ਨਹੀਂ ਆਉਂਦੀ।ਜੋ ਮਨੁੱਖ ਕਾਲ ਨੂੰ ਬੁਰਕੀ ਕਰਨ ਵਾਲੀ) ਪ੍ਰਭੂ ਦੀ ਬਖਸ਼ਿਸ਼ ਨੂੰ ਸਮਝਦਾ ਹੈ, ਉਹ ਪ੍ਰਭੂ ਦੇ ਨਾਮ ਨੂੰ ਪਛਾਣਦਾ ਹੈ।ਪ੍ਰਭੂ ਆਪ ਹੀ ਸਭ ਜੀਵਾਂ ਦੇ ਦਿਲਾਂ ਦੀ ਪੀੜਾ ਨੂੰ ਜਾਣਦਾ ਹੈ ਅਤੇ ਆਪ ਹੀ ਸਭ ਨੂੰ ਪਛਾਣਦਾ ਹੈ, (ਉਸ ਪ੍ਰਭੂ ਦਾ ਇਹ) ਸਾਰਾ ਕੌਤਕ ਸਾਰੇ ਜਗਤ ਵਿਚ ਵਰਤ ਰਿਹਾ ਹੈ।੧੧।(ਹੇ ਭਾਈ!) ਪ੍ਰਭੂ ਆਪ ਹੀ (ਜੀਵ ਰੂਪ ਵਣਜਾਰੇ ਨੂੰ ਪੂੰਜੀ ਦੇਣ ਵਾਲਾ) ਸ਼ਾਹੂਕਾਰ ਹੈ ਅਤੇ ਆਪ ਹੀ (ਜੀਵਾਂ ਵਿਚ ਵਸਦਾ ਹੋਣ ਕਰਕੇ) ਵਪਾਰੀ ਹੈ।ਪ੍ਰਭੂ ਆਪ ਹੀ (ਜੀਵ ਰੂਪ ਵਪਾਰੀ ਦੇ) ਵਪਾਰ ਨੂੰ ਪਰਖਦਾ ਹੈ ਅਤੇ ਆਪ ਹੀ (ਜੀਵ ਵਪਾਰੀ ਨੂੰ) ਪਰਖਣ ਵਾਲਾ ਹੈ।ਜਿਵੇਂ ਸੁਨਿਆਰਾ ਸੋਨੇ ਨੂੰ ਕਸਵੱਟੀ ਤੇ ਲਾ ਕੇ, ਘਸਾ ਕੇ ਪਰਖਦਾ ਹੈ ਅਤੇ ਉਹ ਆਪ ਹੀ (ਵਣਜ ਦਾ) ਮੁੱਲ ਪਾਉਂਦਾ ਹੈ (ਅਧਿਕਾਰੀ

ਜਾਣ ਕੇ ਨਾਮ ਦੇਂਦਾ ਹੈ)।੧੨।(ਜਿਸ ਮਨੁੱਖ ਉਤੇ) ਦਇਆ ਦੇ ਘਰ ਪ੍ਰਭੂ ਨੇ ਦਇਆ ਕੀਤੀ ਹੈ।(ਉਹ ਜਾਣ ਗਿਆ ਹੈ ਕਿ) ਜਗਤ ਦਾ ਮਾਲਕ ਪ੍ਰਭੂ ਹਰੇਕ ਜੀਵ ਦੇ ਹਿਰਦੇ ਵਿਚ ਵਿਆਪਕ ਹੋ ਰਿਹਾ ਹੈ।ਸਰਬ ਵਿਆਪਕ ਪ੍ਰਭੂ ਹਰੇਕ ਜੀਵ ਦੇ ਅੰਦਰ ਵਸਦਾ ਹੋਇਆ ਵੀ ਮਾਇਆ ਤੋਂ ਨਿਰਲੇਪ ਹੈ ਤੇ ਪਵਿਤ੍ਰ ਹੈ, (ਜਿਸ ਮਨੁੱਖ ਉਤੇ ਪ੍ਰਭੂ ਦੀ ਦਇਆ ਹੋਈ ਹੈ, ਉਸ ਨੂੰ) ਗੁਰੂ ਪੁਰਖ ਨੇ ਅਕਾਲ ਪੁਰਖ ਨਾਲ ਮਿਲਾ ਦਿਤਾ ਹੈ।੧੩।(ਹੇ ਭਾਈ!) ਪ੍ਰਭੂ ਸਭ ਜੀਵਾਂ ਦੇ ਦਿਲਾਂ ਦੀ ਜਾਨਣ ਵਾਲਾ ਹੈ, ਸਭ ਦੇ ਕੰਮ ਦੇਖਣ ਵਾਲਾ ਹੈ ਅਤੇ (ਭਗਤਾਂ ਦਾ) ਹੰਕਾਰ ਦੂਰ ਕਰਦਾ ਹੈ।(ਉਹ ਜਿਸ ਮਨੁੱਖ ਦਾ) ਦੂਜਾ ਭਾਵ ਮੇਟ ਦਿੰਦਾ ਹੈ, (ਉਸ ਨੂੰ) ਇਕ ਅਪਣਾ ਆਪ ਦਿਖਾ ਦੇਂਦਾ ਹੈ।(ਜਿਸ ਮਨੁੱਖ ਨੇ) ਕੁਲ ਰਹਿਤ ਤੇ ਮਾਇਆ ਰਹਿਤ ਪ੍ਰਭੂ ਦਾ ਜਸ ਗਾਇਆ ਹੈ, ਉਹ ਮਨੁੱਖ ਦੀ ਜੂਨ ਵਾਲਾ ਹੁੰਦਾ ਹੋਇਆ ਵੀ ਆਸਾ ਵਿਚ ਨਿਰਲੇਪ ਰਹਿੰਦਾ ਹੈ।੧੪।(ਹੇ ਭਾਈ!) ਗੁਰੂ ਦੇ ਸ਼ਬਦ ਵਿਚ ਜੁੜ ਕੇ ਹਉਮੈ ਨੂੰ ਮੇਟ ਕੇ ਸੁਖ ਪ੍ਰਾਪਤ ਹੁੰਦਾ ਹੈ।(ਜੋ ਮਨੁੱਖ) ਅਪਣੇ ਆਪ ਨੂੰ ਵਿਚਾਰਦਾ ਹੈ, ਉਹ ਹੀ ਗਿਆਨਵਾਨ ਹੁੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦਾ ਜਸ ਤੇ ਹਰੀ ਦੇ ਗੁਣ ਗਾਉਣ ਨਾਲ (ਮਨੁੱਖ ਨੂੰ) ਲਾਭ ਮਿਲਦਾ ਹੈ ਅਤੇ (ਜਿਹੜਾ ਮਨੁੱਖ) ਸਤਸੰਗਤ ਵਿਚ ਆਇਆ ਹੈ, (ਉਸ ਨੇ) ਸੱਚਾ ਫਲ ਪਾਇਆ ਹੈ।੧੫।੨।੧੯।

ਪਦਾਰਥ = ਕਾਲੈ-ਮੌਤ ਨੂੰ।ਕਵਲੁ-ਬੁਰਕੀ।ਨਿਰੰਜਨੁ-ਮਾਇਆ ਤੋਂ ਨਿਰਲੇਪ।ਕਰਮੁ-ਬਖਸ਼ਿਸ਼।ਸੁ-ਉਹ।ਸਬਦੁ-ਨਾਮ।ਤਿਸ ਕਾ-ਉਸ ਪ੍ਰਭੂ ਦਾ।ਚੋਜੁ-ਕੌਤਕ; ਖੇਲ।ਸਬਾਇਆ-ਸਾਰਾ।੧੧।ਸਾਹੁ-ਸ਼ਾਹੂਕਾਰ।ਵਣਜਾਰਾ-ਵਪਾਰੀ।ਕਸਿ-ਘਸਾ ਕੇ।ਕਸਵਟੀ ਲਾਏ-ਕਸਵੱਟੀ ਉਤੇ ਲਾਏ ਕੇ।੧੨।ਦਇਆਲਿ ਪ੍ਰਭਿ-ਦਇਆ ਦੇ ਘਰ ਪ੍ਰਭੂ ਨੇ।ਧਾਰੀ-ਕੀਤੀ।ਘਟਿ ਘਟਿ-ਹਰੇਕ ਜੀਵ ਦੇ ਹਿਰਦੇ ਵਿਚ।ਰਵਿ ਰਹਿਆ-ਵਿਆਪਕ ਹੋ ਰਿਹਾ ਹੈ।ਬਨਵਾਰੀ-ਜਗਤ ਬਾਗ ਦਾ ਮਾਲਕ ਪ੍ਰਭੂ।ਪੁਰਖੁ-ਸਰਬ ਵਿਆਪਕ ਪ੍ਰਭੂ। ਅਤੀਤੁ-ਨਿਰਲੇਪ; ਤਿਆਗੀ।ਨਿਹਕੇਵਲੁ-ਪਵਿਤ੍ਰ।ਗੁਰ ਪੁਰਖੈ-ਗੁਰੂ ਪੁਰਖ ਨੇ।੧੩।ਦਾਨਾ-ਜਾਨਣ ਵਾਲਾ।ਬੀਨਾ-ਦੇਖਣ ਵਾਲਾ ।ਗਰਬੁ-ਹੰਕਾਰ।ਗਵਾਏ-ਦੂਰ ਕਰਦਾ ਹੈ।ਮਾਹਿ-ਵਿਚ।ਨਿਰਾਲਮੁ-ਨਿਰਲੇਪ।ਜੋਨੀ-ਮਨੁੱਖਾ ਜੂਨ ਵਾਲਾ।ਅਕੁਲ-ਕੁਲ ਰਹਿਤ ।੧੪।ਸਬਦਿ-ਸ਼ਬਦ ਵਿਚ ਜੁੜ ਕੇ।ਆਪੁ-ਅਪਣੇ ਆਪ ਨੂੰ।ਸੋਈ-ਉਹ ਹੀ।ਲਾਹਾ-ਲਾਭ।੧੫।੨।੧੯।

ਮਾਰੂ ਮਹਲਾ ੧ ॥ ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥ ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ, ਮਨ ਹਰਿ ਜਪਿ ਪਾਰਿ ਲੰਘਾਇਆ ॥੧॥ ਹਉਮੈ ਮਮਤਾ ਲੋਭ ਬਿਨਾਸਨੁ ॥ ਨਉ ਦਰ ਮੁਕਤੇ ਦਸਵੈ ਆਸਨੁ ॥ ਊਪਰਿ ਪਰੈ ਪਰੈ ਅਪਰੰਪਰੁ ,ਜਿਨਿ ਆਪੇ ਆਪੁ ਉਪਾਇਆ ॥੨॥ ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥ ਅਕਲੁ ਗਾਇ ਜਮ ਤੇ ਕਿਆ ਡਰੀਐ ॥ ਜਤ ਜਤ ਦੇਖਉ ਤਤ ਤਤ ਤੁਮ ਹੀ, ਅਵਰੁ ਨ ਦੁਤੀਆ ਗਾਇਆ ॥੩॥ ਸਚੁ ਹਰਿ ਨਾਮੁ ਸਚੁ ਹੈ ਸਰਣਾ ॥ ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥ ਅਕਥੁ ਕਥੈ ਦੇਖੈ ਅਪਰੰਪਰੁ ,ਫੁਨਿ ਗਰਭਿ ਨ ਜੋਨੀ ਜਾਇਆ ॥੪॥ ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥ ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ,ਕਹੁ ਨਾਨਕ ਪੂਰਾ ਪਾਇਆ ॥੫॥ (ਹੇ ਭਾਈ!) ਪ੍ਰਭੂ ਦੇ ਸੱਚੇ ਨਾਮ ਨੂੰ ਉਚਾਰਦੇ ਰਹੋ, (ਤਾਂ ਤੁਹਾਨੂੰ) ਸੱਚੇ ਪ੍ਰਭੂ ਦੇ ਘਰ ਵਿਚ ਰਹਿਣਾ ਮਿਲ ਜਾਏਗਾ।(ਜੇ ਤੁਸੀਂ) ਜੀਵਤ ਭਾਵ ਤੋਂ ਮਰੋਗੇ ਤਾਂ ਭਵਜਲ ਤੋਂ ਤਰਨਾ ਹੋਵੇਗਾ।(ਭਵਜਲ ਤੋਂ ਤਰਨ ਲਈ) ਗੁਰੂ ਪਾਸ ਨਾਮ ਰੂਪ ਜਹਾਜ ਹੈ, ਆਸਾ ਰੂਪ ਨਦੀ ਤੋਂ ਪਾਰ ਹੋਣ ਲਈ ਗੁਰੂ ਪਾਸ ਬੇੜੀ ਹੈ ਤੇ ਰਾਗ ਦ੍ਵੈਸ਼ ਨਾਲਿਆਂ ਤੋਂ ਪਾਰ ਹੋਣ ਲਈ ਗੁਰੂ ਪਾਸ ਤੁਲਹਾ ਹੈ, ਹੇ ਮਨ! (ਗੁਰੂ ਦੀ ਸ਼ਰਨ ਵਿਚ ਪੈ ਕੇ) ਹਰੀ ਦਾ ਨਾਮ ਜਪ, (ਜਿਸ ਨੇ ਹਰੀ ਦਾ ਨਾਮ ਜਪਿਆ ਹੈ, ਉਸ ਨੂੰ ਗੁਰੂ ਨੇ ਭਵਜਲ ਤੋਂ) ਪਾਰ ਲੰਘਾ ਦਿਤਾ ਹੈ।੧।(ਨਾਮ ਸਿਮਰਨ) ਹਉਮੈ, ਮਮਤਾ ਤੇ ਲੋਭ ਦਾ ਨਾਸ਼ ਕਰਨ ਵਾਲਾ ਹੈ।(ਨਾਮ ਜਪਣ ਨਾਲ) ਨੌਂ ਇੰਦ੍ਰੀਆਂ ਦੇ ਵਿਸ਼ਿਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ ਅਤੇ ਦਸਵੇਂ ਦੁਆਰ ਵਿਚ ਆਸਣ ਲਗ ਜਾਂਦਾ ਹੈ।ਜਿਸ ਪ੍ਰਭੂ ਨੇ ਅਪਣੇ ਆਪ ਨੂੰ (ਸ੍ਰਿਸਟੀ ਰੂਪ ਵਿਚ) ਪੈਦਾ ਕੀਤਾ ਹੈ ,ਉਹ ਪਰੇ ਤੋਂ ਪਰੇ ਪ੍ਰਭੂ ਸਭ ਤੋਂ ਉਪਰ ਹੈ।੨।(ਹੇ ਭਾਈ!) ਗੁਰੂ ਦੀ ਸਿੱਖਿਆ ਧਾਰਨ ਕਰ ਲਵੋ, (ਗੁਰੂ ਦੀ ਸਿੱਖਿਆ ਲੈ ਕੇ) ਹਰੀ ਨਾਲ ਲਿਵ ਲਾਇਆਂ ਭਵਜਲ ਤੋਂ ਤਰ ਜਾਈਦਾ ਹੈ।ਨਿਰਗੁਣ ਪ੍ਰਭੂ ਦੇ ਗੁਣ ਗਾ ਕੇ ਜਮ ਤੋਂ ਕਿਆ ਡਰਨਾ ਹੋਇਆ? (ਮੌਤ ਦਾ ਡਰ ਨਹੀਂ ਰਹਿੰਦਾ।ਹੇ ਪ੍ਰਭੂ! ਨਾਮ ਸਿਮਰਨ ਦਾ ਸਦਕਾ ਹੁਣ) ਮੈਂ ਜਿੱਥੇ ਜਿੱਥੇ ਦੇਖਦਾ ਹਾਂ, ਉਥੇ ਉਥੇ ਤੂੰ ਹੀ ਦਿਸਦਾ ਹੈਂ, (ਹੁਣ ਮੈਂ) ਕਿਸੇ ਦੂਜੇ ਨੂੰ ਨਹੀਂ ਗਾਉਂਦਾ।੩।(ਹੇ ਭਾਈ!) ਹਰੀ ਦਾ ਨਾਮ ਸੱਚਾ ਹੈ ਅਤੇ ਉਸ ਦੀ ਸ਼ਰਣ ਵੀ ਸੱਚੀ ਹੈ।ਗੁਰੂ ਦਾ ਸ਼ਬਦ ਸੱਚਾ ਹੈ, ਜਿਸ ਵਿਚ ਲਗ ਕੇ ਭਵਜਲ ਤੋਂ ਤਰਨਾ ਹੁੰਦਾ ਹੈ।(ਜੋ ਮਨੁੱਖ) ਅਕੱਥ ਪ੍ਰਭੂ ਨੂੰ ਕਥਨ ਕਰਦਾ ਹੈ, ਉਹ ਪ੍ਰਭੂ ਨੂੰ ਦੇਖ ਲੈਂਦਾ ਹੈ, ਜੋ ਪਰੇ ਤੋਂ ਪਰੇ ਹੈ, ਫਿਰ (ਉਹ ਮਨੁੱਖ) ਮੁੜ ਕੇ ਗਰਭ ਜੋਨੀ ਵਿਚ ਨਹੀਂ ਜੰਮਦਾ।੪।(ਹੇ ਭਾਈ!) ਸੱਚੇ ਨਾਮ ਸਿਮਰਨ ਤੋਂ ਬਿਨਾ (ਮਨੁੱਖ) ਸਤ ਸੰਤੋਖ ਆਦਿ ਦੈਵੀ ਗੁਣ ਪ੍ਰਾਪਤ ਨਹੀਂ ਕਰ ਸਕਦਾ।ਗੁਰੂ ਦੇ ਉਪਦੇਸ਼ ਤੋਂ ਬਿਨਾ (ਮਨੁੱਖ) ਮੁਕਤ ਨਹੀਂ ਹੋ ਸਕਦਾ, (ਇਸ ਲਈ ਮਨੁੱਖ ਸੰਸਾਰ ਵਿਚ) ਆਉਂਦਾ ਜਾਂਦਾ ਰਹਿੰਦਾ ਹੈ।ਹਰੀ ਦਾ ਨਾਮ ਮੂਲ ਮੰਤ੍ਰ ਅਤੇ ਰਸਾਂ ਦਾ ਘਰ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ ਇਹ ਮੰਤ੍ਰ ਜਪਿਆ ਹੈ, ਉਸ ਨੇ) ਪੂਰਨ ਪ੍ਰਭੂ ਪਾ ਲਿਆ ਹੈ।੫।

ਪਦਾਰਥ = ਸਚੁ-ਪ੍ਰਭੂ ਦਾ ਸੱਚਾ ਨਾਮ।ਕਹਹੁ-ਉਚਾਰੋ।ਸਚੈ ਘਰਿ-ਸੱਚੇ ਪ੍ਰਭੂ ਦੇ ਘਰ ਵਿਚ।ਜੀਵਤ ਮਰਹੁ-ਜੀਵਤ ਭਾਵ ਤੋਂ

ਮਰ ਜਾਓ। ਭਵਜਲੁ ਜਗੁ–ਸੰਸਾਰ ਸਮੁੰਦਰ। ਬੋਹਿਥੁ–ਜਹਾਜ। ਤੁਲਹਾ–ਨਦੀ ਵਿਚ ਤਰਨ ਲਈ ਲਕੜਾਂ ਦਾ ਰੱਸੀਆਂ ਨਾਲ ਬੱਧਾ ਹੋਇਆ ਫੱਟਾ। ਮਨ–ਹੇ ਮਨ!।੧। ਮਮਤਾ–ਅਪਣੱਤ। ਬਿਨਾਸਨੁ–ਨਾਸ਼ ਕਰਨ ਵਾਲਾ। ਨਉ ਦਰ–ਨੌਂ ਇੰਦ੍ਰੇ (ਅੱਖਾਂ, ਨੱਕ ਤੇ ਕੰਨ ਆਦਿ)। ਮੁਕਤੇ–ਛੁਟਕਾਰਾ। ਦਸਵੈ–ਦਸਮ ਦੁਆਰਾ (ਆਤਮਾ ਦੇ ਧੁਰ ਅੰਦਰ ਦੀ ਅਵਸਥਾ, ਜਿਥੇ ਵਾਹਿਗੁਰੂ ਅਨੁਭਵ ਹੁੰਦਾ ਹੈ)। ਪਰੈ ਪਰੈ–ਪਰੇ ਤੋਂ ਪਰੇ। ਅਪਰੰਪਰੁ–ਬ੍ਰਹਮਾ ਆਦਿਕ ਦੇਵਤਿਆਂ ਤੋਂ ਵੀ ਪਰੇ; ਪ੍ਰਕਿਰਤੀ ਦੇ ਪਾਰਾਵਾਰ ਤੋਂ ਪਰੇ। ਜਿਨਿ–ਜਿਸ ਨੇ। ਆਪੇ ਆਪੁ–ਅਪਣੇ ਆਪ ਨੂੰ। ਉਪਾਇਆ–ਪੈਦਾ ਕੀਤਾ।੨। ਗੁਰਮਤਿ–ਗੁਰੂ ਦੀ ਸਿੱਖਿਆ। ਲਿਵ–ਸੁਰਤਿ; ਲਗਨ। ਤਰੀਐ–ਤਰ ਜਾਈਦਾ। ਅਕਲੁ–ਨਿਰਗੁਣ ਪ੍ਰਭੂ। ਗਾਇ–ਗਾ ਕੇ। ਤੇ–ਤੋਂ। ਜਤ ਜਤ–ਜਿੱਥੇ ਜਿੱਥੇ। ਦੇਖਉ–ਮੈਂ ਦੇਖਦਾ ਹਾਂ। ਤਤ ਤਤ–ਉਥੇ ਉਥੇ। ਅਵਰੁ–ਹੋਰ। ਦੁਤੀਆ–ਦੂਜਾ।੩। ਜਿਤੈ ਲਗਿ–ਜਿਸ ਵਿਚ ਲਗ ਕੇ। ਅਕਥੁ–ਪੂਰਨ ਤੌਰ ਤੇ ਨਾ ਬਿਆਨ ਹੋ ਸਕਣ ਵਾਲਾ ਪ੍ਰਭੂ। ਕਥੈ–ਕਥਨ ਕਰਦਾ (ਜਪਦਾ) ਹੈ। ਫੁਨਿ–ਫਿਰ; ਮੁੜ ਕੇ। ਨ ਜਾਇਆ–ਨਹੀਂ ਜੰਮਦਾ।੪। ਸਚ ਬਿਨੁ–ਸੱਚੇ ਨਾਮ ਤੋਂ ਬਿਨਾ। ਆਵੈ ਜਾਵੈ–ਆਉਂਦਾ ਜਾਂਦਾ (ਜੰਮਦਾ ਮਰਦਾ) ਰਹਿੰਦਾ ਹੈ। ਰਸਾਇਣੁ–ਰਸਾਂ ਦਾ ਘਰ। ਮੂਲ ਮੰਤ੍ਰੁ–ਮੁਢਲਾ ਮੰਤ੍ਰ (ਜੋ ਸਾਰੇ ਮੰਤ੍ਰਾਂ ਤੋਂ ਸ੍ਰੇਸ਼ਟ ਹੈ; ਜੋ ਸਾਰੇ ਮੰਤ੍ਰਾਂ ਦਾ ਮੁੱਢ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ, ਮੂਲ ਮੰਤ੍ਰ ਤੋਂ ਅਰੰਭ ਹੁੰਦਾ ਹੈ)।੫।

ਅੰਗ ੧੦੪੧ = ਸਚ ਬਿਨੁ ਭਵਜਲੁ ਜਾਇ ਨ ਤਰਿਆ ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥ ਰਹੈ ਅਤੀਤੁ ਗੁਰਮਤਿ ਲੇ ਊਪਰਿ, ਹਰਿ ਨਿਰਭਉ ਕੈ ਘਰਿ ਪਾਇਆ ॥੬॥ ਝੂਠੀ ਜਗ ਹਿਤ ਕੀ ਚਤੁਰਾਈ ॥ ਬਿਲਮ ਨ ਲਾਗੈ ਆਵੈ ਜਾਈ ॥ ਨਾਮੁ ਵਿਸਾਰਿ ਚਲਹਿ ਅਭਿਮਾਨੀ, ਉਪਜੈ ਬਿਨਸਿ ਖਪਾਇਆ ॥੭॥ ਉਪਜਹਿ ਬਿਨਸਹਿ ਬੰਧਨ ਬੰਧੇ ॥ ਹਉਮੈ ਮਾਇਆ ਕੇ ਗਲਿ ਫੰਧੇ ॥ ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ, ਸੋ ਜਮ ਪੁਰਿ ਬੰਧਿ ਚਲਾਇਆ ॥੮॥ ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥ ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ ॥ ਗੁਰਮਤਿ ਲੇਹੁ ਤਰਹੁ ਭਵ ਦੁਤਰੁ ,ਮੁਕਤਿ ਭਏ ਸੁਖੁ ਪਾਇਆ ॥੯॥ ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ ॥ ਗੁਰਮਤਿ ਸਾਇਰਿ ਪਾਹਣ ਤਾਰੇ ॥ ਗੁਰਮਤਿ ਲੇਹੁ ਪਰਮ ਪਦੁ ਪਾਈਐ, ਨਾਨਕ ਗੁਰਿ ਭਰਮੁ ਚੁਕਾਇਆ ॥੧੦॥ (ਹੇ ਭਾਈ!) ਸੱਚੇ ਪ੍ਰਭੂ ਦੇ ਨਾਮ ਤੋਂ ਬਿਨਾ ਸੰਸਾਰ ਸਮੁੰਦਰ ਤੋਂ ਤਰਿਆ ਨਹੀਂ ਜਾ ਸਕਦਾ। ਏਹ ਸੰਸਾਰ ਸਮੁੰਦਰ ਬਹੁਤ ਡੂੰਘਾ ਹੈ ਅਤੇ ਵਿਸ਼ਿਆਂ ਰੂਪ ਪਾਣੀ ਨਾਲ ਭਰਿਆ ਹੋਇਆ ਹੈ। (ਜਿਹੜਾ ਮਨੁੱਖ) ਗੁਰੂ ਦੀ ਮੱਤ ਲੈ ਕੇ ਵਿਕਾਰਾਂ ਤੋਂ ਨਿਰਲੇਪ ਅਤੇ ਵਿਸ਼ੇ ਵਿਕਾਰਾਂ ਤੋਂ ਉਪਰ ਰਹਿੰਦਾ ਹੈ, (ਉਸ ਨੇ) ਨਿਰਭਉ ਹਰੀ ਦੇ ਘਰ ਵਿਚ ਟਿਕਾਣਾ ਪਾ ਲਿਆ ਹੈ; ਨਿਰਭਉ ਹਰੀ ਨੂੰ ਹਿਰਦੇ ਘਰ ਦੇ ਵਿਚ ਹੀ ਪਾ ਲਿਆ ਹੈ।੬। ਪਦਾਰਥਾਂ ਦਾ ਮੋਹ ਤੇ ਜਗਤ ਦੀ ਸਿਆਣਪ ਝੂਠੀ ਹੈ। (ਜਦੋਂ ਜੀਵ ਜਗਤ ਵਿਚ) ਆਉਂਦਾ ਹੈ, ਉਦੋਂ ਦੇਰ ਨਹੀਂ ਲਗਦੀ, (ਜਦੋਂ ਜਗਤ ਵਿਚੋਂ) ਜਾਂਦਾ ਹੈ, ਉਦੋਂ ਵੀ ਦੇਰ ਨਹੀਂ ਲਗਦੀ (ਇਸ ਮੋਹ ਦੇ ਕਾਰਨ ਮਨੁੱਖ ਜੰਮਦਾ ਮਰਦਾ ਰਹਿੰਦਾ ਹੈ)। ਪ੍ਰਭੂ ਦਾ ਨਾਮ ਭੁਲਾ ਕੇ ਹੰਕਾਰੀ ਮਨੁੱਖ (ਸੰਸਾਰ ਤੋਂ ਖਾਲੀ ਹੱਥ) ਚਲੇ ਜਾਂਦੇ ਹਨ, (ਅਜੇਹੇ ਮਨੁੱਖ ਸੰਸਾਰ ਵਿਚ) ਜੰਮਦੇ ਮਰਦੇ ਰਹਿੰਦੇ ਹਨ, (ਪ੍ਰਭੂ ਨੇ ਉਨ੍ਹਾਂ ਨੂੰ) ਨਾਸ਼ ਕਰ ਦਿਤਾ ਹੈ।੭। ਮਾਇਆ ਦੇ ਬੰਧਨਾਂ ਵਿਚ ਬੱਧੇ ਹੋਏ ਜੀਵ ਜੰਮਦੇ ਮਰਦੇ ਰਹਿੰਦੇ ਹਨ। (ਕਿਉਂਕਿ ਉਨ੍ਹਾਂ ਦੇ) ਗਲ ਵਿਚ ਮਾਇਆ ਤੇ ਹਉਮੈ ਦੇ ਫੰਧੇ ਪਏ ਹੋਏ ਹਨ। ਗੁਰੂ ਦੀ ਸਿੱਖਿਆ ਰਾਹੀਂ (ਜਿਸ ਮਨੁੱਖ ਦੀ) ਬੁੱਧੀ ਵਿਚ ਰਾਮ ਦਾ ਨਾਮ ਨਹੀਂ ਵਸਿਆ, ਉਹ ਬੰਨ੍ਹ ਕੇ ਜਮ ਪੁਰੀ ਵਿਚ ਤੋਰ ਦਿਤਾ ਜਾਂਦਾ ਹੈ।੮। (ਹੇ ਭਾਈ!) ਗੁਰੂ ਤੋਂ ਬਿਨਾ ਸੰਸਾਰ ਦੇ ਵਿਹਾਰਾਂ ਦਾ ਤਿਆਗ ਅਤੇ ਅਵਿਦਿਆ ਦੇ ਬੰਧਨਾਂ ਤੋਂ ਛੁਟਕਾਰਾ ਕਿਵੇਂ ਪਾਇਆ ਜਾ ਸਕਦਾ ਹੈ? ਗੁਰੂ ਤੋਂ ਬਿਨਾ ਪ੍ਰਮਾਤਮਾ ਦਾ ਨਾਮ ਕਿਵੇਂ ਧਿਆਇਆ ਜਾ ਸਕਦਾ ਹੈ? (ਹੇ ਭਾਈ!) ਗੁਰੂ ਦੀ ਸਿੱਖਿਆ ਲੈ ਲਵੋ ,(ਇਉਂ ਤੁਸੀਂ) ਔਖਾ ਤਰਿਆ ਜਾਣ ਵਾਲਾ ਭਵਸਾਗਰ ਤਰ ਜਾਓਗੇ, (ਜਿਨ੍ਹਾਂ ਪੁਰਖਾਂ ਨੇ ਗੁਰਮਤਿ ਧਾਰਨ ਕੀਤੀ ਹੈ, ਉਹ) ਮੁਕਤ ਹੋ ਗਏ ਹਨ ਅਤੇ (ਉਨ੍ਹਾਂ ਨੇ) ਆਤਮਕ ਸੁਖ ਪਾਇਆ ਹੈ।੯। ਗੁਰੂ ਦੀ ਸਿੱਖਿਆ ਦੁਆਰਾ ਕ੍ਰਿਸ਼ਨ ਜੀ ਨੇ ਗੋਵਰਧਨ ਪਰਬਤ ਨੂੰ (ਉਂਗਲ ਉਤੇ) ਚੁੱਕ ਲਿਆ ਸੀ। ਗੁਰੂ ਦੀ ਸਿੱਖਿਆ ਰਾਹੀਂ ਹੀ ਰਾਮ ਚੰਦਰ ਜੀ ਨੇ ਸਮੁੰਦਰ ਵਿਚ ਪੱਥਰ ਤਾਰੇ ਸਨ। (ਇਸ ਲਈ ਹੇ ਭਾਈ! ਤੁਸੀਂ ਵੀ) ਗੁਰੂ ਦੀ ਸਿੱਖਿਆ ਲੈ ਲਵੋ, (ਗੁਰੂ ਦੀ ਸਿੱਖਿਆ ਰਾਹੀਂ) ਪਰਮ ਪਦਵੀ ਪਾ ਲਈਦੀ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ ਗੁਰੂ ਦੀ ਸਿੱਖਿਆ ਲਈ ਹੈ, ਉਸ ਦਾ) ਭਰਮ ਗੁਰੂ ਨੇ ਦੂਰ ਕਰ ਦਿਤਾ ਹੈ।੧੦।

ਪਦਾਰਥ = ਭਵਜਲੁ–ਸੰਸਾਰ ਸਮੁੰਦਰ। ਅਥਾਹੁ–ਬਹੁਤ ਡੂੰਘਾ (ਜਿੱਥੇ ਹੱਥ ਨਾ ਪਹੁੰਚ ਸਕੇ)। ਬਿਖੁ–ਵਿਸ਼ੇ ਵਿਕਾਰਾਂ ਦੀ ਜਹਿਰ। ਰਹੈ ਅਤੀਤੁ–ਨਿਰਲੇਪ ਰਹਿੰਦਾ ਹੈ। ਗੁਰਮਤਿ ਲੇ–ਗੁਰੂ ਦੀ ਸਿੱਖਿਆ ਲੈ ਕੇ।੬। ਜਗ–ਜਗਤ। ਹਿਤ ਕੀ–ਮੋਹ ਦੀ। ਬਿਲਮ–ਦੇਰ। ਆਵੈ ਜਾਈ–ਆਉਂਦਾ ਜਾਂਦਾ (ਜੰਮਦਾ ਮਰਦਾ) ਹੈ। ਵਿਸਾਰਿ–ਭੁਲਾ ਕੇ। ਚਲਹਿ–ਚਲੇ ਜਾਂਦੇ ਹਨ। ਉਪਜੈ–ਜੰਮਦੇ ਹਨ। ਬਿਨਸਿ–ਮਰਦੇ ਹਨ। ਖਪਾਇਆ–ਨਾਸ਼ ਕਰ ਦਿਤਾ ਹੈ।੭। ਉਪਜਹਿ–ਜੰਮਦੇ ਹਨ। ਬਿਨਸਹਿ–ਮਰਦੇ ਹਨ। ਬੰਧੇ–ਬੱਝੇ ਹੋਏ। ਗਲਿ–ਗਲ ਵਿਚ। ਰਾਮ–ਸਰਬ ਵਿਆਪਕ ਪ੍ਰਭੂ। ਮਤਿ–ਅਕਲ ਵਿਚ। ਸੋ–ਉਹ (ਮਨੁੱਖ)। ਜਮ ਪੁਰਿ–ਜਮਾਂ ਦੀ ਪੁਰੀ (ਨਰਕ) ਵਿਚ। ਬੰਧਿ–ਬੰਨ੍ਹ ਕੇ।੭। ਮੋਖ ਮੁਕਤਿ–ਸੰਸਾਰ ਦੇ ਵਿਹਾਰਾਂ ਦਾ ਤਿਆਗ ਅਤੇ ਅਵਿਦਿਆ ਦੇ ਬੰਧਨਾਂ ਤੋਂ ਛੁਟਕਾਰਾ (ਮ.ਕੋ.)। ਤਰਹੁ–ਤਰ ਜਾਓਗੇ। ਭਵ–ਸੰਸਾਰ ਸਮੁੰਦਰ। ਦੁਤਰੁ–ਔਖਾ ਤਰਿਆ ਜਾਣ ਵਾਲਾ। ਭਏ–ਹੋਏ ਹਨ।੯। ਕ੍ਰਿਸਨਿ–ਕ੍ਰਿਸ਼ਨ ਜੀ ਨੇ। ਗੋਵਰਧਨ–

ਇਕ ਪਰਬਤ ਜੋ ਬਿੰਦ੍ਰਾਬਨ ਦੇ ਨੇੜੇ ਹੈ, ਲੋਕਾਂ ਨੂੰ ਮੀਂਹ ਤੋਂ ਬਚਾਣ ਲਈ ਇਸ ਨੂੰ ਕ੍ਰਿਸ਼ਨ ਜੀ ਨੇ ਉਂਗਲ ਤੇ ਚੁੱਕ ਕੇ ਛਤਰੀ ਕੀਤੀ ਸੀ। ਧਾਰੇ-ਉਠਾ (ਚੁਕ) ਲਿਆ। ਸਾਇਰਿ-ਸਮੁੰਦਰ ਵਿਚ। ਪਾਹਣ-ਪੱਥਰ। ਤਾਰੇ-ਤਾਰ ਦਿਤੇ। ਪਰਮ ਪਦੁ-ਸਭ ਤੋਂ ਉਚੀ ਪਦਵੀ; ਮੁਕਤੀ। ਗੁਰਿ-ਗੁਰੂ ਨੇ। ਚੁਕਾਇਆ-ਦੂਰ ਕਰ ਦਿਤਾ।੧੦।

ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥ ਆਤਮ ਚੀਨਹੁ ਰਿਦੈ ਮੁਰਾਰੀ ॥ ਜਮ ਕੇ ਫਾਹੇ ਕਾਟਹਿ ਹਰਿ ਜਪਿ, ਅਕੁਲ ਨਿਰੰਜਨੁ ਪਾਇਆ ॥੧੧॥ ਗੁਰਮਤਿ ਪੰਚ ਸਖੇ ਗੁਰ ਭਾਈ ॥ ਗੁਰਮਤਿ ਅਗਨਿ ਨਿਵਾਰਿ ਸਮਾਈ ॥ ਮਨਿ ਮੁਖਿ ਨਾਮੁ ਜਪਹੁ ਜਗਜੀਵਨ, ਰਿਦ ਅੰਤਰਿ ਅਲਖੁ ਲਖਾਇਆ ॥੧੨॥ ਗੁਰਮੁਖਿ ਬੂਝੈ ਸਬੁਦ ਪਤੀਜੈ ॥ ਉਸਤਤਿ ਨਿੰਦਾ ਕਿਸ ਕੀ ਕੀਜੈ ॥ ਚੀਨਹੁ ਆਪੁ ਜਪਹੁ ਜਗਦੀਸਰੁ ,ਹਰਿ ਜਗੰਨਾਥੁ ਮਨਿ ਭਾਇਆ ॥੧੩॥ ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥ ਘਟਿ ਘਟਿ ਭੋਗੇ ਭੋਗਣਹਾਰਾ, ਰਹੈ ਅਤੀਤੁ ਸਬਾਇਆ ॥੧੪॥ ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ ਗੁਰਮਤਿ ਆਖੀ ਦੇਖਹੁ ਊਚਾ ॥ ਸ੍ਰਵਣੀ ਨਾਮੁ ਸੁਣੈ ਹਰਿ ਬਾਣੀ, ਨਾਨਕ ਹਰਿ ਰੰਗਿ ਰੰਗਾਇਆ ॥੧੫॥੩॥੨੦॥ (ਹੇ ਭਾਈ!) ਗੁਰੂ ਦੀ ਸਿੱਖਿਆ ਲਵੋ ਅਤੇ ਸੱਚੇ ਪ੍ਰਭੂ ਦਾ ਨਾਮ ਜਪੋ (ਇਸ ਤਰ੍ਹਾਂ ਸੰਸਾਰ ਸਮੁੰਦਰ ਤੋਂ) ਤਾਰੀ ਤਰ ਕੇ ਤਰ ਜਾਓਗੇ। (ਅਪਣੀ) ਆਤਮਾ ਦੀ ਪਛਾਣ ਕਰੋ ਅਤੇ ਪ੍ਰਭੂ ਨੂੰ ਹਿਰਦੇ ਵਿਚ ਵਸਾਓ। ਪ੍ਰਭੂ ਦਾ ਨਾਮ ਜਪ ਕੇ ਜਮ ਦੇ ਫਾਹੇ ਕੱਟੇ ਜਾਂਦੇ ਹਨ, (ਜਿਸ ਮਨੁੱਖ ਨੇ ਨਾਮ ਜਪਿਆ ਹੈ, ਉਸ ਨੇ)) ਕੁਲ ਰਹਿਤ ਤੇ ਮਾਇਆ ਤੋਂ ਨਿਰਲੇਪ ਪ੍ਰਭੂ ਨੂੰ ਪਾ ਲਿਆ ਹੈ।੧੧। (ਹੇ ਭਾਈ!) ਗੁਰੂ ਦੀ ਸਿੱਖਿਆ ਅਨੁਸਾਰ ਜੀਵਨ ਜਿਉਣ ਨਾਲ ਪੰਜ (ਸਤ ਸੰਤੋਖ ਦਇਆ ਧਰਮ ਤੇ ਧੀਰਜ ਆਦਿ) ਦੈਵੀ ਗੁਣ ਮਿਤ੍ਰ ਤੇ ਗੁਰ ਭਾਈ ਬਣ ਜਾਂਦੇ ਹਨ; ਸੰਤ, ਮਿਤ੍ਰ ਅਤੇ ਗੁਰ ਭਾਈ ਦੀ ਗੁਰਮਤ ਦੁਆਰਾ ਹੀ ਸਾਂਝ ਹੈ (ਸ਼ਬਦਾਰਥ)। ਗੁਰੂ ਦੀ ਸਿੱਖਿਆ ਤ੍ਰਿਸ਼ਨਾ ਦੀ ਅੱਗ ਨੂੰ ਦੂਰ ਕਰਕੇ ਪ੍ਰਭੂ ਦੇ ਨਾਮ ਵਿਚ ਲੀਨ ਕਰ ਦੇਂਦੀ ਹੈ। (ਹੇ ਭਾਈ!) ਮਨ ਰਾਹੀਂ ਮੂੰਹ ਨਾਲ ਜਗਤ ਨੂੰ ਜੀਵਨ ਦੇਣ ਵਾਲੇ ਪ੍ਰਭੂ ਦਾ ਨਾਮ ਜਪੋ, (ਜਿਸ ਮਨੁੱਖ ਨੇ ਨਾਮ ਜਪਿਆ ਹੈ, ਉਸ ਨੂੰ ਗੁਰੂ ਨੇ) ਹਿਰਦੇ ਅੰਦਰ ਅਲੱਖ ਪ੍ਰਭੂ ਜਣਾ ਦਿਤਾ ਹੈ।੧੨। (ਜਿਸ ਮਨੁੱਖ ਨੂੰ) ਗੁਰੂ ਦੁਆਰਾ ਸਮਝ ਆਉਂਦੀ ਹੈ (ਗਿਆਨਵਾਨ ਹੋ ਜਾਂਦਾ ਹੈ, ਉਹ) ਸ਼ਬਦ ਰਾਹੀਂ ਪਤੀਜ ਜਾਂਦਾ ਹੈ (ਪ੍ਰਭੂ ਵਿਚ ਭਰੋਸਾ ਬੱਝ ਜਾਂਦਾ ਹੈ। ਫਿਰ ਉਹ) ਉਸਤਤੀ ਤੇ ਨਿੰਦਿਆ ਕਿਸ ਦੀ ਕਰਦਾ ਹੈ? (ਉਸਤਤੀ ਨਿੰਦਿਆ ਕਿਸੇ ਦੀ ਨਹੀਂ ਕਰਦਾ। ਹੇ ਭਾਈ!) ਅਪਣੇ ਆਪ ਨੂੰ ਪਛਾਣੋ ਤੇ ਜਗਤ ਦੇ ਮਾਲਕ ਪ੍ਰਭੂ ਦਾ ਨਾਮ ਜਪੋ, (ਜਿਹੜਾ ਮਨੁੱਖ ਜਪਦਾ ਹੈ, ਉਸ ਨੂੰ) ਜਗਤ ਦਾ ਮਾਲਕ ਪ੍ਰਭੂ ਪਿਆਰਾ ਲਗਦਾ ਹੈ।੧੩। (ਹੇ ਭਾਈ!) ਜਿਹੜਾ ਪ੍ਰਭੂ ਸਾਰੇ ਬ੍ਰਹਮੰਡ ਵਿਚ ਵਸਦਾ ਹੈ, ਉਸ ਨੂੰ ਸਰੀਰ ਵਿਚ ਵੀ ਵਸਦਾ ਜਾਣੋ {ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ੬੯੫}। ਗੁਰੂ ਦੁਆਰਾ (ਇਸ ਭੇਤ ਨੂੰ) ਸਮਝੋ ਅਤੇ ਗੁਰੂ ਦੇ ਸ਼ਬਦ ਵਿਚ ਜੁੜ ਕੇ (ਇਸ ਅਸਲੀਅਤ ਨੂੰ) ਪਛਾਣੋ। ਭੋਗਣਵਾਲਾ ਪ੍ਰਭੂ ਹਰੇਕ ਜੀਵ ਦੇ ਸਰੀਰ ਅੰਦਰ ਵਸਦਾ ਹੋਇਆ (ਸਾਰੇ ਪਦਾਰਥਾਂ ਦੇ ਰਸ) ਭੋਗਦਾ ਹੈ, (ਪਰ ਫਿਰ ਵੀ) ਸਾਰੇ ਜਗਤ ਤੋਂ ਨਿਰਲੇਪ ਰਹਿੰਦਾ ਹੈ।੧੪। (ਹੇ ਭਾਈ!) ਗੁਰਮਤ ਦੁਆਰਾ ਹਰੀ ਦਾ ਜਸ ਉਚਾਰਨ ਕਰੋ, (ਜੋ ਜੀਵਨ ਨੂੰ) ਪਵਿਤ੍ਰ ਕਰ ਦੇਂਦਾ ਹੈ। ਗੁਰਮਤ ਦੁਆਰਾ ਉਚੇ ਪ੍ਰਭੂ ਨੂੰ ਗਿਆਨ ਤੇ ਵਿਚਾਰ ਦੀਆਂ ਅੱਖਾਂ ਨਾਲ ਦੇਖ ਲਵੋ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ) ਕੰਨਾਂ ਨਾਲ ਹਰੀ ਦਾ ਨਾਮ ਜਪਦਾ ਹੈ ਤੇ ਗੁਰੂ ਦੀ ਬਾਣੀ ਸੁਣਦਾ ਹੈ, (ਉਹ) ਹਰੀ ਦੇ ਪ੍ਰੇਮ ਰੰਗਿ ਵਿਚ ਰੰਗਿਆ ਗਿਆ ਹੈ ਅਤੇ (ਉਸ ਨੇ ਅਪਣੇ ਸਾਥੀਆਂ ਨੂੰ) ਵੀ ਰੰਗ ਦਿਤਾ ਹੈ।੧੫।੩।੨੦।

ਪਦਾਰਥ = ਗੁਰਮਤਿ-ਗੁਰੂ ਦੀ ਸਿੱਖਿਆ। ਸਚੁ-ਸੱਚੇ ਪ੍ਰਭੂ ਦਾ ਨਾਮ। ਤਰਹੁ ਤਾਰੀ-ਤਾਰੀ ਤਰੋ; (ਆਸਾ ਤ੍ਰਿਸ਼ਨਾ ਰੂਪ) ਨਦੀ ਤੋਂ ਤਰ ਜਾਓਗੇ। ਚੀਨਹੁ-ਪਛਾਣੋ। ਰਿਦੈ-ਹਿਰਦੇ ਵਿਚ। ਮੁਰਾਰੀ-ਹੰਕਾਰ ਦਾ ਨਾਸ਼ ਕਰਨ ਵਾਲਾ ਪ੍ਰਭੂ। ਜਪਿ-ਜਪ ਕੇ। ਅਕੁਲ-ਕੁਲ ਰਹਿਤ। ਨਿਰੰਜਨੁ-ਮਾਇਆ ਤੋਂ ਨਿਰਲੇਪ ਪ੍ਰਭੂ।੧੧। ਪੰਚ-ਸਤ ਸੰਤੋਖ ਦਇਆ ਧਰਮ ਤੇ ਧੀਰਜ। ਸਖੇ-ਮਿਤ੍ਰ। ਨਿਵਾਰਿ-ਦੂਰ ਕਰਕੇ। ਸਮਾਈ-ਲੀਨਤਾ। ਮਨਿ-ਮਨ ਰਾਹੀਂ। ਮੁਖਿ-ਮੂੰਹ ਨਾਲ। ਜਗਜੀਵਨ-ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ। ਰਿਦ ਅੰਤਰਿ-ਹਿਰਦੇ ਅੰਦਰ। ਅਲਖੁ-ਅਦ੍ਰਿਸ਼ਟ; ਅਸ਼ੁੱਧ ਮਨ ਕਰਕੇ ਨਾ ਜਾਣਿਆ ਜਾਣ ਵਾਲਾ ਪ੍ਰਭੂ। ਲਖਾਇਆ-ਜਣਾ (ਗਿਆਨ ਕਰਾ) ਦਿਤਾ ਹੈ।੧੨। ਗੁਰਮੁਖਿ-ਗੁਰੂ ਦੁਆਰਾ। ਸਬਦਿ-ਸ਼ਬਦ ਰਾਹੀਂ। ਪਤੀਜੈ-ਪਤੀਜ ਜਾਂਦਾ ਹੈ; ਭਰੋਸਾ ਬੱਝ ਜਾਂਦਾ ਹੈ। ਆਪੁ-ਅਪਣੇ ਆਪ ਨੂੰ। ਜਗਦੀਸਰੁ-ਜਗਤ ਦਾ ਮਾਲਕ। ਜਗੰਨਾਥੁ-ਜਗਤ ਦਾ ਮਾਲਕ ਪ੍ਰਭੂ। ਮਨਿ-ਮਨ ਵਿਚ। ਭਾਇਆ-ਪਿਆਰਾ ਲਗਦਾ ਹੈ।੧੩। ਬ੍ਰਹਮੰਡਿ-ਜਗਤ ਵਿਚ। ਖੰਡਿ-ਸਰੀਰ ਵਿਚ। ਸੋ-ਉਸ ਨੂੰ। ਬੂਝਹੁ-ਸਮਝੋ। ਘਟਿ ਘਟਿ-ਹਰੇਕ ਜੀਵ ਦੇ ਸਰੀਰ ਵਿਚ। ਅਤੀਤੁ-ਨਿਰਲੇਪ। ਸਬਾਇਆ-ਸਾਰੇ ਜਗਤ ਤੋਂ।੧੪। ਸੂਚਾ-ਸੁੱਚਾ (ਪਵਿਤ੍ਰ)। ਆਖੀ-(ਗਿਆਨ ਤੇ ਵਿਚਾਰ ਦੀਆਂ) ਅੱਖਾਂ ਨਾਲ। ਸ੍ਰਵਣੀ-ਕੰਨਾਂ ਨਾਲ। ਰੰਗਿ-ਪ੍ਰੇਮ ਰੰਗ ਵਿਚ। ਰੰਗਾਇਆ-(ਹੋਰਨਾਂ ਨੂੰ ਵੀ) ਰੰਗ ਦਿਤਾ।੧੫।੩।੨੦।

ਮਾਰੂ ਮਹਲਾ ੧ ॥ ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥ ਭ੍ਰਮ ਕਾ ਸੰਗਲੁ ਤੋੜਿ ਨਿਰਾਲਾ, ਹਰਿ ਅੰਤਰਿ ਹਰਿ ਰਸੁ ਪਾਇਆ ॥੧॥ ਨਿਸਿ ਦਾਮਨਿ ਜਿਉ ਚਮਕਿ ਚੰਦਾਇਣੁ ਦੇਖੈ ॥ ਅਹਿਨਿਸਿ ਜੋਤਿ ਨਿਰੰਤਰਿ ਪੇਖੈ ॥ ਆਨੰਦ ਰੂਪੁ ਅਨੂਪੁ ਸਰੂਪਾ, ਗੁਰਿ ਪੂਰੈ ਦੇਖਾਇਆ ॥੨॥ ਸਤਿਗੁਰ ਮਿਲਹੁ ਆਪੇ ਪ੍ਰਭੁ ਤਾਰੇ ॥ ਸਸਿ ਘਰਿ ਸੂਰੁ ਦੀਪਕੁ ਗੈਣਾਰੇ ॥

ਦੇਖਿ ਅਦ੍ਰਿਸਟੁ ਰਹਹੁ ਲਿਵ ਲਾਗੀ, ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ ॥੩॥ ਅੰਮ੍ਰਿਤ ਰਸੁ ਪਾਏ, ਤ੍ਰਿਸਨਾ ਭਉ ਜਾਏ ॥ ਅਨਭਉ ਪਦੁ ਪਾਵੈ ਆਪੁ ਗਵਾਏ ॥ ਊਚੀ ਪਦਵੀ ਊਚੋ ਊਚਾ, ਨਿਰਮਲ ਸਬਦੁ ਕਮਾਇਆ ॥੪॥(ਹੇ ਭਾਈ!) ਕਾਮ ਕ੍ਰੋਧ ਤੇ ਪਰਾਈ ਨਿੰਦਿਆ ਛਡ ਦੇ।ਖਾਣ ਦਾ ਲੋਭ ਤੇ ਮਾਇਆ ਜਮ੍ਹਾ ਕਰਨ ਦਾ ਲੋਭ ਛਡ ਕੇ ਨਿਸਚਿੰਤ ਹੋ ਜਾ।(ਜੋ ਮਨੁੱਖ) ਭਰਮ ਦਾ ਸੰਗਲ ਤੋੜ ਕੇ ਅਜਾਦ ਹੋ ਗਿਆ ਹੈ, (ਉਸ ਨੇ) ਹਰੀ ਦਾ ਨਾਮ ਰਸ ਅਪਣੇ ਅੰਦਰ ਹੀ ਪ੍ਰਾਪਤ ਕਰ ਲਿਆ ਹੈ।੧।(ਹੇ ਭਾਈ!) ਜਿਵੇਂ ਰਾਤ ਵੇਲੇ ਬਿਜਲੀ ਦੀ ਚਮਕ ਨਾਲ (ਸਭ ਕੋਈ) ਚਾਨਣ ਵੇਖਦਾ ਹੈ।(ਤਿਵੇਂ ਗੁਰੂ ਦੀ ਸ਼ਰਨ ਵਿਚ ਪਿਆ ਮਨੁੱਖ) ਦਿਨ ਰਾਤ ਲਗਾਤਾਰ (ਜਾਂ ਦਿਲ ਦੇ ਧੁਰ ਅੰਦਰ) ਪ੍ਰਭੂ ਦੀ ਜੋਤ ਦੇਖਦਾ ਹੈ।(ਉਸ ਮਨੁੱਖ ਨੂੰ) ਪੂਰੇ ਗੁਰੂ ਨੇ ਅਨੰਦ ਸਰੂਪ ਤੇ ਸੁੰਦਰ ਸਰੂਪ ਪ੍ਰਭੂ ਦਿਖਾ ਦਿਤਾ ਹੈ।੨।(ਹੇ ਭਾਈ! ਜੇ ਤੁਸੀਂ) ਸਤਿਗੁਰੂ ਨੂੰ ਮਿਲੋਗੇ, ਤਾਂ ਪ੍ਰਭੂ ਆਪੇ (ਮੇਹਰ ਕਰਕੇ ਤੁਹਾਨੂੰ ਭਵਜਲ ਤੋਂ) ਤਾਰ ਦੇਵੇਗਾ।(ਜਿਵੇਂ) ਚੰਦ ਦੇ ਘਰ ਵਿਚ ਸੂਰਜ ਚਾਨਣ ਦੇਂਦਾ ਹੈ, (ਤਿਵੇਂ) ਤੁਹਾਡੇ ਹਿਰਦੇ ਰੂਪ ਅਕਾਸ਼ ਵਿਚ ਗੁਰੂ ਦੇ ਗਿਆਨ ਦਾ ਦੀਵਾ ਬਲ ਪਵੇਗਾ।੩।ਅਦ੍ਰਿਸ਼ਟ ਪ੍ਰਭੂ ਨੂੰ ਗਿਆਨ ਤੇ ਵਿਚਾਰ ਰੂਪ ਅੱਖਾਂ ਨਾਲ ਦੇਖ ਕੇ (ਉਸ ਵਿਚ) ਲਿਵ ਲਾਈ ਰੱਖੋ, (ਫਿਰ ਤੁਹਾਨੂੰ) ਸਾਰੇ ਤਿੰਨ ਭਵਨਾਂ ਵਿਚ ਸਭ ਜਗ੍ਹਾ ਵਿਆਪਕ ਬ੍ਰਹਮ ਦਿਸ ਪਵੇਗਾ।੩।(ਜਿਹੜਾ ਮਨੁੱਖ) ਅੰਮ੍ਰਿਤ ਨਾਮ ਰਸ ਪਾ ਲੈਂਦਾ ਹੈ, (ਉਸ ਦੀ) ਤ੍ਰਿਸ਼ਨਾ ਮੁੱਕ ਜਾਂਦੀ ਹੈ ਅਤੇ ਜਮਾਂ ਦਾ ਡਰ ਮੁੱਕ ਜਾਂਦਾ ਹੈ।(ਉਹ) ਆਪਾ ਭਾਵ ਗਵਾ ਕੇ ਨਿਰਭੈ ਪਦ ਪ੍ਰਾਪਤ ਕਰ ਲੈਂਦਾ ਹੈ।(ਕਿਉਂਕਿ ਉਸ ਨੇ ਗੁਰੂ ਦੇ) ਪਵਿਤ੍ਰ ਉਪਦੇਸ਼ ਨੂੰ ਕਮਾਇਆ (ਉਪਦੇਸ਼ ਅਨੁਸਾਰ ਜੀਵਨ ਜੀਵਿਆ) ਹੈ ਅਤੇ (ਉਹ) ਉਚੀ ਪਦਵੀ ਪ੍ਰਾਪਤ ਕਰਕੇ ਉਚੇ ਤੋਂ ਉਚੇ ਜੀਵਨ ਵਾਲਾ ਹੋ ਗਿਆ ਹੈ।੪।

ਅੰਗ ੧੦੪੨ = ਅਦ੍ਰਿਸਟ ਅਗੋਚਰੁ ਨਾਮੁ ਅਪਾਰਾ ॥ ਅਤਿ ਰਸੁ ਮੀਠਾ ਨਾਮੁ ਪਿਆਰਾ ॥ ਨਾਨਕ ਕਉ ਜੁਗਿ ਜੁਗਿ ਹਰਿ ਜਸੁ ਦੀਜੈ, ਹਰਿ ਜਪੀਐ ਅੰਤੁ ਨ ਪਾਇਆ ॥੫॥ (ਹੇ ਭਾਈ!) ਅਦ੍ਰਿਸ਼ਟ ਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਪ੍ਰਭੂ ਦਾ ਨਾਮ ਬੇਅੰਤ ਹੈ।(ਇਹ) ਨਾਮ ਪਿਆਰਾ ਹੈ ਤੇ (ਇਸ ਦਾ) ਰਸ ਬਹੁਤ ਮਿੱਠਾ ਹੈ।ਹੇ ਪ੍ਰਭੂ! ਨਾਨਕ ਨੂੰ ਹਰੇਕ ਜੁਗ ਵਿਚ ਅਪਣਾ ਹਰੀ ਜਸ ਬਖਸ਼ ਦੇਹ, ਹੇ ਹਰੀ! ਤੇਰਾ ਨਾਮ ਜਪਦੇ ਰਹੀਏ, (ਜਿਸ ਦਾ) ਅੰਤ ਨਹੀਂ ਪਾਇਆ ਜਾ ਸਕਦਾ।੫।

ਪਦਾਰਥ = ਪਰਹਰੁ–ਛਡ ਦੇਹ।ਪਰ–ਪਰਾਈ।ਲਬੁ–ਲੋਭ।ਤਜਿ–ਛਡ ਕੇ।ਹੋਹੁ ਨਿਚਿੰਦਾ–ਨਿਸਚਿੰਤ ਹੋ ਜਾਹ।ਨਿਰਾਲਾ–ਨਿਰਲੇਪ ;ਅਜਾਦ।ਅੰਤਰਿ–ਅੰਦਰ ਹੀ।੧।ਨਿਸਿ–ਰਾਤ ਵੇਲੇ।ਦਾਮਨਿ–ਬਿਜਲੀ।ਚਮਕਿ–ਚਮਕ ਨਾਲ।ਚੰਦਾਇਣੁ–ਚਾਨਣ।ਅਹਿ–ਦਿਨ ।ਪੇਖੈ–ਦੇਖਦਾ ਹੈ।ਨਿਰੰਤਰਿ–ਲਗਾਤਾਰ; ਪੂਰੀ ਤਰ੍ਹਾਂ ਦਿਲ ਅੰਦਰ (ਮ.ਕੋ.; ਸ਼ਬਦਾਰਥ)।ਅਨੂਪੁ ਸਰੂਪਾ–ਸੁੰਦਰ ਸਰੂਪ।ਗੁਰਿ ਪੂਰੈ–ਪੂਰੇ ਗੁਰੂ ਨੇ।੨।ਤਾਰੇ–ਤਾਰ ਦੇਵੇਗਾ।ਸਸਿ ਘਰਿ–ਚੰਦ ਦੇ ਘਰ ਵਿਚ।ਸੂਰੁ–ਸੂਰਜ।ਦੀਪਕੁ–ਦੀਵਾ।ਗੈਣਾਰੇ–ਅਕਾਸ਼ ਵਿਚ ।ਸਭੁ ਤ੍ਰਿਭਵਣਿ–ਤਿੰਨ ਭਵਨਾਂ (ਜਗਤ) ਵਿਚ ਸਾਰੇ ਪਾਸੇ।ਅਦਿਸਟੁ–ਅੱਖਾਂ ਨਾਲ ਨਾ ਦਿਸਣ ਵਾਲਾ ਪ੍ਰਭੂ।ਸਬਾਇਆ–ਸਭ ਜਗ੍ਹਾ ।੩।ਪਾਏ–ਪਾਉਂਦਾ ਹੈ।ਜਾਏ–ਮੁੱਕ ਜਾਂਦਾ ਹੈ।ਅਨਭਉ ਪਦੁ–ਨਿਰਭਉ ਪਦਵੀ; ਗਿਆਨ ਪਦਵੀ।ਆਪੁ–ਆਪਾ ਭਾਵ।ਗਵਾਏ–ਗਵਾ ਕੇ।ਨਿਰਮਲ–ਪਵਿਤ੍ਰ।੪।ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ।ਅਪਾਰਾ–ਬੇਅੰਤ।ਅਤਿ–ਅਤਿਅੰਤ (ਬਹੁਤ)।ਕਉ–ਨੂੰ।ਜੁਗਿ ਜੁਗਿ–ਹਰੇਕ ਜੁਗ ਵਿਚ (ਸਦਾ)।੫।

ਅੰਤਰਿ ਨਾਮੁ ਪਰਾਪਤਿ ਹੀਰਾ ॥ ਹਰਿ ਜਪਤੇ, ਮਨੁ ਮਨ ਤੇ ਧੀਰਾ ॥ ਦੁਘਟ ਘਟ ਭਉ ਭੰਜਨੁ ਪਾਈਐ, ਬਾਹੁੜਿ ਜਨਮਿ ਨ ਜਾਇਆ ॥੬॥ ਭਗਤਿ ਹੇਤਿ ਗੁਰ ਸਬਦਿ ਤਰੰਗਾ ॥ ਹਰਿ ਜਸੁ ਨਾਮੁ ਪਦਾਰਥੁ ਮੰਗਾ ॥ ਹਰਿ ਭਾਵੈ ਗੁਰ ਮੇਲਿ ਮਿਲਾਏ, ਹਰਿ ਤਾਰੇ ਜਗਤੁ ਸਬਾਇਆ ॥੭॥ ਜਿਨਿ ਜਪੁ ਜਪਿਓ ਸਤਿਗੁਰ ਮਤਿ ਵਾ ਕੇ ॥ ਜਮ ਕੰਕਰ ਕਾਲੁ ਸੇਵਕ ਪਗ ਤਾ ਕੇ ॥ ਊਤਮ ਸੰਗਤਿ ਗਤਿ ਮਿਤਿ ਊਤਮ, ਜਗੁ ਭਉਜਲੁ ਪਾਰਿ ਤਰਾਇਆ ॥੮॥ ਇਹੁ ਭਵਜਲੁ ਜਗਤੁ ਸਬਦਿ ਗੁਰ ਤਰੀਐ ॥ ਅੰਤਰ ਕੀ ਦੁਬਿਧਾ ਅੰਤਰਿ ਜਰੀਐ ॥ ਪੰਚ ਬਾਣ ਲੇ ਜਮ ਕਉ ਮਾਰੈ, ਗਗਨੰਤਰਿ ਧਣਖੁ ਚੜਾਇਆ ॥੯॥ ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ ॥ ਸਬਦੁ ਸੁਰਤਿ ਬਿਨੁ ਆਈਐ ਜਾਈਐ ॥ ਨਾਨਕ ਗੁਰਮੁਖਿ ਮੁਕਤਿ ਪਰਾਇਣੁ ,ਹਰਿ ਪੂਰੈ ਭਾਗਿ ਮਿਲਾਇਆ ॥੧੦॥ (ਹੇ ਭਾਈ! ਜਿਸ ਮਨੁੱਖ ਦੇ) ਹਿਰਦੇ ਅੰਦਰ ਪ੍ਰਭੂ ਦਾ ਨਾਮ ਹੈ, (ਉਸ ਨੂੰ ਪ੍ਰਭੂ ਰੂਪ) ਹੀਰਾ ਪ੍ਰਾਪਤ ਹੋ ਗਿਆ ਹੈ।ਹਰੀ ਦਾ ਨਾਮ ਜਪਦਿਆਂ ਮਨ ਨੂੰ ਮਨ ਤੋਂ ਧੀਰਜ ਮਿਲ ਗਿਆ ਹੈ।(ਜੇ ਜੀਵਨ ਦੇ) ਔਖੇ ਰਸਤੇ ਵਿਚ ਡਰ ਨਾਸ਼ ਕਰਨ ਵਾਲਾ ਪ੍ਰਭੂ ਪ੍ਰਾਪਤ ਹੋ ਜਾਵੇ, (ਤਾਂ ਮਨੁੱਖ) ਮੁੜ ਕੇ ਕਿਸੇ ਜਨਮ ਵਿਚ ਨਹੀਂ ਜੰਮਦਾ।੬।(ਹੇ ਭਾਈ!) ਗੁਰੂ ਦੇ ਸ਼ਬਦ ਜੁੜ ਕੇ ਭਗਤ ਕਰਨ ਵਾਸਤੇ (ਮੇਰੇ ਅੰਦਰ) ਲਹਿਰਾਂ ਉਠਦੀਆਂ ਹਨ।ਮੈਂ (ਹਰੀ ਪਾਸੋਂ) ਹਰੀ ਦਾ ਜਸ ਅਤੇ ਹਰੀ ਦਾ ਨਾਮ ਪਦਾਰਥ ਮੰਗਦਾ ਹਾਂ।(ਜਿਹੜਾ ਮਨੁੱਖ) ਹਰੀ ਨੂੰ ਚੰਗਾ ਲੱਗਦਾ ਹੈ (ਉਸ ਨੂੰ ਉਹ) ਗੁਰੂ ਦੇ ਮੇਲ (ਸੰਗਤ) ਵਿਚ ਮਿਲਾ ਲੈਂਦਾ ਹੈ, (ਇਉਂ ਗੁਰੂ ਰਾਹੀਂ) ਪ੍ਰਭੂ ਸਾਰੇ ਜਗਤ ਨੂੰ ਭਵਜਲ ਤੋਂ ਤਾਰ ਦੇਂਦਾ ਹੈ।੭।ਜਿਸ ਮਨੁੱਖ ਨੇ ਪ੍ਰਭੂ ਦੇ ਨਾਮ ਦਾ ਜਾਪ ਜਪਿਆ ਹੈ, ਉਸ ਦੇ ਪਾਸ ਸਤਿਗੁਰੂ ਦੀ ਮੱਤ ਆਈ ਹੈ।ਜਮ ਦੂਤ ਤੇ ਕਾਲ ਉਸ ਦੇ ਪੈਰਾਂ ਦੇ ਸੇਵਕ ਬਣ ਜਾਂਦੇ ਹਨ।(ਉਸ ਦੀ) ਉਤਮ ਸੰਗਤ ਕਰਨ ਨਾਲ (ਮਨੁੱਖ ਦੀ) ਆਤਮਕ ਅਵਸਥਾ ਤੇ ਜੀਵਨ ਮਰਿਆਦਾ ਉਤਮ ਹੋ ਜਾਂਦੀ ਹੈ ਅਤੇ (ਉਸ ਦੀ ਉਤਮ ਸੰਗਤ ਨੇ) ਜਗਤ ਨੂੰ ਭਵਜਲ ਤੋਂ ਪਾਰ

ਕਰਕੇ ਤਰਾਇਆ ਹੈ।੮।(ਹੇ ਭਾਈ! ਜੇ) ਮਨ ਦੇ ਅੰਦਰ ਦੀ ਦੁਬਿਧਾ ਮਨ ਦੇ ਅੰਦਰ ਹੀ ਸਾੜ ਦੇਈਏ।ਤਾਂ ਗੁਰੂ ਦੇ ਸ਼ਬਦ ਵਿਚ ਜੁੜ ਕੇ ਇਹ ਸੰਸਾਰ ਸਮੁੰਦਰ ਤਰ ਜਾਈਦਾ ਹੈ।(ਜਿਸ ਮਨੁੱਖ ਨੇ) ਹਿਰਦੇ ਰੂਪ ਅਕਾਸ਼ ਵਿਚ ਬਿਰਤੀ ਰੂਪ ਧਨੁਖ ਚੜ੍ਹਾਇਆ ਹੈ ,(ਉਹ) ਪੰਜ ਦੈਵੀ ਗੁਣਾਂ ਦੇ ਤੀਰ ਲੈ ਕੇ ਜਮਾਂ ਨੂੰ ਮਾਰ ਦੇਂਦਾ ਹੈ।੯।(ਹੇ ਭਾਈ!) ਸਾਕਤ ਮਨੁੱਖ ਵਿਚ ਸ਼ਬਦ ਦੀ ਸੋਝੀ ਕਿਵੇਂ ਪੈ ਸਕਦੀ ਹੈ? (ਨਹੀਂ ਪੈ ਸਕਦੀ)।ਸ਼ਬਦ ਦੀ ਸੋਝੀ ਤੋਂ ਬਿਨਾ (ਸਾਕਤ) ਜੰਮਦਾ ਮਰਦਾ ਰਹਿੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ ਨੂੰ ਹੀ ਮੁਕਤੀ ਦਾ ਆਸਰਾ ਮਿਲਦਾ ਹੈ, (ਉਸ ਨੂੰ ਉਸ ਦੇ) ਪੂਰੇ ਭਾਗਾਂ ਨੇ ਹਰੀ ਮਿਲਾ ਦਿਤਾ ਹੈ।੧੦।

ਪਦਾਰਥ = ਮਨ ਤੇ–ਮਨ ਤੋਂ।ਧੀਰਾ–ਧੀਰਜ।ਦੁਘਟ ਘਟ–ਔਖੇ ਰਸਤੇ ਵਿਚ।ਭਉ ਭੰਜਨੁ–ਡਰ ਨਾਸ਼ ਕਰਨ ਵਾਲਾ ਪ੍ਰਭੂ।ਬਾਹੁੜਿ –ਮੁੜ ਕੇ।ਨ ਜਾਇਆ–ਜੰਮਦਾ ਨਹੀਂ।੧।ਭਗਤਿ ਹੇਤਿ–ਭਗਤੀ ਕਰਨ ਵਾਸਤੇ।ਸਬਦਿ–ਸ਼ਬਦ ਵਿਚ ਜੁੜ ਕੇ।ਤਰੰਗਾ–ਲਹਿਰਾਂ; ਉਤਸ਼ਾਹ।ਮੰਗਾ–ਮੰਗਦਾ ਹਾਂ।ਭਾਵੈ–ਚੰਗਾ ਲਗਦਾ ਹੈ।ਮੇਲਿ–ਮੇਲ (ਸੰਗਤ) ਵਿਚ।ਤਾਰੇ–ਭਵਜਲ ਤੋਂ ਤਾਰ ਦੇਂਦਾ ਹੈ।ਸਬਾਇਆ –ਸਾਰਾ।੨।ਜਿਨਿ–ਜਿਸ ਨੇ।ਮਤਿ–ਸਿੱਖਿਆ।ਵਾ ਕੇ–ਉਸ ਦੇ (ਪਾਸ)।ਜਮ ਕੰਕਰ–ਜਮ ਦੂਤ।ਕਾਲੁ–ਮੌਤ।ਪਗ ਤਾ ਕੇ–ਉਸ ਦੇ ਪੈਰਾਂ ਦੇ।ਗਤਿ–ਆਤਮਕ ਅਵਸਥਾ।ਮਿਤਿ–ਮਰਿਆਦਾ।ਜਗੁ–ਜਗਤ ਨੂੰ।ਭਉਜਲੁ–ਸੰਸਾਰ ਸਮੁੰਦਰ।੮।ਅੰਤਰ ਕੀ–ਮਨ ਦੇ ਅੰਦਰ ਦੀ।ਦੁਬਿਧਾ–ਦੋ ਤਰ੍ਹਾਂ ਦਾ ਖਿਆਲ (ਕਦੇ ਰੱਬ ਵੱਲ ਤੇ ਕਦੇ ਮਾਇਆ ਵੱਲ; ਮਨ ਦਾ ਦੋ ਪਾਸੇ ਝੁਕਾਉ)।ਜਰੀਐ–ਸਾੜ ਦੇਈਏ।ਪੰਚ ਬਾਣ–ਪੰਜ ਤੀਰ (ਸਤ ਸੰਤੋਖ ਦਇਆ ਧਰਮ ਤੇ ਧੀਰਜ)।ਗਗਨੰਤਰਿ–ਹਿਰਦੇ ਰੂਪ ਅਕਾਸ਼ ਵਿਚ।ਲੇ–ਲੈ ਕੇ।ਕਉ–ਨੂੰ।੯।ਸਾਕਤ ਨਰਿ–ਪ੍ਰਭੂ ਤੋਂ ਟੁੱਟੇ ਮਨੁੱਖ ਵਿਚ।ਸੁਰਤਿ–ਸੋਝੀ।ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ।ਪਰਾਇਣੁ–ਆਸਰਾ।੧੦।

ਨਿਰਭਉ ਸਤਿਗੁਰੁ ਹੈ ਰਖਵਾਲਾ ॥ ਭਗਤਿ ਪਰਾਪਤਿ ਗੁਰ ਗੋਪਾਲਾ ॥ ਧੁਨਿ ਅਨੰਦ ਅਨਾਹਦੁ ਵਾਜੈ, ਗੁਰ ਸਬਦਿ ਨਿਰੰਜਨੁ ਪਾਇਆ ॥੧੧॥ ਨਿਰਭਉ ਸੋ ਸਿਰਿ ਨਾਹੀ ਲੇਖਾ ॥ ਆਪਿ ਅਲੇਖੁ ਕੁਦਰਤਿ ਹੈ ਦੇਖਾ ॥ ਆਪਿ ਅਤੀਤੁ ਅਜੋਨੀ ਸੰਭਉ ,ਨਾਨਕ ਗੁਰਮਤਿ ਸੋ ਪਾਇਆ ॥੧੨॥ ਅੰਤਰ ਕੀ ਗਤਿ ਸਤਿਗੁਰੁ ਜਾਣੈ ॥ ਸੋ ਨਿਰਭਉ ਗੁਰ ਸਬਦਿ ਪਛਾਣੈ ॥ ਅੰਤਰੁ ਦੇਖਿ ਨਿਰੰਤਰਿ ਬੂਝੈ, ਅਨਤ ਨ ਮਨੁ ਡੋਲਾਇਆ ॥੧੩॥ ਨਿਰਭਉ ਸੋ ਅਭ ਅੰਤਰਿ ਵਸਿਆ ॥ ਅਹਿਨਿਸਿ ਨਾਮਿ ਨਿਰੰਜਨ ਰਸਿਆ ॥ ਨਾਨਕ ਹਰਿ ਜਸੁ ਸੰਗਤਿ ਪਾਈਐ, ਹਰਿ ਸਹਜੇ ਸਹਜਿ ਮਿਲਾਇਆ ॥੧੪॥ ਅੰਤਰਿ ਬਾਹਰਿ ਸੋ ਪ੍ਰਭੁ ਜਾਣੈ ॥ ਰਹੈ ਅਲਿਪਤੁ ਚਲਤੇ ਘਰਿ ਆਣੈ ॥ ਊਪਰਿ ਆਦਿ ਸਰਬ ਤਿਹੁ ਲੋਈ, ਸਚੁ ਨਾਨਕ ਅੰਮ੍ਰਿਤ ਰਸੁ ਪਾਇਆ ॥੧੫॥੪॥੨੧॥ (ਹੇ ਭਾਈ!) ਨਿਰਭਉ ਪ੍ਰਭੂ ਦਾ ਸਰੂਪ ਗੁਰੂ (ਜਿਸ ਮਨੁੱਖ ਦਾ) ਰਖਵਾਲਾ ਬਣਦਾ ਹੈ।(ਉਸ ਨੂੰ) ਗੁਰੂ ਪਾਸੋਂ ਪ੍ਰਭੂ ਦੀ ਭਗਤ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ।(ਉਸ ਦੇ ਅੰਦਰ) ਅਨੰਦ ਦੀ ਇਕ ਰਸ ਧੁਨੀ ਵੱਜਣ ਲਗ ਪੈਂਦੀ ਹੈ ਅਤੇ (ਉਸ ਨੇ) ਗੁਰੂ ਦੇ ਸ਼ਬਦ ਵਿਚ ਜੁੜ ਕੇ ਮਾਇਆ ਤੋਂ ਨਿਰਲੇਪ ਪ੍ਰਭੂ ਨੂੰ ਪਾਇਆ ਹੈ।੧੧।(ਹੇ ਭਾਈ!) ਉਹ ਪ੍ਰਭੂ ਨਿਰਭਉ ਹੈ, (ਉਸ ਦੇ) ਸਿਰ ਉਤੇ ਹਿਸਾਬ ਕਿਤਾਬ ਲੈਣ ਵਾਲਾ ਕੋਈ ਨਹੀਂ।(ਉਹ) ਆਪ ਲੇਖੇ ਰਹਿਤ ਹਸਤੀ ਹੈ, ਜੋ ਕੁਦਰਤ ਰਾਹੀਂ ਦਿਸਦਾ ਹੈ; ਜਿਸ ਕਿਸੇ ਨੇ ਦੇਖਿਆ ਹੈ, ਉਸ ਨੂੰ ਕੁਦਰਤ ਵਿਚ ਹੀ ਦੇਖਿਆ ਹੈ।(ਉਹ) ਆਪ ਸੰਸਾਰਕ ਬੰਧਨਾਂ ਤੋਂ ਅਜਾਦ ਹਸਤੀ ਹੈ, ਜੋਨੀਆਂ ਵਿਚ ਨਹੀਂ ਆਉਂਦਾ, ਅਪਣੇ ਆਪ ਤੋਂ ਪ੍ਰਕਾਸ਼ਮਾਨ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਗੁਰੂ ਦੀ ਸਿੱਖਿਆ ਦੁਆਰਾ ਪਾਇਆ ਜਾਂਦਾ ਹੈ।੧੨।(ਹੇ ਭਾਈ! ਜੀਵ ਦੇ) ਅੰਦਰ ਦੀ ਹਾਲਤ (ਅੰਤਰਜਾਮੀ) ਸਤਿਗੁਰੂ ਜਾਣਦਾ ਹੈ।ਉਹ ਮਨੁੱਖ ਭੈ ਰਹਿਤ ਹੋ ਜਾਂਦਾ ਹੈ, ਜੋ ਗੁਰੂ ਦੇ ਸ਼ਬਦ ਵਿਚ ਜੁੜ ਕੇ (ਸਭ ਜਗ੍ਹਾ ਵਸਦੇ ਪ੍ਰਭੂ ਨੂੰ) ਪਛਾਣਦਾ ਹੈ।(ਉਹ ਮਨੁੱਖ ਪ੍ਰਭੂ ਨੂੰ ਅਪਣੇ) ਹਿਰਦੇ ਅੰਦਰ ਦੇਖ ਕੇ ਇਕ ਰਸ ਸਭ ਜਗ੍ਹਾ ਵਸਦਾ ਸਮਝਦਾ ਹੈ, (ਇਸ ਲਈ ਉਸ ਨੇ) ਮਨ ਨੂੰ ਕਿਸੇ ਹੋਰ ਪਾਸੇ ਨਹੀਂ ਡੁਲਾਇਆ।੧੩।(ਜੋ ਮਨੁੱਖ) ਦਿਨ ਰਾਤ ਮਾਇਆ ਤੋਂ ਨਿਰਲੇਪ ਪ੍ਰਭੂ ਦੇ ਨਾਮ ਵਿਚ ਰਸਿਆ (ਅਨੰਦ ਮਾਣਦਾ) ਰਹਿੰਦਾ ਹੈ, ਉਹ ਨਿਰਭਉ ਪ੍ਰਭੂ (ਉਸ ਦੇ) ਹਿਰਦੇ ਅੰਦਰ ਵਸਿਆ ਹੈ ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦਾ ਜਸ ਸਤਸੰਗਤ ਵਿਚੋਂ ਪਾਈਦਾ ਹੈ, (ਜਿਸ ਮਨੁੱਖ ਨੇ ਹਰੀ ਦਾ ਜਸ ਕੀਤਾ ਹੈ, ਉਸ ਨੂੰ) ਹਰੀ ਨੇ ਸੁਤੇ ਸਿੱਧ ਹੀ ਸਹਿਜ ਅਵਸਥਾ ਰਾਹੀਂ (ਅਪਣੇ ਨਾਲ) ਮਿਲਾ ਲਿਆ ਹੈ।੧੪।(ਜੋ ਮਨੁੱਖ) ਉਸ ਪ੍ਰਭੂ ਨੂੰ ਅਪਣੇ ਅੰਦਰ ਤੇ ਅਪਣੇ ਤੋਂ ਬਾਹਰ ਸਾਰੇ ਜਗਤ ਵਿਚ ਵਸਦਾ ਜਾਣਦਾ ਹੈ।(ਉਹ) ਮਾਇਆ ਤੋਂ ਨਿਰਲੇਪ ਰਹਿੰਦਾ ਹੈ ਅਤੇ ਦੌੜਦੇ ਮਨ ਨੂੰ ਅਪਣੇ ਅਸਲੀ ਘਰ ਵਿਚ ਲੈ ਆਉਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਮਨੁੱਖ ਨੇ ਪ੍ਰਭੂ ਦਾ) ਸੱਚਾ ਅੰਮ੍ਰਿਤ ਰਸ ਪ੍ਰਾਪਤ ਕਰ ਲਿਆ ਹੈ, ਜੋ ਸਭ ਤੋਂ ਉਪਰ, ਸਭ ਦੇ ਮੁੱਢ ਵਿਚ ਅਤੇ ਤਿੰਨਾਂ ਲੋਕਾਂ ਵਿਚ ਮੌਜੂਦ ਹੈ।੧੫।੪।੨੧।

ਪਦਾਰਥ = ਨਿਰਭਉ–ਭੈ ਰਹਿਤ ਪ੍ਰਭੂ।ਗੋਪਾਲਾ–ਪ੍ਰਭੂ।ਧੁਨਿ–ਸੰਗੀਤ।ਅਨਾਹਦੁ–ਇਕ ਰਸ; ਲਗਾਤਾਰ।ਸਬਦਿ–ਸ਼ਬਦ ਵਿਚ ਜੁੜ ਕੇ।ਨਿਰੰਜਨੁ–ਮਾਇਆ ਤੋਂ ਨਿਰਲੇਪ।੧੧।ਸੋ–ਉਹ (ਪ੍ਰਭੂ)।ਸਿਰਿ–ਸਿਰ ਉਤੇ।ਲੇਖਾ–ਕਰਮਾਂ ਦਾ ਹਿਸਾਬ ਕਿਤਾਬ।ਅਲੇਖੁ –ਹਿਸਾਬ ਕਿਤਾਬ ਤੋਂ ਰਹਿਤ।ਕੁਦਰਤਿ–ਕੁਦਰਤ ਵਿਚ।ਅਤੀਤੁ–ਬੰਧਨ ਰਹਿਤ; ਨਿਰਲੇਪ।ਅਜੋਨੀ–ਜੋਨੀ ਰਹਿਤ।ਸੰਭਉ–ਅਪਣੇ ਆਪ ਤੋਂ ਪ੍ਰਗਟ ਹੋਣ ਵਾਲਾ।ਗੁਰਮਤਿ–ਗੁਰੂ ਦੀ ਸਿੱਖਿਆ ਰਾਹੀਂ।੧੨।ਅੰਤਰ ਕੀ–ਹਿਰਦੇ ਅੰਦਰ ਦੀ।ਗਤਿ–ਹਾਲਤ।ਅੰਤਰੁ–ਹਿਰਦੇ ਅੰਦਰ।ਦੇਖਿ–ਦੇਖ ਕੇ।ਨਿਰੰਤਰਿ–ਇਕ ਰਸ।ਅਨਤ–ਹੋਰ ਪਾਸੇ।੧੩।ਅਭ ਅੰਤਰਿ–ਹਿਰਦੇ ਅੰਦਰ।ਅਹਿ–ਦਿਨ।ਨਿਸਿ

-ਰਾਤ। ਨਾਮਿ-ਨਾਮ ਵਿਚ। ਰਸਿਆ-ਅਨੰਦ ਮਾਣਦਾ ਹੈ। ਸਹਜੇ-ਸੁਤੇ ਸਿੱਧ ਹੀ। ਸਹਜਿ-ਸਹਿਜ ਅਵਸਥਾ ਰਾਹੀਂ।੧੪। ਰਹੈ ਅਲਿਪਤੁ-ਨਿਰਲੇਪ ਰਹਿੰਦਾ ਹੈ। ਚਲਤੇ-ਦੌੜਦੇ (ਜਾਂ ਚੰਚਲ) ਮਨ ਨੂੰ। ਘਰਿ-ਅਸਲੀ ਘਰ (ਪ੍ਰਭੂ ਦੀ ਹਜੂਰੀ) ਵਿਚ। ਆਣੈ-ਲੈ ਆਉਂਦਾ ਹੈ। ਆਦਿ ਸਰਬ-ਸਾਰੀ ਸ੍ਰਿਸਟੀ ਦਾ ਮੁੱਢ। ਤਿਹੁ ਲੋਈ-ਤਿੰਨਾਂ ਲੋਕਾਂ ਵਿਚ।੧੫।੪।੨੧।

ਮਾਰੂ ਮਹਲਾ ੧ ॥ ਕੁਦਰਤਿ ਕਰਨੈਹਾਰ ਅਪਾਰਾ ॥ ਕੀਤੇ ਕਾ ਨਾਹੀ ਕਿਹੁ ਚਾਰਾ ॥ ਜੀਅ ਉਪਾਇ ਰਿਜਕੁ ਦੇ ਆਪੇ, ਸਿਰਿ ਸਿਰਿ ਹੁਕਮੁ ਚਲਾਇਆ ॥੧॥ ਹੁਕਮੁ ਚਲਾਇ ਰਹਿਆ ਭਰਪੂਰੇ ॥ ਕਿਸੁ ਨੇੜੈ ਕਿਸੁ ਆਖਾਂ ਦੂਰੇ ॥ ਗੁਪਤ ਪ੍ਰਗਟ ਹਰਿ ਘਟਿ ਘਟਿ ਦੇਖਹੁ ,ਵਰਤੈ ਤਾਕੁ ਸਬਾਇਆ ॥੨॥ ਜਿਸ ਕਉ ਮੇਲੇ ਸੁਰਤਿ ਸਮਾਏ ॥ ਗੁਰ ਸਬਦੀ ਹਰਿ ਨਾਮੁ ਧਿਆਏ ॥ ਆਨਦ ਰੂਪ ਅਨੂਪ ਅਗੋਚਰ, ਗੁਰ ਮਿਲਿਐ ਭਰਮੁ ਜਾਇਆ ॥੩॥ (ਹੇ ਭਾਈ!) ਕੁਦਰਤ ਰਾਹੀਂ ਜਗਤ ਨੂੰ ਰਚਨ ਵਾਲਾ ਪ੍ਰਭੂ ਬੇਅੰਤ ਹੈ। (ਉਸ ਦੇ) ਪੈਦਾ ਕੀਤੇ ਜੀਵ ਦਾ ਕੁਛ ਜੋਰ ਨਹੀਂ ਚਲ ਸਕਦਾ। (ਉਹ) ਜੀਵਾਂ ਨੂੰ ਪੈਦਾ ਕਰਕੇ ਆਪ ਹੀ (ਸਭ ਨੂੰ) ਰਿਜ਼ਕ ਦੇਂਦਾ ਹੈ ਅਤੇ ਆਪ ਹੀ ਹਰੇਕ ਜੀਵ ਦੇ ਸਿਰ ਉਪਰ ਹੁਕਮ ਚਲਾ ਰਿਹਾ ਹੈ (ਸਭ ਨੂੰ ਹੁਕਮ ਵਿਚ ਤੋਰ ਹੈ)।੧। ਪ੍ਰਭੂ ਅਪਣਾ ਹੁਕਮ ਚਲਾ ਕੇ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੋ ਰਿਹਾ ਹੈ। (ਇਹ ਗੱਲ) ਮੈਂ ਕਿਵੇਂ ਆਖਾਂ ਕਿ ਉਹ ਕਿਸ ਜੀਵ ਦੇ ਨੇੜੇ ਹੈ ਅਤੇ ਕਿਸ ਜੀਵ ਤੋਂ ਦੂਰ ਹੈ? ਪ੍ਰਭੂ ਨੂੰ ਹਰੇਕ ਜੀਵ ਦੇ ਹਿਰਦੇ ਅੰਦਰ ਗੁਪਤ ਤੇ ਪ੍ਰਗਟ ਦੇਖੋ, (ਉਹ ਆਪ) ਇਕ ਹੀ ਸਭ ਜੀਵਾਂ ਵਿਚ ਵਰਤ ਰਿਹਾ ਹੈ।੨। (ਹੇ ਭਾਈ!) ਜਿਸ ਮਨੁੱਖ ਨੂੰ ਪ੍ਰਭੂ ਅਪਣੇ ਨਾਲ ਮਿਲਾ ਲੈਂਦਾ ਹੈ, (ਉਸ ਦੀ) ਸੁਰਤ ਵਿਚ ਪ੍ਰਭੂ ਸਮਾ ਜਾਂਦਾ ਹੈ। (ਫਿਰ ਉਹ) ਗੁਰੂ ਦੇ ਸ਼ਬਦ ਦੁਆਰਾ ਹਰੀ ਦਾ ਨਾਮ ਧਿਆਉਂਦਾ ਹੈ। ਗੁਰੂ ਦੇ ਮਿਲਣ ਨਾਲ (ਉਸ ਦਾ) ਭਰਮ ਦੂਰ ਹੋ ਜਾਂਦਾ ਹੈ ਅਤੇ (ਹੁਣ ਉਸ ਨੂੰ ਸਭ ਜਗ੍ਹਾ) ਅਨੰਦ ਰੂਪ, ਉਪਮਾ ਤੋਂ ਰਹਿਤ ਅਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਪ੍ਰਭੂ ਦਿਸਦਾ ਹੈ।੩।

ਅੰਗ ੧੦੪੩ = ਮਨ ਤਨ ਧਨ ਤੇ ਨਾਮੁ ਪਿਆਰਾ ॥ ਅੰਤਿ ਸਖਾਈ ਚਲਣਵਾਰਾ ॥ ਮੋਹ ਪਸਾਰ ਨਹੀ ਸੰਗਿ ਬੇਲੀ, ਬਿਨੁ ਹਰਿ ਗੁਰ ਕਿਨਿ ਸੁਖੁ ਪਾਇਆ ॥੪॥ ਜਿਸ ਕਉ ਨਦਰਿ ਕਰੇ ਗੁਰੁ ਪੂਰਾ ॥ ਸਬਦਿ ਮਿਲਾਏ ਗੁਰਮਤਿ ਸੂਰਾ ॥ ਨਾਨਕ ਗੁਰ ਕੇ ਚਰਨ ਸਰੇਵਹੁ ,ਜਿਨਿ ਭੂਲਾ ਮਾਰਗਿ ਪਾਇਆ ॥੫॥(ਹੇ ਭਾਈ! ਜਿਸ ਮਨੁੱਖ ਨੂੰ) ਮਨ, ਸਰੀਰ ਤੇ ਧਨ ਪਦਾਰਥ ਤੋਂ ਪ੍ਰਭੂ ਦਾ ਨਾਮ ਪਿਆਰਾ ਲਗਦਾ ਹੈ। (ਇਹ ਨਾਮ ਉਸ ਦੇ) ਅੰਤ ਸਮੇਂ ਨਾਲ ਚੱਲਣ ਵਾਲਾ ਸਾਥੀ ਬਣ ਜਾਂਦਾ ਹੈ। ਮੋਹ ਦੇ ਪਸਾਰੇ ਵਾਲੇ ਪਦਾਰਥ ਤੇ ਸਬੰਧੀ ਮਨੁੱਖ ਦੇ ਨਾਲ ਸਾਥੀ ਨਹੀਂ ਬਣ ਸਕਦੇ, ਹਰੀ ਗੁਰੂ ਦੀ ਸ਼ਰਣ ਤੋਂ ਬਿਨਾ ਦੱਸੋ ਕਿਸ ਨੇ ਸੁਖ ਪਾਇਆ ਹੈ? {ਗੁਰੁ ਪਰਮੇਸੁਰੁ ਏਕੁ ਹੈ ਸਭ ਮਹਿ ਰਹਿਆ ਸਮਾਇ ੫੩} ਭਾਵ ਗੁਰੂ ਪ੍ਰਮੇਸਰ ਤੋਂ ਬਿਨਾ ਕਿਸੇ ਨੂੰ ਸੁਖ ਨਹੀਂ ਮਿਲਿਆ।੪। ਜਿਸ ਮਨੁੱਖ ਉਤੇ ਪੂਰਾ ਗੁਰੂ ਮਿਹਰ ਦੀ ਨਜਰ ਕਰ ਦੇਵੇ। (ਗੁਰੂ ਉਸ ਨੂੰ) ਸ਼ਬਦ ਵਿਚ ਮਿਲਾਉਂਦਾ (ਜੋੜਦਾ) ਹੈ ਅਤੇ (ਉਹ ਮਨੁੱਖ) ਗੁਰ ਦੀ ਮੱਤ ਤੇ ਚੱਲ ਕੇ (ਕਾਮਾਦਿਕ ਵੈਰੀਆਂ ਨੂੰ ਮਾਰਨ ਵਾਲਾ) ਸੂਰਮਾ ਬਣ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ! ਉਸ) ਗੁਰੂ ਦੇ ਚਰਨ ਪੂਜੋ, ਜਿਸ ਨੇ (ਪ੍ਰਭੂ ਤੋਂ) ਭੁੱਲੇ ਹੋਏ ਮਨੁੱਖ ਨੂੰ ਸਹੀ ਰਸਤੇ ਪਾਇਆ ਹੈ।੫।

ਪਦਾਰਥ = ਕੁਦਰਤਿ-ਰਚਨਾ ਸ਼ਕਤੀ ਦੁਆਰਾ। ਕਰਨੈਹਾਰ-ਰਚਨਾ ਕਰਨ ਵਾਲਾ ਪ੍ਰਭੂ। ਅਪਾਰਾ-ਬੇਅੰਤ। ਕੀਤੇ ਕਾ-ਪੈਦਾ ਕੀਤੇ (ਜੀਵ) ਦਾ। ਕਿਹੁ-ਕੁਛ ਵੀ। ਚਾਰਾ-ਵਸ; ਜੋਰ। ਜੀਅ-ਜੀਵ। ਉਪਾਇ-ਪੈਦਾ ਕਰਕੇ। ਰਿਜਕੁ-ਖਾਣ ਪੀਣ ਨੂੰ। ਦੇ-ਦੇਂਦਾ ਹੈ। ਆਪੇ-ਆਪ ਹੀ। ਸਿਰਿ ਸਿਰਿ-ਹਰੇਕ ਜੀਵ ਦੇ ਸਿਰ ਉਤੇ।੧। ਰਹਿਆ ਭਰਪੂਰੇ-ਪੂਰੀ ਤਰ੍ਹਾਂ ਵਿਆਪਕ ਹੋ ਰਿਹਾ ਹੈ। ਘਟਿ ਘਟਿ-ਹਰੇਕ ਜੀਵ ਦੇ ਹਿਰਦੇ ਵਿਚ। ਤਾਕੁ-ਇੱਕੋ ਇੱਕ; ਇਕੱਲਾ। ਸਬਾਇਆ-ਸਾਰੇ ਜੀਵਾਂ ਵਿਚ।੨। ਕਉ-ਨੂੰ। ਸੁਰਤਿ-ਸੁਰਤ ਵਿਚ। ਸਮਾਏ-ਸਮਾ ਜਾਂਦਾ ਹੈ। ਸਬਦੀ-ਸ਼ਬਦ ਦੁਆਰਾ। ਅਨੂਪ-ਉਪਮਾ ਤੋਂ ਰਹਿਤ। ਅਗੋਚਰ-ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਜਾਇਆ-ਦੂਰ ਹੋ ਜਾਂਦਾ ਹੈ।੩। ਤਨ-ਸਰੀਰ। ਤੇ-ਤੋਂ; ਨਾਲੋਂ। ਸਖਾਈ-ਸਾਥੀ; ਸਹਾਇਕ। ਸੰਗਿ ਚਲਣਵਾਰਾ-ਨਾਲ ਚੱਲਣ ਵਾਲਾ। ਮੋਹ ਪਸਾਰ-ਮੋਹ ਦੇ ਪਸਾਰੇ। ਬੇਲੀ-ਸਾਥੀ; ਮਿਤ੍ਰ। ਕਿਨਿ-ਕਿਸ ਨੇ।੪। ਨਦਰਿ-ਮੇਹਰ ਦੀ ਨਜਰ। ਗੁਰਮਤਿ-ਗੁਰ ਦੀ ਸਿੱਖਿਆ ਦੇ ਆਸਰੇ। ਸਰੇਵਹੁ-ਸੇਵਾ ਕਰੋ; ਪੂਜੋ। ਜਿਨਿ-ਜਿਸ ਨੇ। ਮਾਰਗਿ-ਰਸਤੇ ਉਤੇ।੫।

ਸੰਤ ਜਨਾਂ ਹਰਿ ਧਨੁ ਜਸੁ ਪਿਆਰਾ ॥ ਗੁਰਮਤਿ ਪਾਇਆ ਨਾਮੁ ਤੁਮਾਰਾ ॥ ਜਾਚਿਕੁ ਸੇਵ ਕਰੇ ਦਰਿ ਹਰਿ ਕੈ, ਹਰਿ ਦਰਗਹ ਜਸੁ ਗਾਇਆ ॥੬॥ ਸਤਿਗੁਰੁ ਮਿਲੈ ਤ ਮਹਲਿ ਬੁਲਾਏ ॥ ਸਾਚੀ ਦਰਗਹ ਗਤਿ ਪਤਿ ਪਾਏ ॥ ਸਾਕਤ ਠਉਰ ਨਾਹੀ ਹਰਿ ਮੰਦਰ, ਜਨਮ ਮਰੈ ਦੁਖੁ ਪਾਇਆ ॥੭॥ ਸੇਵਹੁ ਸਤਿਗੁਰ ਸਮੁੰਦੁ ਅਥਾਹਾ ॥ ਪਾਵਹੁ ਨਾਮੁ ਰਤਨੁ ਧਨੁ ਲਾਹਾ ॥ ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ ,ਗੁਰ ਸਰ ਸੰਤੋਖੁ ਪਾਇਆ ॥੮॥ ਸਤਿਗੁਰ ਸੇਵਹੁ ਸੰਕ ਨ ਕੀਜੈ ॥ ਆਸਾ ਮਾਹਿ ਨਿਰਾਸੁ ਰਹੀਜੈ ॥ ਸੰਸਾ ਦੂਖ ਬਿਨਾਸਨੁ ਸੇਵਹੁ ,ਫਿਰਿ ਬਾਹੁੜਿ ਰੋਗੁ ਨ ਲਾਇਆ ॥੯॥ ਸਾਚੇ ਭਾਵੈ ਤਿਸੁ ਵਡੀਆਏ ॥ ਕਉਨੁ ਸੁ ਦੂਜਾ ਤਿਸੁ ਸਮਝਾਏ ॥ ਹਰਿ ਗੁਰ ਮੂਰਤਿ ਏਕਾ ਵਰਤੈ, ਨਾਨਕ ਹਰਿ ਗੁਰ ਭਾਇਆ ॥੧੦॥ ਹੇ ਪ੍ਰਭੂ! ਸੰਤ ਜਨਾਂ ਨੂੰ ਤੇਰਾ ਨਾਮ ਧਨ ਅਤੇ ਹਰੀ ਦਾ ਜਸ ਪਿਆਰਾ ਲਗਦਾ ਹੈ। (ਉਨ੍ਹਾਂ ਨੇ) ਗੁਰੂ ਦੀ ਸਿੱਖਿਆ ਲੈ ਕੇ ਤੇਰਾ ਨਾਮ ਪ੍ਰਾਪਤ ਕੀਤਾ ਹੈ। (ਜੋ ਮਨੁੱਖ) ਪ੍ਰਭੂ ਦੇ ਦਰ ਦਾ ਮੰਗਤਾ ਬਣ ਕੇ ਪ੍ਰਭੂ ਦੀ ਸੇਵਾ ਭਗਤੀ ਕਰਦਾ ਹੈ, (ਉਸ ਨੇ) ਪ੍ਰਭੂ ਦੀ ਸਤਸੰਗਤ ਵਿਚ ਵੀ ਜਸ ਗਾਇਆ ਹੈ।੬। (ਜੇ ਮਨੁੱਖ ਨੂੰ)

ਸਤਿਗੁਰੂ ਮਿਲ ਜਾਵੇ, ਤਾਂ (ਉਸ ਨੂੰ) ਪ੍ਰਭੂ ਅਪਣੇ ਮਹਿਲ ਵਿਚ ਬੁਲਾ ਲੈਂਦਾ ਹੈ।(ਉਹ ਪ੍ਰਭੂ ਦੀ) ਸੱਚੀ ਦਰਗਾਹ ਵਿਚ ਮੁਕਤੀ ਅਤੇ ਇੱਜਤ ਪਾਉਂਦਾ ਹੈ।ਸਾਕਤ ਮਨੁੱਖ ਨੂੰ ਪ੍ਰਭੂ ਦੇ ਮੰਦਰ ਵਿਚ ਥਾਂ ਨਹੀਂ ਮਿਲਦੀ, (ਉਹ) ਬਾਰ ਬਾਰ ਜਨਮ ਲੈ ਕੇ ਮਰਦਾ ਰਹਿੰਦਾ ਹੈ ਅਤੇ ਦੁਖ ਪਾਉਂਦਾ ਹੈ।੭।(ਹੇ ਭਾਈ!) ਸਤਿਗੁਰੂ ਦੀ ਸੇਵਾ ਕਰੋ, (ਜੋ ਗੁਣ ਰੂਪ ਰਤਨਾਂ ਦਾ) ਅਥਾਹ ਸਮੁੰਦਰ ਹੈ। (ਉਸ ਸਤਿਗੁਰੂ ਪਾਸੋਂ) ਨਾਮ ਰਤਨ ਰੂਪ ਧਨ ਤੇ ਲਾਭ ਪ੍ਰਾਪਤ ਕਰੋ।(ਜੇ ਤੁਸੀਂ) ਨਾਮ ਰੂਪ ਅੰਮ੍ਰਿਤ ਦੇ ਸਰੋਵਰ ਵਿਚ ਇਸ਼ਨਾਨ ਕਰੋਗੇ, (ਤਾਂ ਤੁਹਾਡੀ) ਵਿਸ਼ੇ ਵਿਕਾਰਾਂ ਦੀ ਮੈਲ ਉਤਰ ਜਾਵੇਗੀ ਅਤੇ (ਤੁਹਾਨੂੰ) ਗੁਰੂ ਸਰੋਵਰ ਦਾ ਸੰਤੋਖ ਰੂਪ ਜਲ ਪ੍ਰਾਪਤ ਹੋ ਜਾਏਗਾ।੮।(ਹੇ ਭਾਈ!) ਸਤਿਗੁਰੂ ਦੀ ਸੇਵਾ ਕਰੋ, (ਗੁਰੂ ਉਤੇ) ਸ਼ੰਕਾ ਨਾ ਕਰੋ।ਅਤੇ ਆਸਾ ਵਿਚ ਨਿਰਾਸ ਰਹੋ।ਸੰਸਾ ਤੇ ਦੁੱਖਾਂ ਨੂੰ ਨਾਸ਼ ਕਰਨ ਵਾਲੇ ਗੁਰੂ ਦੀ ਸੇਵਾ ਕਰੋ, ਫਿਰ ਮੁੜ ਕੇ (ਤੁਹਾਨੂੰ ਕਿਸੇ ਕਿਸਮ ਦਾ ਕੋਈ) ਰੋਗ ਨਹੀਂ ਲੱਗੇਗਾ।੯।(ਹੇ ਭਾਈ! ਜੋ ਮਨੁੱਖ) ਸੱਚੇ ਪ੍ਰਭੂ ਨੂੰ ਚੰਗਾ ਲਗਦਾ ਹੈ, ਉਸ ਨੂੰ ਪ੍ਰਭੂ ਵਡਿਆਈ ਦੇਂਦਾ ਹੈ।ਪ੍ਰਭੂ ਵਰਗਾ ਦੂਜਾ ਉਹ ਕੌਣ ਹੈ? ਜੋ ਉਸ ਪ੍ਰਭੂ ਨੂੰ ਸਮਝਾਵੇ (ਪ੍ਰਭੂ ਨੂੰ ਸਮਝਾਉਣ ਵਾਲਾ ਤੇ ਸਲਾਹ ਦੇਣ ਵਾਲਾ ਕੋਈ ਨਹੀਂ)।ਹਰੀ ਤੇ ਗੁਰੂ ਇਕੋ ਹੀ ਸਰੂਪ ਹੈ, (ਜੋ ਜਗਤ ਵਿਚ) ਵਰਤ ਰਿਹਾ ਹੈ, ਨਾਨਕ ਦੇ ਮਨ ਵਿਚ ਹਰੀ ਰੂਪ ਗੁਰੂ ਪਿਆਰਾ ਲੱਗਾ ਹੈ।੧੦।

ਪਦਾਰਥ = ਜਸੁ–ਸਿਫਤ ਸਲਾਹ।ਗੁਰਮਤਿ–ਗੁਰੂ ਦੀ ਸਿੱਖਿਆ ਲੈ ਕੇ।ਜਾਚਿਕੁ–ਮੰਗਤਾ।ਦਰਿ ਹਰਿ ਕੈ–ਹਰੀ ਦੇ ਦਰ ਉਤੇ।੬। ਤ–ਤਾਂ; ਤਦ।ਮਹਲਿ–ਮਹਿਲ ਵਿਚ।ਗਤਿ–ਮੁਕਤੀ।ਪਤਿ–ਇੱਜਤ।ਪਾਏ–ਪਾਉਂਦਾ ਹੈ।ਸਾਕਤ–ਰੱਬ ਤੋਂ ਟੁੱਟਿਆ ਮਨੁੱਖ।ਠਉਰ –ਥਾਂ।ਹਰਿ ਮੰਦਰ–ਹਰੀ ਦੇ ਮੰਦਰ ਵਿਚ।੭।ਜਨਮ ਮਰੈ–ਅਨੇਕਾਂ ਜਨਮਾਂ ਵਿਚ ਪੈ ਕੇ ਮਰਦਾ ਰਹਿੰਦਾ ਹੈ।੭।ਸੇਵਹੁ–ਸੇਵਾ ਕਰੋ ।ਪਾਵਹੁ–ਪ੍ਰਾਪਤ ਕਰੋ।ਲਾਹਾ–ਲਾਭ।ਬਿਖਿਆ–ਵਿਸ਼ੇ ਵਿਕਾਰਾਂ ਦੀ।ਮਲੁ–ਮੈਲ।ਅੰਮ੍ਰਿਤ ਸਰਿ–ਨਾਮ ਅੰਮ੍ਰਿਤ ਦੇ ਸਰੋਵਰ ਵਿਚ। ੮।ਸੰਕ–ਸ਼ੰਕਾ; ਝਿਜਕ (ਸ਼ਬਦਾਰਥ)।ਸੰਸਾ–ਭਰਮ।ਨਿਰਾਸ–ਦੁਨੀਆਂ ਦੀਆਂ ਆਸਾਂ ਤੋਂ ਨਿਰਲੇਪ।ਬਿਨਾਸਨੁ–ਨਾਸ਼ ਕਰਨ ਵਾਲਾ ।ਫਿਰਿ ਬਾਹੁੜਿ–ਫਿਰ ਮੁੜ ਕੇ।੯।ਭਾਵੈ–ਚੰਗਾ ਲਗਦਾ ਹੈ।ਤਿਸੁ–ਉਸ ਨੂੰ।ਵਡੀਆਏ–ਵੱਡਾ ਕਰ ਦੇਂਦਾ ਹੈ; ਆਦਰ ਦੇਂਦਾ ਹੈ ।ਸੁ–ਉਹ।ਮੂਰਤਿ–ਹਸਤੀ; ਸਰੂਪ।ਏਕਾ–ਇਕੋ ਹੀ।ਭਾਇਆ–ਪਿਆਰਾ ਲੱਗਾ ਹੈ; ਪਸੰਦ ਆਇਆ ਹੈ।੧੦।

ਵਾਚਹਿ ਪੁਸਤਕ ਵੇਦ ਪੁਰਾਨਾਂ ॥ ਇਕਿ ਬਹਿ ਸੁਨਹਿ ਸੁਨਾਵਹਿ ਕਾਨਾਂ ॥ ਅਜਗਰ ਕਪਟੁ ਕਹਹੁ ਕਿਉ ਖੁਲ੍ਹੈ ,ਬਿਨੁ ਸਤਿਗੁਰ ਤਤੁ ਨ ਪਾਇਆ ॥੧੧॥ ਕਰਹਿ ਬਿਭੂਤਿ ਲਗਾਵਹਿ ਭਸਮੈ ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥ ਪਾਖੰਡ ਕੀਨੇ ਜੋਗੁ ਨ ਪਾਈਐ, ਬਿਨੁ ਸਤਿਗੁਰ ਅਲਖੁ ਨ ਪਾਇਆ ॥੧੨॥ ਤੀਰਥ ਵਰਤ ਨੇਮ ਕਰਹਿ ਉਦਿਆਨਾ ॥ ਜਤੁ ਸਤੁ ਸੰਜਮੁ ਕਥਹਿ ਗਿਆਨਾ ॥ ਰਾਮ ਨਾਮ ਬਿਨੁ ਕਿਉ ਸੁਖੁ ਪਾਈਐ, ਬਿਨੁ ਸਤਿਗੁਰ ਭਰਮੁ ਨ ਜਾਇਆ ॥੧੩॥ ਨਿਉਲੀ ਕਰਮ ਭੁਇਅੰਗਮ ਭਾਠੀ ॥ ਰੇਚਕ ਕੁੰਭਕ ਪੂਰਕ ਮਨ ਹਾਠੀ ॥ ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ,ਗੁਰ ਸਬਦ ਮਹਾ ਰਸੁ ਪਾਇਆ ॥੧੪॥ ਕੁਦਰਤਿ ਦੇਖਿ ਰਹੇ ਮਨੁ ਮਾਨਿਆ ॥ ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ ॥ ਨਾਨਕ ਆਤਮ ਰਾਮੁ ਸਬਾਇਆ, ਗੁਰ ਸਤਿਗੁਰ ਅਲਖੁ ਲਖਾਇਆ ॥੧੫॥ ੫॥੨੨॥(ਹੇ ਭਾਈ! ਪੰਡਤ) ਵੇਦ ਪੁਰਾਨ ਆਦਿਕ ਪੁਸਤਕਾਂ ਪੜ੍ਹਦੇ ਰਹਿੰਦੇ ਹਨ।(ਜੋ ਕਥਾ ਪੰਡਤ) ਸੁਣਾਉਂਦੇ ਹਨ, (ਉਹ ਕਥਾ ਕਈ ਮਨੁੱਖ ਪੰਡਤਾਂ ਕੋਲ) ਬੈਠ ਕੇ ਕੰਨਾਂ ਨਾਲ ਸੁਣਦੇ ਹਨ।(ਭਰਮ ਦਾ) ਬਹੁਤ ਵੱਡਾ ਦਰਵਾਜਾ ਦੱਸੋ ਕਿਵੇਂ ਖੁਲ੍ਹ ਸਕਦਾ ਹੈ ? (ਖੁਲ੍ਹ ਨਹੀਂ ਸਕਦਾ, ਕਿਸੇ ਨੇ ਵੀ) ਸਤਿਗੁਰੂ ਦੀ ਸ਼ਰਣ ਵਿਚ ਪਏ ਬਿਨਾ ਤੱਤ ਸਰੂਪ ਪ੍ਰਭੂ ਨੂੰ ਨਹੀਂ ਪਾਇਆ।੧੧।(ਹੇ ਭਾਈ! ਕਈ ਮਨੁੱਖ) ਸੁਆਹ ਇਕੱਠੀ ਕਰਦੇ ਹਨ, ਉਹ ਸੁਆਹ (ਅਪਣੇ ਸਰੀਰ ਉਤੇ) ਲਗਾ (ਮਲ) ਲੈਂਦੇ ਹਨ।(ਪਰ ਉਨ੍ਹਾਂ ਦੇ ਮਨ) ਅੰਦਰ ਕ੍ਰੋਧ ਰੂਪ ਚੰਡਾਲ ਹੈ ਅਤੇ ਅਪਣੇ ਭੇਖ ਦਾ ਹੰਕਾਰ ਹੈ।ਪਖੰਡ ਕਰਨ ਨਾਲ ਜੋਗ ਨਹੀਂ ਪਾ ਸਕੀਦਾ; ਪ੍ਰਭੂ ਦਾ ਮਿਲਾਪ ਨਹੀਂ ਪਾ ਸਕੀਦਾ, (ਕਿਸੇ ਵੀ ਮਨੁੱਖ ਨੇ) ਸਤਿਗੁਰੂ ਤੋਂ ਬਿਨਾ ਅਲੱਖ ਸਰੂਪ ਪ੍ਰਭੂ ਨੂੰ ਨਹੀਂ ਪਾਇਆ।੧੨।(ਹੇ ਭਾਈ! ਕਈ ਲੋਕ) ਤੀਰਥਾਂ ਤੇ ਇਸ਼ਨਾਨ ਕਰਦੇ ਹਨ, ਵਰਤ ਰਖਣ ਦਾ ਨੇਮ ਕਰਦੇ ਹਨ ਅਤੇ ਕਈ ਲੋਕ ਜੰਗਲਾਂ (ਜਾਂ ਉਜਾੜ) ਵਿਚ ਜਾ ਵਸਦੇ ਹਨ ।(ਕਈ ਲੋਕ) ਜਤ, ਸਤ ਤੇ ਸੰਜਮ ਆਦਿ ਸਾਧਨ ਕਰਦੇ ਹਨ ਅਤੇ ਕਈ ਗਿਆਨ ਦੀਆਂ ਗੱਲਾਂ ਕਰਦੇ ਹਨ।ਪ੍ਰਭੂ ਦੇ ਨਾਮ ਤੋਂ ਬਿਨਾ ਕਿਵੇਂ ਸੁਖ ਪਾਇਆ ਜਾ ਸਕਦਾ ਹੈ? ਸਤਿਗੁਰੂ ਤੋਂ ਬਿਨਾ (ਕਿਸੇ ਮਨੁੱਖ ਦਾ) ਭਰਮ ਦੂਰ ਨਹੀਂ ਹੋਇਆ।੧੩।(ਕਈ ਜੋਗੀ ਲੋਕ) ਨਿਉਲੀ ਆਦਿ ਕਰਮ ਕਰਦੇ ਹਨ ਅਤੇ ਭੁਇਅੰਗਮਾਂ ਨਾੜੀ ਰਾਹੀਂ ਸੁਆਸ ਦਸਮ ਦੁਆਰ ਰੂਪ ਭੱਠੀ ਵਿਚ ਚੜ੍ਹਾਉਂਦੇ ਹਨ। (ਅਤੇ ਉਹ ਪ੍ਰਾਣਾਯਾਮ ਦੁਆਰਾ) ਰੇਚਕ, ਕੁੰਭਕ ਤੇ ਪੂਰਕ ਕਰਮ ਮਨ ਦੇ ਹਠ ਨਾਲ ਕਰਦੇ ਹਨ।(ਉਨ੍ਹਾਂ ਦਾ ਇਹ) ਪਖੰਡ ਦਾ ਧਰਮ ਹੈ, (ਇਹੋ ਜਿਹੇ ਯੋਗਾ ਅਭਿਆਸ ਨਾਲ) ਹਰੀ ਨਾਲ ਪ੍ਰੀਤ ਪੈਦਾ ਨਹੀਂ ਹੁੰਦੀ, (ਪਰ ਗੁਰਮੁਖਾਂ ਨੇ) ਗੁਰੂ ਦੇ ਸ਼ਬਦ ਦਾ ਮਹਾਨ ਰਸ ਪਾਇਆ ਹੈ।੧੪।(ਜੋ ਮਨੁੱਖ) ਕੁਦਰਤ ਵਿਚ ਕਾਦਰ ਨੂੰ ਦੇਖ ਰਹੇ ਹਨ, (ਉਨ੍ਹਾਂ ਦਾ) ਮਨ ਪ੍ਰਭੂ ਵਿਚ ਪਤੀਜ ਗਿਆ ਹੈ।(ਉਨ੍ਹਾਂ ਨੇ) ਗੁਰੂ ਦੇ ਸ਼ਬਦ ਰਾਹੀਂ ਸਭ ਪਾਸੇ ਬ੍ਰਹਮ ਨੂੰ ਵਸਦਾ ਪਛਾਣਿਆ ਹੈ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਉਨ੍ਹਾਂ ਨੂੰ) ਸਾਰੀ ਸ੍ਰਿਸਟੀ ਵਿਚ ਵਿਆਪਕ ਪ੍ਰਭੂ ਦਿਸ ਪਿਆ ਹੈ, (ਉਨ੍ਹਾਂ ਨੂੰ) ਅਦ੍ਰਿਸ਼ਟ ਪ੍ਰਭੂ ਦਾ ਗਿਆਨ ਪੂਜਨੀਕ ਸਤਿਗੁਰੂ ਨੇ ਕਰਾਇਆ ਹੈ।੧੫।੫।੨੨। ਇਥੋਂ ਤੱਕ ਗੁਰੂ ਨਾਨਕ ਦੇਵ ਜੀ ਦੇ ੨੨ ਸੋਲਹੇ ਸੰਪੂਰਨ ਹੋਏ ਹਨ।

ਪਦਾਰਥ = ਵਾਚਹਿ–ਪੜ੍ਹਦੇ ਹਨ। ਪੁਰਾਨਾਂ–ਅਠਾਰਾਂ ਪੁਰਾਣ। ਇਕ–ਕਈ; ਅਨੇਕਾਂ। ਬਹਿ–ਬੈਠ ਕੇ। ਸੁਨਹਿ–ਸੁਣਦੇ ਹਨ। ਕਾਨਾਂ–ਕੰਨਾਂ ਨਾਲ। ਸੁਨਾਵਹਿ–ਸੁਣਾਉਂਦੇ ਹਨ। ਅਜਗਰ–ਬਹੁਤ ਵੱਡਾ। ਕਪਟੁ–ਕਪਾਟ (ਦਰਵਾਜਾ); ਕਪਟ ਰੂਪ ਗੰਢ। ਤਤੁ–ਤੱਤ ਸਰੂਪ ਪ੍ਰਭੂ; ਅਸਲੀਅਤ।੧੧। ਕਰਹਿ ਬਿਭੂਤਿ–ਸੁਆਹ ਇਕੱਠੀ ਕਰਦੇ ਹਨ। ਭਸਮੈ–ਸੁਆਹ। ਅੰਤਰਿ–ਮਨ ਦੇ ਅੰਦਰ। ਸੁ–ਉਹ। ਕੀਨੇ–ਕੀਤਿਆਂ। ਜੋਗੁ–ਜੋਗ ਸਾਧਨਾ; ਮਿਲਾਪ। ਅਲਖੁ–ਅਦ੍ਰਿਸ਼ਟ ਪ੍ਰਭੂ।੧੨। ਉਦਿਆਨਾ–ਜੰਗਲਾਂ ਵਿਚ। ਸੰਜਮ–ਇੰਦੀਆਂ ਨੂੰ ਵਸ ਕਰਨ ਦਾ ਸਾਧਨ। ਕਥਹਿ–ਗੱਲਾਂ ਕਰਦੇ ਹਨ। ਰਾਮ–ਪ੍ਰਮਾਤਮਾ।੧੩। ਨਿਉਲੀ ਕਰਮ–ਸਿੱਧੇ ਬੈਠ ਕੇ ਪੇਟ ਨੂੰ ਇਧਰ ਉਧਰ ਘੁਮਾਉਣ ਦਾ ਕਰਮ। ਭੁਇਅੰਗਮ–ਕੁੰਡਲਨੀ ਨਾੜੀ ਜਿਸ ਵਿਚ ਸੁਆਸ ਲੰਘ ਕੇ ਦਸਮ ਦੁਆਰ ਨੂੰ ਜਾਂਦੇ ਹਨ। ਭਾਠੀ–ਜੋਗੀਆਂ ਦੀ ਬੋਲੀ ਵਿਚ ਦਸਮ ਦੁਆਰ, ਜਿਸ ਵਿਚੋਂ ਅੰਮ੍ਰਿਤ ਦੀ ਧਾਰ ਚੋਂਦੀ ਮੰਨਦੇ ਹਨ। ਰੇਚਕ–ਪ੍ਰਾਣਾਯਾਮ ਕਰਦੇ ਅੰਦਰ ਰੋਕੇ ਪ੍ਰਾਣ ਬਾਹਰ ਕੱਢਣੇ। ਕੁੰਭਕ–ਪ੍ਰਾਣਾਂ ਨੂੰ ਅੰਦਰ ਰੋਕ ਰੱਖਣਾ। ਪੂਰਕ–ਪ੍ਰਾਣਾਂ ਨੂੰ ਦਸਮ ਦੁਆਰ ਵਿਚ ਚੜ੍ਹਾਉਣਾ। ਮਨ ਹਾਠੀ–ਮਨ ਦੇ ਹਠ ਨਾਲ। ਸਉ–ਨਾਲ।੧੪। ਕੁਦਰਤਿ–ਰੱਬ ਦੀ ਰਚਨਾ ਸ਼ਕਤੀ ਵਿਚ। ਮਨੁ ਮਾਨਿਆ–ਮਨ ਪਤੀਜ ਗਿਆ; ਮਨ ਵਿਸ਼ਵਾਸ ਵਾਲਾ ਹੋ ਗਿਆ। ਗੁਰ ਸਬਦੀ–ਗੁਰੂ ਦੇ ਸ਼ਬਦ ਰਾਹੀਂ। ਆਤਮ ਰਾਮੁ–ਸਰਬ ਵਿਆਪਕ ਪ੍ਰਭੂ। ਸਬਾਇਆ–ਸਾਰੀ ਸ੍ਰਿਸ਼ਟੀ ਵਿਚ। ਅਲਖੁ–ਅਦ੍ਰਿਸ਼ਟ। ਲਖਾਇਆ–ਜਣਾਇਆ; ਗਿਆਨ ਕਰਾਇਆ।੧੫।੫।੨੨।

ਮਾਰੂ ਸੋਲਹੇ ਮਹਲਾ ੩ ੴ ਸਤਿਗੁਰ ਪ੍ਰਸਾਦਿ ॥

ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ ॥ ਆਪੇ ਕਰੇ ਕਰਾਏ ਆਪੇ, ਹੁਕਮੇ ਰਹਿਆ ਸਮਾਈ ਹੇ ॥੧॥ ਮਾਇਆ ਮੋਹੁ ਜਗਤੁ ਗੁਬਾਰਾ ॥ ਗੁਰਮੁਖਿ ਬੂਝੈ ਕੋ ਵੀਚਾਰਾ ॥ ਆਪੇ ਨਦਰਿ ਕਰੇ ਸੋ ਪਾਏ, ਆਪੇ ਮੇਲਿ ਮਿਲਾਈ ਹੇ ॥੨॥ (ਹੇ ਭਾਈ!) ਪ੍ਰਭੂ ਨੇ ਅਪਣੇ ਹੁਕਮ ਨਾਲ ਸੁਭਾਵਕ ਹੀ ਸ੍ਰਿਸਟੀ ਪੈਦਾ ਕੀਤੀ ਹੈ। ਜਗਤ ਉਤਪਤੀ ਦਾ ਕੰਮ ਕਰ ਕਰਕੇ ਪ੍ਰਭੂ ਅਪਣੀ ਵਡਿਆਈ ਆਪ ਹੀ ਦੇਖ ਰਿਹਾ ਹੈ। ਪ੍ਰਭੂ ਆਪ ਹੀ ਸਭ ਕੁਛ ਕਰ ਰਿਹਾ ਹੈ, ਆਪ ਹੀ (ਜੀਵਾਂ ਪਾਸੋਂ) ਕਰਾ ਰਿਹਾ ਹੈ ਅਤੇ ਅਪਣੇ ਹੁਕਮ ਅਨੁਸਾਰ ਸ੍ਰਿਸਟੀ ਵਿਚ ਵਿਆਪਕ ਹੋ ਰਿਹਾ ਹੈ।੧। (ਹੇ ਭਾਈ!) ਮਾਇਆ ਦਾ ਮੋਹ ਐਸਾ ਹੈ, (ਜਿਸ ਦਾ) ਜਗਤ ਉਪਰ ਅਗਿਆਨਤਾ ਦਾ ਹਨ੍ਹੇਰਾ ਛਾਇਆ ਹੋਇਆ ਹੈ। (ਇਸ) ਵਿਚਾਰ ਨੂੰ ਗੁਰੂ ਦੇ ਸਨਮੁਖ ਰਹਿਣ ਵਾਲਾ ਕੋਈ ਵਿਰਲਾ ਮਨੁੱਖ ਸਮਝਦਾ ਹੈ। (ਜਿਸ ਮਨੁੱਖ ਉਤੇ) ਪ੍ਰਭੂ ਆਪ ਮੇਹਰ ਦੀ ਨਜਰ ਕਰ ਦੇਵੇ, ਉਹ ਇਹ ਗਿਆਨ ਪ੍ਰਾਪਤ ਕਰਦਾ ਹੈ ਕਿ ਪ੍ਰਭੂ ਆਪ ਹੀ (ਮਨੁੱਖ ਨੂੰ ਗੁਰੂ ਨਾਲ) ਮਿਲਾ ਕੇ (ਅਪਣੇ ਨਾਲ) ਮਿਲਾਉਂਦਾ ਹੈ।੨।

ਅੰਗ ੧੦੪੪ = ਆਪੇ ਮੇਲੇ ਦੇ ਵਡਿਆਈ ॥ ਗੁਰ ਪਰਸਾਦੀ ਕੀਮਤਿ ਪਾਈ ॥ ਮਨਮੁਖਿ ਬਹੁਤੁ ਫਿਰੈ ਬਿਲਲਾਦੀ, ਦੂਜੈ ਭਾਇ ਖੁਆਈ ਹੇ ॥੩॥ ਹਉਮੈ ਮਾਇਆ ਵਿਚੇ ਪਾਈ ॥ ਮਨਮੁਖ ਭੂਲੇ ਪਤਿ ਗਵਾਈ ॥ ਗੁਰਮੁਖਿ ਹੋਵੈ ਸੋ ਨਾਇ ਰਾਚੈ, ਸਾਚੈ ਰਹਿਆ ਸਮਾਈ ਹੇ ॥੪॥ ਗੁਰ ਤੇ ਗਿਆਨੁ ਨਾਮ ਰਤਨੁ ਪਾਇਆ ॥ ਮਨਸਾ ਮਾਰਿ ਮਨ ਮਾਹਿ ਸਮਾਇਆ ॥ ਆਪੇ ਖੇਲ ਕਰੇ ਸਭਿ ਕਰਤਾ, ਆਪੇ ਦੇਇ ਬੁਝਾਈ ਹੇ ॥੫॥ ਸਤਿਗੁਰੁ ਸੇਵੇ ਆਪੁ ਗਵਾਏ ॥ ਮਿਲਿ ਪ੍ਰੀਤਮ ਸਬਦਿ ਸੁਖੁ ਪਾਏ ॥ ਅੰਤਰਿ ਪਿਆਰੁ ਭਗਤੀ ਰਾਤਾ, ਸਹਜਿ ਮਤੇ ਬਣਿ ਆਈ ਹੇ ॥੬॥ (ਹੇ ਭਾਈ!) ਪ੍ਰਭੂ ਆਪ ਹੀ (ਜਿਸ ਮਨੁੱਖ ਨੂੰ ਗੁਰੂ ਨਾਲ) ਮਿਲਾ ਕੇ ਵਡਿਆਈ ਦੇਂਦਾ ਹੈ। (ਉਹ) ਗੁਰੂ ਦੀ ਕਿਰਪਾ ਨਾਲ (ਗੁਰੂ ਦੀ ਸੰਗਤ ਦੀ) ਕੀਮਤ ਪਾਉਂਦਾ (ਕਦਰ ਕਰਦਾ) ਹੈ। ਮਨਮੁਖਤਾ ਦੇ ਕਾਰਣ ਬਹੁਤ ਸਾਰੀ ਦੁਨੀਆਂ ਰੋਂਦੀ ਫਿਰਦੀ ਹੈ, (ਕਿਉਂਕਿ ਉਹ) ਦ੍ਵੈਤ ਭਾਵ ਨੇ ਭੁਲਾਈ (ਕੁਰਾਹੇ ਪਾਈ) ਹੋਈ ਹੈ।੩। (ਹੇ ਭਾਈ! ਪ੍ਰਭੂ ਨੇ ਦੁਨੀਆਂ ਪੈਦਾ ਕਰਕੇ) ਇਸ ਵਿਚ ਹਉਮੈ ਤੇ ਮਾਇਆ ਪਾ ਦਿਤੀ ਹੈ। (ਮਾਇਆ ਤੇ ਹਉਮੈ ਦੇ ਕਾਰਣ) ਪ੍ਰਭੂ ਤੋਂ ਭੁੱਲੇ ਹੋਏ ਮਨਮੁਖਾਂ ਨੇ (ਅਪਣੀ) ਇੱਜਤ ਗਵਾ ਲਈ ਹੈ। (ਜਿਹੜਾ ਮਨੁੱਖ) ਗੁਰੂ ਦੇ ਸਨਮੁਖ ਹੁੰਦਾ ਹੈ, ਉਹ ਪ੍ਰਭੂ ਦੇ ਨਾਮ ਮਗਨ ਰਹਿੰਦਾ ਹੈ, (ਨਾਮ ਦੀ ਬਰਕਤ ਨਾਲ ਉਹ) ਸੱਚੇ ਪ੍ਰਭੂ ਵਿਚ ਲੀਨ ਰਹਿੰਦਾ ਹੈ।੪। (ਹੇ ਭਾਈ! ਜਿਸ ਮਨੁੱਖ ਨੇ) ਗੁਰੂ ਤੋਂ ਬ੍ਰਹਮ ਗਿਆਨ ਤੇ ਨਾਮ ਰਤਨ ਪਾਇਆ ਹੈ। (ਉਹ ਮਨ ਦੀ) ਵਾਸ਼ਨਾ ਮਾਰ ਕੇ ਮਨ ਵਿਚ ਵਸਦੇ ਪ੍ਰਭੂ ਵਿਚ ਲੀਨ ਹੋ ਗਿਆ ਹੈ। (ਉਸ ਨੂੰ) ਪ੍ਰਭੂ ਆਪ ਹੀ ਇਹ ਸਮਝ ਬਖਸ਼ ਦੇਂਦਾ ਹੈ ਕਿ ਸਾਰੇ ਖੇਲ ਕਰਤਾਰ ਆਪ ਹੀ ਕਰਦਾ ਹੈ।੫। (ਹੇ ਭਾਈ! ਜਿਹੜਾ ਮਨੁੱਖ) ਆਪਾ ਭਾਵ ਗਵਾ ਕੇ ਸਤਿਗੁਰੂ ਦੀ ਸੇਵਾ ਕਰਦਾ ਹੈ। (ਉਹ ਗੁਰੂ ਦੇ) ਸ਼ਬਦ ਦੁਆਰਾ ਪਿਆਰੇ ਪ੍ਰਭੂ ਨੂੰ ਮਿਲ ਕੇ ਸੁਖ ਪਾਉਂਦਾ ਹੈ। (ਕਿਉਂਕਿ ਉਸ ਦੇ) ਹਿਰਦੇ ਅੰਦਰ ਪ੍ਰਭੂ ਦਾ ਪਿਆਰ ਪੈਦਾ ਹੋ ਜਾਂਦਾ ਹੈ, (ਉਹ) ਭਗਤੀ ਵਿਚ ਰੰਗਿਆ ਰਹਿੰਦਾ ਹੈ ਅਤੇ ਨਿਰਯਤਨ ਹੀ (ਉਸ ਦੀ) ਪ੍ਰਭੂ ਨਾਲ ਪ੍ਰੀਤ ਬਣ ਆਈ ਹੈ।੬।

ਪਦਾਰਥ = ਹੁਕਮੀ–ਹੁਕਮ ਅਨੁਸਾਰ; ਪ੍ਰਭੂ ਨੇ। ਸਹਜੇ–ਸੁਭਾਵਕ ਹੀ। ਉਪਾਈ–ਪੈਦਾ ਕੀਤੀ। ਕਰਿ ਕਰਿ–ਕਰ ਕਰਕੇ। ਆਪੇ–ਆਪ ਹੀ। ਹੁਕਮੇ–ਹੁਕਮ ਅਨੁਸਾਰ। ਰਹਿਆ ਸਮਾਈ–ਵਿਆਪਕ ਹੋ ਰਿਹਾ ਹੈ।੧। ਗੁਬਾਰਾ–ਹਨ੍ਹੇਰਾ। ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਬੂਝੈ–ਸਮਝਦਾ ਹੈ। ਕੋ–ਕੋਈ। ਨਦਰਿ–ਮੇਹਰ ਦੀ ਨਜਰ। ਸੋ–ਉਹ (ਮਨੁੱਖ)। ਪਾਏ–ਪ੍ਰਾਪਤ ਕਰਦਾ ਹੈ। ਮੇਲਿ

ਮਿਲਾ ਕੇ। ਮਿਲਾਈ ਹੇ–ਮਿਲਾ ਲੈਂਦਾ ਹੈ।੨। ਦੇ–ਦੇਂਦਾ ਹੈ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਮਨਮੁਖਿ–ਮਨ ਦੇ ਮਗਰ ਤੁਰਨ ਵਾਲੀ ਦੁਨੀਆਂ। ਫਿਰੈ ਬਿਲਲਾਦੀ–ਵਿਰਲਾਪ ਕਰਦੀ (ਰੋਂਦੀ) ਫਿਰਦੀ ਹੈ। ਦੂਜੈ ਭਾਇ–ਪ੍ਰਭੂ ਤੋਂ ਬਿਨਾ ਕਿਸੇ ਦੂਜੇ ਦੇ ਪਿਆਰ ਵਿਚ। ਖੁਆਈ ਹੇ–ਭੁਲਾਈ ਹੋਈ ਹੈ।੩। ਵਿਚੇ–(ਦੁਨੀਆਂ) ਵਿਚ। ਪਾਈ–ਪਾ ਦਿਤੀ। ਮਨਮੁਖ–ਮਨਮੁਖਾਂ ਨੇ। ਪਤਿ–ਇੱਜਤ। ਗਵਾਈ–ਗਵਾ ਲਈ ਹੈ। ਨਾਇ–ਨਾਮ ਵਿਚ। ਰਾਚੈ–ਮਗਨ ਰਹਿੰਦਾ ਹੈ। ਸਾਚੈ–ਸੱਚੇ ਪ੍ਰਭੂ ਵਿਚ। ਰਹਿਆ ਸਮਾਈ ਹੇ–ਲੀਨ ਰਹਿੰਦਾ ਹੈ।੪। ਗੁਰ ਤੇ–ਗੁਰੂ ਤੋਂ। ਮਨਸਾ–ਵਾਸ਼ਨਾ; ਮਨ ਦੇ ਫੁਰਨੇ। ਮਾਰਿ–ਮਾਰ ਕੇ। ਮਨ ਮਾਹਿ–ਮਨ ਵਿਚ। ਸਮਾਇਆ–ਲੀਨ ਹੋ ਗਿਆ। ਕਰਤਾ–ਰਚਨਹਾਰ ਪ੍ਰਭੂ। ਦੇਇ ਬੁਝਾਈ ਹੇ–ਸਮਝਾ ਦੇਂਦਾ ਹੈ।੫। ਆਪੁ–ਆਪਾ ਭਾਵ (ਹੰਕਾਰ)। ਮਿਲਿ–ਮਿਲ ਕੇ। ਪ੍ਰੀਤਮ–ਪ੍ਰਭੂ। ਸਬਦਿ–ਸ਼ਬਦ ਰਾਹੀਂ। ਅੰਤਰਿ–ਹਿਰਦੇ ਅੰਦਰ। ਰਾਤਾ–ਰੰਗਿਆ ਰਹਿੰਦਾ ਹੈ। ਸਹਜਿ ਮਤੇ–ਨਿਰਯਤਨ ਹੀ; ਸੁਭਾਵਕ ਹੀ।੬।

ਦੂਖ ਨਿਵਾਰਣੁ ਗੁਰ ਤੇ ਜਾਤਾ ॥ ਆਪਿ ਮਿਲਿਆ ਜਗਜੀਵਨੁ ਦਾਤਾ ॥ ਜਿਸ ਨੋ ਲਾਏ ਸੋਈ ਬੂਝੈ, ਭਉ ਭਰਮੁ ਸਰੀਰਹੁ ਜਾਈ ਹੇ ॥੭॥ ਆਪੇ ਗੁਰਮੁਖਿ ਆਪੇ ਦੇਵੈ ॥ ਸਚੈ ਸਬਦਿ ਸਤਿਗੁਰੁ ਸੇਵੈ ॥ ਜਰਾ ਜਮੁ ਤਿਸੁ ਜੋਹਿ ਨ ਸਾਕੈ, ਸਾਚੇ ਸਿਉ ਬਣਿ ਆਈ ਹੇ ॥੮॥ ਤ੍ਰਿਸਨਾ ਅਗਨਿ ਜਲੈ ਸੰਸਾਰਾ ॥ ਜਲਿ ਜਲਿ ਖਪੈ ਬਹੁਤੁ ਵਿਕਾਰਾ ॥ ਮਨਮੁਖੁ ਠਉਰੁ ਨ ਪਾਏ ਕਬਹੂ ,ਸਤਿਗੁਰ ਬੂਝ ਬੁਝਾਈ ਹੇ ॥੯॥ ਸਤਿਗੁਰੁ ਸੇਵਨਿ ਸੇ ਵਡਭਾਗੀ ॥ ਸਾਚੈ ਨਾਮਿ ਸਦਾ ਲਿਵ ਲਾਗੀ ॥ ਅੰਤਰਿ ਨਾਮੁ ਰਵਿਆ ਨਿਹਕੇਵਲੁ ,ਤ੍ਰਿਸਨਾ ਸਬਦਿ ਬੁਝਾਈ ਹੇ ॥੧੦॥ ਸਚਾ ਸਬਦੁ ਸਚੀ ਹੈ ਬਾਣੀ ॥ ਗੁਰਮੁਖਿ ਵਿਰਲੈ ਕਿਨੈ ਪਛਾਣੀ ॥ ਸਚੈ ਸਬਦਿ ਰਤੇ ਬੈਰਾਗੀ, ਆਵਣੁ ਜਾਣੁ ਰਹਾਈ ਹੇ ॥੧੧॥ (ਹੇ ਭਾਈ! ਜਿਸ ਮਨੁੱਖ ਨੇ) ਦੁੱਖ ਦੂਰ ਕਰਨ ਵਾਲੇ ਪ੍ਰਭੂ ਨੂੰ ਗੁਰੂ ਤੋਂ ਜਾਣਿਆ ਹੈ। (ਉਸ ਨੂੰ) ਜਗਤ ਨੂੰ ਜੀਵਨ ਦੇਣ ਵਾਲਾ ਦਾਤਾ ਆਪ ਹੀ ਆ ਮਿਲਿਆ ਹੈ। ਜਿਸ ਮਨੁੱਖ ਨੂੰ (ਪ੍ਰਭੂ ਨਾਮ ਸਿਮਰਨ ਵਿਚ) ਲਾ ਦਿੰਦਾ ਹੈ, ਉਹ ਹੀ (ਪ੍ਰਮਾਰਥ ਨੂੰ) ਸਮਝਦਾ ਹੈ, (ਉਸ ਦੇ) ਸਰੀਰ ਵਿਚੋਂ ਡਰ ਤੇ ਭਰਮ ਦੂਰ ਹੋ ਜਾਂਦਾ ਹੈ।੭। (ਹੇ ਭਾਈ! ਜਿਸ ਮਨੁੱਖ ਨੂੰ) ਪ੍ਰਭੂ ਆਪ ਹੀ ਗੁਰਮੁਖਾਂ ਦੀ ਸੰਗਤ ਕਰਨ ਦੀ ਦਾਤ ਦੇਂਦਾ ਹੈ। (ਉਹ) ਸੱਚੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਸਤਿਗੁਰੂ ਦੀ ਸੇਵਾ ਕਰਦਾ ਹੈ। ਉਸ ਨੂੰ ਬੁੱਢੇਪਾ ਤੇ ਜਮ ਦੇਖ ਵੀ ਨਹੀਂ ਸਕਦੇ, (ਕਿਉਂਕਿ ਉਸ ਦੀ) ਸੱਚੇ ਪ੍ਰਭੂ ਨਾਲ ਪ੍ਰੀਤੀ ਬਣ ਆਈ ਹੈ।੮। (ਹੇ ਭਾਈ! ਸਾਰਾ) ਸੰਸਾਰ ਤ੍ਰਿਸ਼ਨਾ ਦੀ ਅੱਗ ਵਿਚ ਜਲ ਰਿਹਾ ਹੈ। (ਜਗਤ) ਬਹੁਤ ਸਾਰੇ ਵਿਕਾਰਾਂ ਵਿਚ ਜਲ ਜਲ ਕੇ ਨਾਸ਼ ਹੁੰਦਾ ਹੈ। ਮਨਮੁਖ ਕਦੇ ਵੀ (ਇਸ ਅੱਗ ਤੋਂ ਬਚਣ ਦਾ) ਟਿਕਾਣਾ ਪ੍ਰਾਪਤ ਨਹੀਂ ਕਰ ਸਕਦਾ, ਸਤਗੁਰੂ ਨੇ (ਗੁਰਮੁਖਾਂ ਨੂੰ ਇਸ ਅੱਗ ਤੋਂ ਬਚਣ ਦੀ) ਸਮਝ ਸਮਝਾਈ ਹੈ।੯। (ਹੇ ਭਾਈ! ਜਿਹੜੇ ਮਨੁੱਖ) ਸਤਿਗੁਰੂ ਦੀ ਸੇਵਾ ਕਰਦੇ ਹਨ, ਉਹ ਵੱਡੇ ਭਾਗਾਂ ਵਾਲੇ ਹਨ। ਸੱਚੇ ਪ੍ਰਭੂ ਦੇ ਨਾਮ ਵਿਚ (ਉਨ੍ਹਾਂ ਦੀ) ਲਿਵ ਲੱਗੀ ਰਹਿੰਦੀ ਹੈ। (ਉਨ੍ਹਾਂ ਦੇ) ਹਿਰਦੇ ਅੰਦਰ ਪ੍ਰਭੂ ਦਾ ਪਵਿਤ੍ਰ ਨਾਮ ਰਮਿਆ ਹੋਇਆ ਹੈ, (ਉਨ੍ਹਾਂ ਨੇ ਗੁਰੂ ਦੇ) ਸ਼ਬਦ ਰਾਹੀਂ ਤ੍ਰਿਸ਼ਨਾ ਦੀ ਅੱਗ ਬੁਝਾ ਲਈ ਹੈ।੧੦। (ਹੇ ਭਾਈ!) ਗੁਰੂ ਦਾ ਸ਼ਬਦ ਸੱਚਾ ਹੈ ਅਤੇ ਗੁਰੂ ਦੀ ਬਾਣੀ ਸੱਚੀ ਹੈ। ਕਿਸੇ ਵਿਰਲੇ ਗੁਰਮਖ ਨੇ (ਗੁਰੂ ਦੀ ਬਾਣੀ) ਪਛਾਣੀ ਹੈ। (ਜਿਹੜੇ ਮਨੁੱਖ) ਸੱਚੇ ਗੁਰੂ ਦੇ ਸ਼ਬਦ ਵਿਚ ਰੰਗੇ ਹੋਏ ਹਨ, ਉਹ ਅਸਲੀ ਬੈਰਾਗੀ ਹਨ, (ਅਜੇਹੇ ਬੈਰਾਗੀ ਦਾ) ਜੰਮਣਾ ਮਰਨਾ ਮੁੱਕ ਗਿਆ ਹੈ।੧੧।

ਪਦਾਰਥ = ਨਿਵਾਰਣੁ–ਦੂਰ ਕਰਨ ਵਾਲਾ। ਤੇ–ਤੋਂ; ਪਾਸੋਂ। ਜਾਤਾ–ਜਾਣਿਆ। ਜਗਜੀਵਨੁ–ਜਗਤ ਨੂੰ ਜੀਵਨ ਦੇਣ ਵਾਲਾ। ਸੋਈ–ਉਹ ਹੀ। ਬੂਝੈ–ਸਮਝਦਾ ਹੈ। ਭਉ–ਡਰ। ਸਰੀਰਹੁ–ਸਰੀਰ ਵਿਚੋਂ। ਜਾਈ ਹੇ–ਦੂਰ ਹੋ ਜਾਂਦਾ ਹੈ।੭। ਸਚੈ ਸਬਦਿ–ਸੱਚੇ ਪ੍ਰਭੂ ਦੇ ਸ਼ਬਦ ਵਿਚ ਜੁੜ ਕੇ। ਸੇਵੈ–ਸੇਵਾ ਕਰਦਾ ਹੈ। ਜਰਾ–ਬੁੱਢੇਪਾ। ਜਮੁ–ਜਮਰਾਜ। ਤਿਸੁ–ਉਸ ਨੂੰ। ਜੋਹਿ ਨ ਸਾਕੈ–ਦੇਖ ਨਹੀਂ ਸਕਦਾ। ਸਾਚੇ ਸਿਉ–ਸੱਚੇ ਪ੍ਰਭੂ ਨਾਲ। ਬਣਿ ਆਈ ਹੇ–ਪ੍ਰੀਤੀ ਬਣ ਆਈ ਹੈ।੮। ਜਲੈ–ਸੜ ਰਿਹਾ ਹੈ। ਜਲਿ ਜਲਿ–ਸੜ ਸੜ ਕੇ। ਖਪੈ–ਨਾਸ਼ ਹੁੰਦਾ ਹੈ। ਵਿਕਾਰਾ–ਵਿਕਾਰਾਂ ਵਿਚ। ਠਉਰੁ–ਥਾਂ ਟਿਕਾਣਾ। ਕਬਹੂ–ਕਦੇ ਵੀ। ਬੂਝ–ਸਮਝ। ਬੁਝਾਈ ਹੇ–ਸਮਝਾਈ ਹੈ।੯। ਸੇਵਨਿ–ਸੇਵਾ ਕਰਦੇ ਹਨ। ਸੇ–ਉਹ (ਮਨੁੱਖ)। ਸਾਚੈ ਨਾਮਿ–ਸੱਚੇ ਪ੍ਰਭੂ ਦੇ ਨਾਮ ਵਿਚ। ਅੰਤਰਿ–ਹਿਰਦੇ ਅੰਦਰ। ਰਵਿਆ–ਰਮਿਆ ਹੋਇਆ ਹੈ। ਨਿਹਕੇਵਲੁ–ਪਵਿਤ੍ਰ। ਸਬਦਿ–ਸ਼ਬਦ ਰਾਹੀਂ।੧੦। ਗੁਰਮੁਖਿ ਵਿਰਲੈ–ਵਿਰਲੇ ਗੁਰਮੁਖ ਨੇ। ਕਿਨੈ–ਕਿਸੇ ਨੇ। ਰਤੇ–ਰੰਗੇ ਹੋਏ ਹਨ। ਬੈਰਾਗੀ–ਮਾਇਆ ਦੇ ਮੋਹ ਤੋਂ ਰਹਿਤ। ਆਵਣੁ ਜਾਣੁ–ਜੰਮਣਾ ਮਰਨਾ। ਰਹਾਈ ਹੇ–ਮੁੱਕ ਗਿਆ ਹੈ।੧੧।

ਸਬਦੁ ਬੁਝੈ ਸੋ ਮੈਲੁ ਚੁਕਾਏ ॥ ਨਿਰਮਲ ਨਾਮੁ ਵਸੈ ਮਨਿ ਆਏ ॥ ਸਤਿਗੁਰੁ ਅਪਣਾ ਸਦ ਹੀ ਸੇਵਹਿ, ਹਉਮੈ ਵਿਚਹੁ ਜਾਈ ਹੇ ॥੧੨॥ ਗੁਰ ਤੇ ਬੂਝੈ ਤਾ ਦਰੁ ਸੂਝੈ ॥ ਨਾਮ ਵਿਹੂਣਾ ਕਥਿ ਕਥਿ ਲੂਝੈ ॥ ਸਤਿਗੁਰ ਸੇਵੇ ਕੀ ਵਡਿਆਈ, ਤ੍ਰਿਸਨਾ ਭੂਖ ਗਵਾਈ ਹੇ ॥੧੩॥ ਆਪੇ ਆਪਿ ਮਿਲੈ ਤਾ ਬੂਝੈ ॥ ਗਿਆਨ ਵਿਹੂਣਾ ਕਿਛੂ ਨ ਸੂਝੈ ॥ ਗੁਰ ਕੀ ਦਾਤਿ ਸਦਾ ਮਨ ਅੰਤਰਿ, ਬਾਣੀ ਸਬਦਿ ਵਜਾਈ ਹੇ ॥੧੪॥ ਜੋ ਧੁਰਿ ਲਿਖਿਆ, ਸੁ ਕਰਮ ਕਮਾਇਆ ॥ ਕੋਇ ਨ ਮੇਟੈ ਧੁਰਿ ਫੁਰਮਾਇਆ ॥ ਸਤਸੰਗਤਿ ਮਹਿ ਤਿਨਹੀ ਵਾਸਾ, ਜਿਨ ਕਉ ਧੁਰਿ ਲਿਖਿ ਪਾਈ ਹੇ ॥੧੫॥ ਅਪਣੀ ਨਦਰਿ ਕਰੇ ਸੋ ਪਾਏ ॥ ਸਚੈ ਸਬਦਿ ਤਾੜੀ ਚਿਤੁ ਲਾਏ ॥ ਨਾਨਕ ਦਾਸੁ ਕਹੈ ਬੇਨੰਤੀ, ਭੀਖਿਆ ਨਾਮੁ ਦਰਿ ਪਾਈ ਹੇ ॥੧੬॥੧॥ (ਹੇ ਭਾਈ! ਜਿਹੜਾ ਮਨੁੱਖ ਗੁਰੂ ਦੇ) ਉਪਦੇਸ਼ ਨੂੰ ਸਮਝ ਲੈਂਦਾ ਹੈ ,ਉਹ (ਅਪਣੇ ਅੰਦਰੋਂ ਵਿਕਾਰਾਂ ਦੀ) ਮੈਲ ਦੂਰ ਕਰ ਲੈਂਦਾ ਹੈ। (ਉਸ ਦੇ) ਮਨ ਵਿਚ ਪ੍ਰਭੂ ਦਾ ਪਵਿਤ੍ਰ ਨਾਮ ਆ ਵਸਦਾ ਹੈ। (ਜਿਹੜੇ

ਮਨੁੱਖ) ਸਦਾ ਅਪਣੇ ਸਤਿਗੁਰੂ ਦੀ ਸੇਵਾ ਕਰਦੇ ਹਨ, (ਉਨ੍ਹਾਂ ਦੇ) ਮਨ ਵਿਚੋਂ ਹਉਮੈ ਦੂਰ ਹੋ ਜਾਂਦੀ ਹੈ।੧੨।(ਹੇ ਭਾਈ! ਜਦੋਂ ਮਨੁੱਖ ਅਪਣੇ ਆਪ ਦਾ ਸੁਧਾਰ ਕਰਨ ਲਈ) ਗੁਰੂ ਤੋਂ ਉਪਦੇਸ਼ ਸਮਝ ਲੈਂਦਾ ਹੈ, ਤਾਂ (ਉਸ ਨੂੰ) ਪ੍ਰਭੂ ਦਾ ਦਰ ਦਿਸ ਪੈਂਦਾ ਹੈ। ਨਾਮ ਵਿਹੂਣਾ ਮਨੁੱਖ ਫਜੂਲ ਦੀਆਂ ਗੱਲਾਂ ਕਰ ਕਰਕੇ ਝਗੜਦਾ ਰਹਿੰਦਾ ਹੈ।ਸਤਿਗੁਰੂ ਦੀ ਸੇਵਾ ਕਰਨ ਦੀ ਇਹ ਵਡਿਆਈ ਹੈ, (ਕਿ ਮਨੁੱਖ ਅਪਣੇ ਅੰਦਰੋਂ) ਮਾਇਆ ਦੀ ਤ੍ਰਿਸ਼ਨਾ ਤੇ ਪਦਾਰਥਾਂ ਦੀ ਭੁੱਖ ਦੂਰ ਕਰ ਲੈਂਦਾ ਹੈ।੧੩।(ਹੇ ਭਾਈ! ਜਦ ਮਨੁੱਖ) ਆਪਣੇ ਆਪ ਨੂੰ ਸਮਝ ਲੈਂਦਾ ਹੈ, ਤਾਂ (ਉਸ ਨੂੰ) ਪ੍ਰਭੂ ਮਿਲ ਪੈਂਦਾ ਹੈ।(ਜੋ ਮਨੁੱਖ) ਗਿਆਨ ਵਿਹੂਣਾ ਹੈ, (ਉਸ ਨੂੰ) ਕੁਛ ਨਹੀਂ ਸੁੱਝਦਾ।(ਜਿਸ ਮਨੁੱਖ ਦੇ) ਮਨ ਅੰਦਰ ਗੁਰੂ ਦੀ ਬਖਸ਼ੀ ਸਿੱਖਿਆ ਦੀ ਦਾਤ ਹੈ, (ਉਹ ਗੁਰੂ ਦੇ) ਸ਼ਬਦ ਵਿਚ ਜੁੜ ਕੇ ਬਾਣੀ ਉਚਾਰਦਾ ਰਹਿੰਦਾ ਹੈ।੧੪।(ਹੇ ਭਾਈ! ਮਨੁੱਖ ਦੇ ਵਸ ਵਿਚ ਕੁਛ ਨਹੀਂ, ਇਸ ਦੇ) ਮੱਥੇ ਤੇ ਧੁਰ ਤੋਂ ਜੋ ਪ੍ਰਭੂ ਨੇ ਲਿਖਿਆ ਹੈ, (ਇਸ ਨੇ) ਉਹ ਹੀ ਕਰਮ ਕਮਾਇਆ ਹੈ।ਧੁਰ ਤੋਂ ਹੋਏ ਫੁਰਮਾਨ ਨੂੰ ਕੋਈ ਜੀਵ ਮਿਟਾ ਨਹੀਂ ਸਕਦਾ।ਸਤਸੰਗਤ ਵਿਚ ਉਨ੍ਹਾਂ ਪੁਰਖਾਂ ਦਾ ਹੀ ਨਿਵਾਸ ਹੁੰਦਾ ਹੈ, ਜਿਨ੍ਹਾਂ ਦੇ ਮੱਥੇ ਉਤੇ ਧੁਰ ਤੋਂ ਲਿਖਤ ਲਿਖ ਕੇ ਪਾਈ ਹੁੰਦੀ ਹੈ।੧੫।(ਹੇ ਭਾਈ! ਜਿਸ ਮਨੁੱਖ ਉਤੇ) ਪ੍ਰਭੂ ਅਪਣੀ ਮੇਹਰ ਦੀ ਨਜਰ ਕਰਦਾ ਹੈ, ਉਹ (ਗੁਰੂ ਦੀ ਸੰਗਤ) ਪ੍ਰਾਪਤ ਕਰਦਾ ਹੈ।ਉਹ ਸੱਚੇ ਗੁਰੂ ਦੇ ਸ਼ਬਦ ਵਿਚ ਚਿੱਤ ਜੋੜ ਕੇ ਸਮਾਧੀ ਲਾਉਂਦਾ ਹੈ।ਦਾਸ ਨਾਨਕ ਬੇਨਤੀ ਆਖਦਾ ਹੈ ਕਿ (ਉਸ ਮਨੁੱਖ ਨੇ ਗੁਰੂ ਦੀ) ਸਤਸੰਗਤ ਵਿਚ ਟਿਕ ਕੇ ਨਾਮ ਰੂਪ ਭਿੱਖਿਆ ਪ੍ਰਾਪਤ ਕੀਤੀ ਹੈ।੧੬।੧।

ਪਦਾਰਥ = ਬੁਝੈ–ਸਮਝਦਾ ਹੈ।ਸੋ–ਉਹ (ਮਨੁੱਖ)।ਚੁਕਾਏ–ਦੂਰ ਕਰ ਲੈਂਦਾ ਹੈ।ਨਿਰਮਲ–ਪਵਿਤ੍ਰ।ਮਨਿ–ਮਨ ਵਿਚ।ਸਦ ਹੀ –ਸਦਾ ਹੀ।ਸੇਵਹਿ–ਸੇਵਾ ਕਰਦੇ ਹਨ।ਵਿਚਹੁ–ਮਨ ਵਿਚੋਂ।ਜਾਈ ਹੇ–ਦੂਰ ਹੋ ਜਾਂਦੀ ਹੈ।੧੨।ਤੇ–ਤੋਂ।ਤਾ–ਤਾਂ।ਦਰੁ–ਦਰਵਾਜਾ; ਗਿਆਨ; ਸਤਸੰਗਤ।ਸੂਝੈ–ਦਿਸ ਪੈਂਦਾ ਹੈ।ਕਥਿ ਕਥਿ–ਗੱਲਾਂ ਕਰ ਕਰਕੇ।ਲੂਝੈ–ਝਗੜਦਾ ਹੈ।ਗਵਾਈ ਹੈ–ਦੂਰ ਕਰ ਲੈਂਦਾ ਹੈ ।੧੩।ਆਪੇ ਆਪਿ–ਅਪਣੇ ਆਪ ਨੂੰ।ਵਿਹੂਣਾ–ਖਾਲੀ।ਅੰਤਰਿ–ਅੰਦਰ।ਸਬਦਿ–ਸ਼ਬਦ ਰਾਹੀਂ।ਵਜਾਈ ਹੇ–ਉਚਾਰਦਾ ਹੈ।੧੪। ਧੁਰਿ–ਧੁਰ (ਪ੍ਰਭੂ ਦੀ ਹਜੂਰੀ) ਤੋਂ।ਸੁ–ਉਹ।ਫੁਰਮਾਇਆ–ਫੁਰਮਾਨ।ਮਹਿ–ਵਿਚ।ਤਿਨ ਹੀ–ਉਨ੍ਹਾਂ ਦਾ ਹੀ।ਵਾਸਾ–ਨਿਵਾਸ।ਜਿਨ ਕਉ–ਜਿਨ੍ਹਾਂ ਨੂੰ।ਲਿਖਿ–ਲਿਖ ਕੇ।੧੫।ਨਦਰਿ–ਮੇਹਰ ਦੀ ਨਜਰ।ਕਰੇ–ਕਰਦਾ ਹੈ।ਪਾਏ–ਪ੍ਰਾਪਤ ਕਰਦਾ ਹੈ।ਸਚੈ–ਸੱਚੇ ਗੁਰੂ ਦੇ ।ਤਾੜੀ–ਸਮਾਧੀ।ਦਰਿ–ਸਤਸੰਗਤ ਵਿਚ (ਟਿਕ ਕੇ)।ਪਾਈ ਹੇ–ਪ੍ਰਾਪਤ ਕੀਤੀ ਹੈ।੧੬।੧।

ਮਾਰੂ ਮਹਲਾ ੩ ॥ ਏਕੋ ਏਕੁ ਵਰਤੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥ ਏਕੋ ਰਵਿ ਰਹਿਆ ਸਭ ਅੰਤਰਿ, ਤਿਸੁ ਬਿਨੁ ਅਵਰੁ ਨ ਕੋਈ ਹੇ ॥੧॥ (ਹੇ ਭਾਈ!) ਉਹ ਇਕੋ ਇਕ ਪ੍ਰਭੂ ਹੀ ਸਭ ਜਗ੍ਹਾ ਵਰਤ ਰਿਹਾ ਹੈ।(ਪਰ ਇਸ ਭੇਦ ਨੂੰ) ਕੋਈ ਵਿਰਲਾ ਗੁਰਮੁਖ ਸਮਝਦਾ ਹੈ।ਇਕੋ ਪ੍ਰਭੂ ਸਭ ਜੀਵਾਂ ਦੇ ਅੰਦਰ ਵਿਆਪਕ ਹੈ, ਉਸ ਪ੍ਰਭੂ ਤੋਂ ਬਿਨਾ ਹੋਰ ਦੂਜਾ ਕੋਈ ਨਹੀਂ ਹੈ।੧।

ਅੰਗ ੧੦੪੫ = ਲਖ ਚਉਰਾਸੀਹ ਜੀਅ ਉਪਾਏ ॥ ਗਿਆਨੀ ਧਿਆਨੀ ਆਖਿ ਸੁਣਾਏ ॥ ਸਭਨਾ ਰਿਜਕੁ ਸਮਾਹੇ ਆਪੇ, ਕੀਮਤਿ ਹੋਰ ਨ ਹੋਈ ਹੇ ॥੨॥ ਮਾਇਆ ਮੋਹੁ ਅੰਧੁ ਅੰਧਾਰਾ ॥ ਹਉਮੈ ਮੇਰਾ ਪਸਰਿਆ ਪਾਸਾਰਾ ॥ ਅਨਦਿਨੁ ਜਲਤ ਰਹੈ ਦਿਨੁ ਰਾਤੀ, ਗੁਰ ਬਿਨੁ ਸਾਂਤਿ ਨ ਹੋਈ ਹੇ ॥੩॥ ਆਪੇ ਜੋੜਿ ਵਿਛੋੜੇ ਆਪੇ ॥ ਆਪੇ ਥਾਪਿ ਉਥਾਪੇ ਆਪੇ ॥ ਸਚਾ ਹੁਕਮੁ ਸਚਾ ਪਾਸਾਰਾ, ਹੋਰਨਿ ਹੁਕਮੁ ਨ ਹੋਈ ਹੇ ॥੪॥ ਆਪੇ ਲਾਇ ਲਏ ਸੋ ਲਾਗੈ ॥ ਗੁਰ ਪਰਸਾਦੀ ਜਮ ਕਾ ਭਉ ਭਾਗੈ ॥ ਅੰਤਰਿ ਸਬਦੁ ਸਦਾ ਸੁਖ ਦਾਤਾ, ਗੁਰਮੁਖਿ ਬੂਝੈ ਕੋਈ ਹੇ ॥੫॥ ਆਪੇ ਮੇਲੇ ਮੇਲਿ ਮਿਲਾਏ ॥ ਪੁਰਬਿ ਲਿਖਿਆ ਸੋ ਮੇਟਣਾ ਨ ਜਾਏ ॥ ਅਨਦਿਨੁ ਭਗਤਿ ਕਰੇ ਦਿਨੁ ਰਾਤੀ, ਗੁਰਮੁਖਿ ਸੇਵਾ ਹੋਈ ਹੇ ॥੬॥ (ਹੇ ਭਾਈ! ਪ੍ਰਭੂ ਨੇ) ਚੁਰਾਸੀ ਲੱਖ ਜੀਵ ਪੈਦਾ ਕੀਤੇ ਹਨ।ਗਿਆਨਵਾਨ ਤੇ ਧਿਆਨ ਲਾਉਣ ਵਾਲੇ ਪੁਰਖ ਵੀ (ਇਹੋ ਗੱਲ) ਆਖ ਕੇ ਸੁਣਾਉਂਦੇ ਹਨ।ਸਾਰੇ ਜੀਵਾਂ ਨੂੰ ਪ੍ਰਭੂ ਆਪ ਹੀ ਰਿਜਕ ਪਹੁੰਚਾਉਂਦਾ ਹੈ, (ਜੀਵਾਂ ਦੀ ਜੋ) ਕਦਰ ਪ੍ਰਭੂ ਕਰਦਾ ਹੈ, (ਉਹ) ਹੋਰ ਕਿਸੇ ਪਾਸੋਂ ਨਹੀਂ ਹੋ ਸਕਦੀ।੨।(ਹੇ ਭਾਈ! ਸੰਸਾਰ ਵਿਚ) ਮਾਇਆ ਦਾ ਮੋਹ ਪਸਰਿਆ ਹੋਇਆ ਹੈ, (ਇਸ ਮੋਹ ਕਰਕੇ ਸਾਰੇ ਪਾਸੇ) ਘੁੱਪ ਹਨ੍ਹੇਰਾ ਛਾਇਆ ਹੋਇਆ ਹੈ।(ਸਾਰੇ ਪਾਸੇ) ਹਉਮੈ ਤੇ ਮਮਤਾ ਦਾ ਪਸਾਰਾ ਪਸਰਿਆ ਹੋਇਆ ਹੈ।ਜਗਤ ਦਿਨ ਰਾਤ ਹਰ ਰੋਜ ਤ੍ਰਿਸ਼ਨਾ ਦੀ ਅੱਗ ਵਿਚ ਜਲ ਰਿਹਾ ਹੈ, (ਪਰ) ਗੁਰੂ ਦੀ ਸ਼ਰਨ ਵਿਚ ਪਏ ਤੋਂ ਬਿਨਾ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ।੩।(ਹੇ ਭਾਈ!) ਪ੍ਰਭੂ ਆਪ ਹੀ ਜੀਵਾਂ ਨੂੰ ਆਪਸ ਵਿਚ ਜੋੜਦਾ ਹੈ ਅਤੇ ਉਹ ਆਪ ਹੀ (ਜੀਵਾਂ ਨੂੰ ਇਕ ਦੂਜੇ ਤੋਂ) ਵਿਛੋੜਦਾ ਹੈ।ਪ੍ਰਭੂ ਆਪ ਹੀ ਜਗਤ ਨੂੰ ਪੈਦਾ ਕਰਦਾ ਹੈ ਅਤੇ ਉਹ ਆਪ ਹੀ (ਜਗਤ ਨੂੰ) ਨਾਸ਼ ਕਰਦਾ ਹੈ।ਪ੍ਰਭੂ ਦਾ ਹੁਕਮ ਸੱਚਾ ਹੈ, (ਉਸ ਦੇ ਹੁਕਮ ਤੋਂ ਪੈਦਾ ਹੋਇਆ) ਜਗਤ ਪਸਾਰਾ ਵੀ ਸੱਚਾ ਹੈ, (ਇਹੋ ਜਿਹਾ) ਹੁਕਮ ਹੋਰ ਕਿਸੇ ਤੋਂ ਨਹੀਂ ਹੋ ਸਕਦਾ; (ਪ੍ਰਭੂ ਉਤੇ) ਕਿਸੇ ਹੋਰ ਦਾ ਹੁਕਮ ਨਹੀਂ ਹੋ ਸਕਦਾ (ਸੰ.ਸ.;ਫ.ਸ.)।੪।(ਹੇ ਭਾਈ! ਜਿਸ ਮਨੁੱਖ ਨੂੰ) ਪ੍ਰਭੂ ਆਪ (ਚੰਗੇ ਵਿਚਾਰਾਂ; ਨਾਮ ਸਿਮਰਨ; ਚਰਨਾਂ ਵਿਚ) ਲਾ ਲੈਂਦਾ ਹੈ, ਉਹ ਹੀ ਲਗਦਾ ਹੈ।ਗੁਰੂ ਦੀ ਕਿਰਪਾ ਨਾਲ (ਉਸ ਦੇ ਅੰਦਰੋਂ) ਜਮਾਂ ਦਾ ਡਰ ਦੌੜ ਜਾਂਦਾ ਹੈ।(ਉਸ ਦੇ) ਹਿਰਦੇ ਅੰਦਰ ਗੁਰੂ ਦਾ ਸ਼ਬਦ ਵਸ ਜਾਂਦਾ ਹੈ, ਜੋ ਸਦਾ ਸੁਖ ਦੇਣ ਵਾਲਾ ਹੈ, (ਪਰ ਇਸ ਗੱਲ ਨੂੰ) ਕੋਈ ਗੁਰਮੁਖ ਹੀ ਸਮਝਦਾ ਹੈ।੫।(ਹੇ ਭਾਈ!) ਪ੍ਰਭੂ ਆਪ ਹੀ (ਮਨੁੱਖ ਨੂੰ ਉਸ ਦੇ

ਪੂਰਬਲੇ ਕਰਮਾਂ ਅਨੁਸਾਰ) ਗੁਰੂ ਨਾਲ ਮਿਲਾ ਕੇ ਅਪਣੇ ਨਾਲ ਮਿਲਾਉਂਦਾ ਹੈ। ਪਹਿਲੇ ਜਨਮਾਂ ਵਿਚ ਕੀਤੇ ਕਰਮਾਂ ਦਾ ਜੋ ਲੇਖ (ਮਨੁੱਖ ਦੇ ਮੱਥੇ ਉਤੇ) ਲਿਖਿਆ ਹੋਇਆ ਹੈ, ਉਹ ਮਿਟਾਇਆ ਨਹੀਂ ਜਾ ਸਕਦਾ। (ਗੁਰਮੁਖ) ਹਰ ਰੋਜ ਪ੍ਰਭੂ ਦੀ ਭਗਤੀ ਕਰਦਾ ਹੈ, (ਉਸ ਤੋਂ ਇਹ) ਸੇਵਾ ਭਗਤੀ ਗੁਰੂ ਦੀ ਸ਼ਰਨ ਵਿਚ ਪੈ ਕੇ ਹੋਈ ਹੈ।੬।

ਪਦਾਰਥ = ਏਕੋ ਇਕੁ-ਇਕੋ ਇਕ ਪ੍ਰਭੂ। ਵਰਤੈ-ਵਰਤ ਰਿਹਾ ਹੈ। ਸੋਈ-ਉਹ ਹੀ। ਗੁਰਮੁਖਿ-ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਰਵਿ ਰਹਿਆ-ਵਿਆਪਕ ਹੈ। ਅੰਤਰਿ-ਅੰਦਰ। ਅਵਰੁ-ਹੋਰ ਦੂਜਾ।੧। ਜੀਅ-ਜੀਵ। ਉਪਾਏ-ਪੈਦਾ ਕੀਤੇ ਹਨ। ਆਖਿ-ਆਖ ਕੇ। ਸਭਨਾ-ਸਾਰੇ ਜੀਵਾਂ ਨੂੰ। ਸਮਾਹੇ-ਪਹੁੰਚਾਉਂਦਾ ਹੈ। ਆਪੇ-ਆਪ ਹੀ। ਕੀਮਤਿ-ਕਦਰ।੨। ਅੰਧੁ ਅੰਧਾਰਾ-ਘੁੱਪ ਹਨ੍ਹੇਰਾ। ਮੇਰਾ-ਮਮਤਾ। ਅਨਦਿਨੁ-ਹਰ ਰੋਜ। ਜਲਤ ਰਹੈ-ਸੜ ਰਿਹਾ ਹੈ। ਰਾਤੀ-ਰਾਤ।੩। ਥਾਪਿ-ਪੈਦਾ ਕਰਦਾ ਹੈ। ਉਥਾਪੇ-ਨਾਸ਼ ਕਰਦਾ ਹੈ। ਸਚਾ-ਸਦਾ ਕਾਇਮ ਰਹਿਣ ਵਾਲਾ (ਅਟੱਲ)। ਹੋਰਨਿ-ਕਿਸੇ ਹੋਰ ਤੋਂ।੪। ਸੋ-ਉਹ। ਗੁਰ ਪਰਸਾਦੀ-ਗੁਰੂ ਦੀ ਕ੍ਰਿਪਾ ਨਾਲ।੫। ਮੇਲਿ-ਮਿਲਾ ਕੇ। ਪੁਰਬਿ-ਪਹਿਲਾ ਜਨਮਾਂ ਵਿਚ। ਸੋ-ਉਹ। ਗੁਰਮੁਖਿ-ਗੁਰੂ ਦੀ ਸ਼ਰਨ ਵਿਚ ਪੈ ਕੇ।੬।

ਸਤਿਗੁਰੁ ਸੇਵਿ ਸਦਾ ਸੁਖੁ ਜਾਤਾ ॥ ਆਪੇ ਆਇ ਮਿਲਿਆ ਸਭਨਾ ਕਾ ਦਾਤਾ ॥ ਹਉਮੈ ਮਾਰਿ ਤ੍ਰਿਸਨਾ ਅਗਨਿ ਨਿਵਾਰੀ, ਸਬਦੁ ਚੀਨਿ ਸੁਖੁ ਹੋਈ ਹੇ ॥੭॥ ਕਾਇਆ ਕੁਟੰਬੁ ਮੋਹੁ ਨ ਬੂਝੈ ॥ ਗੁਰਮੁਖਿ ਹੋਵੈ ਤਾ ਆਖੀ ਸੂਝੈ ॥ ਅਨਦਿਨੁ ਨਾਮੁ ਰਵੈ ਦਿਨੁ ਰਾਤੀ, ਮਿਲਿ ਪ੍ਰੀਤਮ ਸੁਖੁ ਹੋਈ ਹੇ ॥੮॥ ਮਨਮੁਖ ਧਾਤੁ ਦੂਜੈ ਹੈ ਲਾਗਾ ॥ ਜਨਮਤ ਕੀ ਨ ਮੂਓ ਆਭਾਗਾ ॥ ਆਵਤ ਜਾਤ ਬਿਰਥਾ ਜਨਮੁ ਗਵਾਇਆ, ਬਿਨੁ ਗੁਰ ਮੁਕਤਿ ਨ ਹੋਈ ਹੇ ॥੯॥ ਕਾਇਆ ਕੁਸੁਧੁ ਹਉਮੈ ਮਲੁ ਲਾਈ ॥ ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥ ਸਬਦਿ ਧੋਪੈ ਤਾ ਹਛੀ ਹੋਵੈ, ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥ ਪੰਚ ਦੂਤ ਕਾਇਆ ਸੰਘਾਰਹਿ ॥ ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥ ਅੰਤਰਿ ਮਾਇਆ ਮੋਹ ਗੁਬਾਰਾ, ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥ (ਹੇ ਭਾਈ! ਗੁਰੂ ਅਨੁਸਾਰੀ ਮਨੁੱਖ ਨੇ) ਸਤਗੁਰੂ ਦੀ ਸੇਵਾ ਕਰਕੇ ਸਦਾ ਆਤਮਕ ਸੁਖ ਜਾਣਿਆ ਹੈ। ਸਾਰੇ ਜੀਵਾਂ ਦਾ ਦਾਤਾ ਪ੍ਰਭੂ ਆਪ ਹੀ (ਉਸ ਨੂੰ) ਆ ਮਿਲਿਆ ਹੈ। (ਉਸ ਨੇ) ਹਉਮੈ ਨੂੰ ਮਾਰ ਕੇ ਤ੍ਰਿਸ਼ਨਾ ਦੀ ਅੱਗ ਦੂਰ ਕਰ ਦਿਤੀ ਹੈ, (ਹੇ ਭਾਈ! ਗੁਰੂ ਦੇ) ਸ਼ਬਦ ਨੂੰ ਸਮਝ ਕੇ ਹੀ ਸੁਖ ਹੁੰਦਾ ਹੈ।੭। (ਹੇ ਭਾਈ!) ਪ੍ਰਵਾਰ ਤੇ ਸਰੀਰ ਦਾ ਜੋ ਮੋਹ ਹੈ, (ਇਸ ਮੋਹ ਦੇ ਕਾਰਣ ਮਨੁੱਖ ਆਤਮਕ ਜੀਵਨ ਨੂੰ) ਸਮਝਦਾ ਨਹੀਂ। ਜੇ ਕੋਈ ਗੁਰਮੁਖ ਹੋਵੇ, ਤਾਂ ਦੈਵੀ ਅੱਖਾਂ ਨਾਲ (ਉਹ ਮੋਹ ਦੀ ਪਕੜ ਨੂੰ) ਸਮਝ ਲੈਂਦਾ ਹੈ। (ਫਿਰ ਉਹ) ਹਰ ਰੋਜ ਦਿਨ ਰਾਤ ਪ੍ਰਭੂ ਦਾ ਨਾਮ ਸਿਮਰਦਾ ਰਹਿੰਦਾ ਹੈ, (ਨਾਮ ਦੀ ਬਰਕਤ ਨਾਲ ਉਸ ਨੂੰ) ਪਿਆਰੇ ਪ੍ਰਭੂ ਨੂੰ ਮਿਲ ਕੇ ਸੁਖ ਪ੍ਰਾਪਤ ਹੋਇਆ ਹੈ।੮। (ਹੇ ਭਾਈ!) ਮਨਮੁਖ ਪ੍ਰਭੂ ਨੂੰ ਛਡ ਕੇ ਦੂਜੇ ਪਾਸੇ (ਮਾਇਆ ਵਿਚ) ਲੱਗਾ ਹੋਇਆ ਹੈ। (ਉਹ) ਭਾਗ ਹੀਣ ਮਨਮੁਖ ਜੰਮਦਾ ਹੀ ਮਰ ਕਿਉਂ ਨਹੀਂ ਗਿਆ। ਜਨਮ ਮਰਨ ਦੇ ਗੇੜ ਵਿਚ ਪੈ ਕੇ (ਉਸ ਨੇ ਅਪਣਾ ਮਨੁੱਖਾ) ਜਨਮ ਬਿਰਥਾ ਗਵਾ ਲਿਆ ਹੈ, ਗੁਰੂ ਤੋਂ ਬਿਨਾ (ਇਸ ਗੇੜ ਵਿਚੋਂ) ਮੁਕਤੀ ਪ੍ਰਾਪਤ ਨਹੀਂ ਹੋ ਸਕਦੀ।੯। (ਹੇ ਭਾਈ! ਮਨਮੁਖ ਨੇ) ਹਉਮੈ ਦੀ ਮੈਲ ਲਾਈ ਹੋਈ ਹੈ, (ਇਸ ਕਰਕੇ ਇਸ ਦਾ) ਸਰੀਰ ਅਪਵਿਤ੍ਰ ਹੈ। (ਜੇ ਅਜੇਹੇ ਸਰੀਰ ਨੂੰ ਤੀਰਥਾਂ ਉਤੇ) ਸੌ ਵਾਰੀ ਵੀ ਧੋਤਾ ਜਾਵੇ, ਤਾਂ ਵੀ (ਉਹ) ਮੈਲ ਜਾ ਨਹੀਂ ਸਕਦੀ। (ਜੇ ਮਨ ਨੂੰ) ਸ਼ਬਦ ਨਾਲ ਧੋਤਾ ਜਾਵੇ, ਤਾਂ (ਕਾਂਇਆ) ਪਵਿਤ੍ਰ ਹੋ ਜਾਂਦੀ ਹੈ, ਫਿਰ ਕਦੇ ਮੈਲੀ ਨਹੀਂ ਹੋ ਸਕਦੀ।੧੦। (ਹੇ ਭਾਈ!) ਕਾਮਾਦਿਕ ਪੰਜ ਵੈਰੀ ਇਸ ਸਰੀਰ ਨੂੰ ਨਾਸ਼ ਕਰ ਦੇਂਦੇ ਹਨ। (ਜੋ ਮਨੁੱਖ) ਗੁਰੂ ਦੇ ਸ਼ਬਦ ਨੂੰ ਨਹੀਂ ਵਿਚਾਰਦੇ, ਉਹ ਮਰ ਮਰ ਕੇ ਜੰਮਦੇ ਰਹਿੰਦੇ ਹਨ। (ਉਨ੍ਹਾਂ ਦੇ) ਅੰਦਰ ਮਾਇਆ ਦੇ ਮੋਹ ਦਾ ਹਨ੍ਹੇਰਾ ਹੈ, ਜਿਵੇਂ ਸੁਪਨੇ ਵਿਚ (ਮਨੁੱਖ ਨੂੰ ਜਾਗਣ ਵਾਲਿਆਂ ਦੀ) ਸੋਝੀ ਨਹੀਂ ਹੁੰਦੀ, (ਇਸੇ ਤਰ੍ਹਾਂ ਉਸ ਨੂੰ ਅਪਣੇ ਆਪ ਦੀ ਸੋਝੀ ਨਹੀਂ)।੧੧।

ਪਦਾਰਥ = ਸੇਵਿ-ਸੇਵਾ ਕਰਕੇ। ਜਾਤਾ-ਜਾਣਿਆ ਹੈ। ਆਪੇ-ਆਪ ਹੀ। ਮਾਰਿ-ਮਾਰ ਕੇ। ਨਿਵਾਰੀ-ਦੂਰ ਕਰ ਦਿਤੀ। ਚੀਨਿ-ਸਮਝ ਕੇ।੭। ਕਾਇਆ-ਸਰੀਰ। ਕੁਟੰਬੁ-ਪ੍ਰਵਾਰ। ਨ ਬੂਝੈ-ਸਮਝਦਾ ਨਹੀ। ਆਖੀ-ਅੱਖਾਂ ਨਾਲ। ਸੂਝੈ-ਸਮਝਦਾ ਹੈ। ਅਨਦਿਨ-ਹਰ ਰੋਜ) ਲਗਾਤਾਰ। ਰਾਤੀ-ਰਾਤ। ਰਵੈ-ਸਿਮਰਦਾ ਹੈ। ਮਿਲਿ-ਮਿਲ ਕੇ।੮। ਮਨਮੁਖ-ਮਨ ਮਰਜੀ ਅਨੁਸਾਰ ਚੱਲਣ ਵਾਲਾ ਮਨੁੱਖ। ਧਾਤੁ-ਪ੍ਰਭੂ। ਦੂਜੈ-ਦੂਜੀ ਮਾਇਆ ਵਿਚ {ਦੂਜੀ ਮਾਇਆ ਜਗਤ ਚਿਤ ਵਾਸੁ ੨੨੩}। ਜਨਮਤ-ਜੰਮਦਾ ਹੀ। ਕੀ ਨ-ਕਿਉਂ ਨਹੀਂ। ਮੂਓ-ਮਰ ਗਿਆ। ਆਭਾਗਾ-ਬਦ ਕਿਸਮਤ ਬੰਦਾ। ਆਵਤ ਜਾਤ-ਜਨਮ ਮਰਨ ਦੇ ਗੇੜ ਵਿਚ ਪੈ ਕੇ।੯। ਕਾਇਆ-ਸਰੀਰ। ਕੁਸੁਧ-ਅਪਵਿਤ੍ਰ। ਮਲੁ-ਮੈਲ। ਸਉ-ਸੌ ਵਾਰੀ। ਸਬਦਿ-ਸ਼ਬਦ ਨਾਲ। ਧੋਪੈ-ਧੋਤਾ ਜਾਵੇ। ਹਛੀ-ਪਵਿਤ੍ਰ। ਫਿਰਿ-ਮੁੜ ਕੇ। ਮੂਲਿ-ਕਦੇ ਵੀ।੧੦। ਪੰਚ ਦੂਤ-ਪੰਜ ਕਾਮਾਦਿਕ ਵੈਰੀ। ਸੰਘਾਰਹਿ-ਨਾਸ਼ ਕਰਦੇ ਹਨ। ਅੰਤਰਿ-ਅੰਦਰ। ਗੁਬਾਰਾ-ਹਨ੍ਹੇਰਾ। ਸੁਧਿ-ਸੋਝੀ।੧੧।

ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ ਸਤਿਗੁਰੁ ਆਇ ਮਿਲਿਆ ਵਡਭਾਗੇ ॥ ਅੰਤਰਿ ਸਾਚੁ ਰਵਹਿ ਰੰਗਿ ਰਾਤੇ, ਸਹਜਿ ਸਮਾਵੈ ਸੋਈ ਹੇ ॥੧੨॥ ਗੁਰ ਕੀ ਚਾਲ ਗੁਰੂ ਤੇ ਜਾਪੈ ॥ ਪੂਰਾ ਸੇਵਕੁ ਸਬਦਿ ਸਿਞਾਪੈ ॥ ਸਦਾ ਸਬਦੁ ਰਵੈ ਘਟ ਅੰਤਰਿ, ਰਸਨਾ ਰਸੁ ਚਾਖੈ ਸਚੁ ਸੋਈ ਹੇ ॥੧੩॥ ਹਉਮੈ ਮਾਰੇ ਸਬਦਿ ਨਿਵਾਰੇ ॥ ਹਰਿ ਕਾ ਨਾਮੁ ਰਖੈ ਉਰਿ ਧਾਰੇ ॥ ਏਕਸੁ ਬਿਨੁ ਹਉ ਹੋਰੁ ਨ ਜਾਣਾ, ਸਹਜੇ ਹੋਇ ਸੁ ਹੋਈ ਹੇ ॥੧੪॥ ਬਿਨੁ ਸਤਿਗੁਰ ਸਹਜੁ ਕਿਨੈ ਨਹੀ ਪਾਇਆ ॥ ਗੁਰਮੁਖਿ ਬੂਝੈ ਸਚਿ ਸਮਾਇਆ ॥ ਸਚਾ ਸੇਵਿ

ਸਬਦਿ ਸਚ ਰਾਤੇ, ਹਉਮੈ ਸਬਦੇ ਖੋਈ ਹੇ ॥੧੫॥ ਆਪੇ ਗੁਣ ਦਾਤਾ ਬੀਚਾਰੀ ॥ ਗੁਰਮੁਖਿ ਦੇਵਹਿ ਪਕੀ ਸਾਰੀ ॥ ਨਾਨਕ ਨਾਮਿ ਸਮਾਵਹਿ ਸਾਚੈ, ਸਾਚੇ ਤੇ ਪਤਿ ਹੋਈ ਹੇ ॥੧੬॥੨॥ ਕਈ ਗੁਰੂ ਅਨੁਸਾਰੀ ਮਨੁੱਖ ਪੰਜ ਕਾਮਾਦਿਕਾਂ ਨੂੰ ਮਾਰ ਕੇ ਗੁਰੂ ਦੇ ਸ਼ਬਦ ਵਿਚ ਲਗ ਗਏ ਹਨ।(ਉਨ੍ਹਾਂ) ਵੱਡੇ ਭਾਗਾਂ ਵਾਲਿਆਂ ਨੂੰ ਸਤਿਗੁਰੂ ਆ ਮਿਲਿਆ ਹੈ।(ਜੋ ਮਨੁੱਖ) ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਹੋਏ ਅਪਣੇ ਹਿਰਦੇ ਅੰਦਰ ਸੱਚੇ ਪ੍ਰਭੂ ਨੂੰ ਸਿਮਰਦੇ ਹਨ, ਉਹ ਸੁਤੇ ਸਿੱਧ ਹੀ ਪ੍ਰਭੂ ਵਿਚ ਲੀਨ ਹੋ ਜਾਂਦੇ ਹਨ।੧੨।(ਹੇ ਭਾਈ!) ਗੁਰੂ ਦੀ ਚਲਾਈ ਹੋਈ ਮਰਿਆਦਾ ਗੁਰੂ ਤੋਂ ਜਾਣੀ ਜਾਂਦੀ ਹੈ।ਗੁਰੂ ਦੇ ਸ਼ਬਦ ਵਿਚ ਜੜਿਆ ਹੋਇਆ ਮਨੁੱਖ ਪੂਰਾ ਸੇਵਕ ਪਛਾਣਿਆ ਜਾਂਦਾ ਹੈ।ਉਹ ਹੀ ਸੇਵਕ ਜੀਭ ਨਾਲ ਸੱਚੇ ਨਾਮ ਰਸ ਨੂੰ ਚੱਖਦਾ ਰਹਿੰਦਾ ਹੈ ਅਤੇ (ਅਪਣੇ) ਹਿਰਦੇ ਅੰਦਰ ਸਦਾ ਗੁਰੂ ਦੇ ਸ਼ਬਦ ਨੂੰ ਉਚਾਰਦਾ ਰਹਿੰਦਾ ਹੈ।੧੩।(ਜਿਹੜਾ ਸੇਵਕ) ਗੁਰੂ ਦੇ ਸ਼ਬਦ ਦੁਆਰਾ ਹਉਮੈ ਨੂੰ ਮਾਰ ਕੇ ਦੂਰ ਕਰ ਦਿੰਦਾ ਹੈ।(ਉਹ) ਹਰੀ ਦਾ ਨਾਮ ਹਿਰਦੇ ਵਿਚ ਧਾਰੀ ਰਖਦਾ ਹੈ।(ਉਹ ਕਹਿੰਦਾ ਹੈ ਕਿ) ਮੈਂ ਇਕ ਪ੍ਰਭੂ ਤੋਂ ਬਿਨਾ ਹੋਰ ਕਿਸੇ ਨੂੰ (ਪ੍ਰਭੂ ਵਰਗਾ) ਨਹੀਂ ਜਾਣਦਾ, (ਉਸ ਨੂੰ ਗਿਆਨ ਹੈ ਕਿ) ਜੋ ਕੁਛ ਹੁੰਦਾ ਹੈ, ਸੁਤੇ ਸਿੱਧ ਹੀ ਹੋ ਰਿਹਾ ਹੈ।੧੪।(ਹੇ ਭਾਈ!) ਸਤਿਗੁਰੂ ਤੋਂ ਬਿਨਾ ਪੂਰਨ ਗਿਆਨ ਕਿਸੇ ਨੇ ਵੀ ਨਹੀਂ ਪਾਇਆ।(ਜਿਸ ਮਨੁੱਖ ਨੇ) ਗੁਰੂ ਰਾਹੀਂ (ਗਿਆਨ ਨੂੰ) ਸਮਝਿਆ ਹੈ, (ਉਹ) ਸੱਚੇ ਪ੍ਰਭੂ ਵਿਚ ਸਮਾ ਗਿਆ ਹੈ।(ਜਿਹੜੇ ਮਨੁੱਖ) ਸੱਚੇ ਗੁਰੂ ਦੀ ਸੇਵਾ ਕਰਕੇ ਸੱਚੇ ਸ਼ਬਦ ਵਿਚ ਰੰਗੇ ਗਏ ਹਨ, (ਉਨ੍ਹਾਂ ਨੇ) ਸ਼ਬਦ ਦੁਆਰਾ ਹਉਮੈ ਦੂਰ ਕਰ ਦਿਤੀ ਹੈ।੧੫।(ਹੇ ਭਾਈ!) ਪ੍ਰਭੂ ਆਪ ਹੀ ਗੁਣਾਂ ਦਾ ਦਾਤਾ ਹੈ ਅਤੇ ਵਿਚਾਰਵਾਨ ਹੈ।(ਪ੍ਰਭੂ ਜਿਨ੍ਹਾਂ) ਗੁਰਮੁਖਾਂ ਨੂੰ (ਗੁਣਾਂ ਦੀ ਦਾਤ) ਦੇਂਦਾ ਹੈ, (ਉਨ੍ਹਾਂ ਦੀ) ਨਰਦ ਪੱਕੀ ਹੈ (ਜੀਵਨ ਸਫਲ ਹੋ ਗਿਆ ਹੈ, ਜੀਵਨ ਬਾਜੀ ਖੇਲਦਿਆਂ ਨਰਦ ਪੂਰੀ ਹੋ ਗਈ ਭਾਵ ਬਾਹਰ ਨਿਕਲ ਗਈ, ਜਨਮ ਮਰਨ ਤੋਂ ਛੁਟਕਾਰਾ ਹੋ ਗਿਆ)।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ) ਸੱਚੇ ਪ੍ਰਭੂ ਦੇ ਨਾਮ ਵਿਚ ਸਮਾ ਜਾਂਦੇ ਹਨ ਅਤੇ ਸੱਚੇ ਪ੍ਰਭੂ ਤੋਂ ਹੀ (ਉਨ੍ਹਾਂ ਨੂੰ ਲੋਕ ਪ੍ਰਲੋਕ ਵਿਚ) ਇੱਜਤ ਪ੍ਰਾਪਤ ਹੁੰਦੀ ਹੈ।੧੬।੨।

ਪਦਾਰਥ = ਇਕਿ–ਕਈ; ਅਨੇਕਾਂ।ਪੰਚਾ–ਪੰਜ ਕਾਮਾਦਿਕਾਂ ਨੂੰ।ਮਾਰਿ–ਮਾਰ ਕੇ।ਸਬਦਿ–ਸ਼ਬਦ ਵਿਚ।ਆਇ ਮਿਲਿਆ–ਆ ਮਿਲਿਆ ਹੈ।ਅੰਤਰਿ–ਹਿਰਦੇ ਅੰਦਰ।ਸਾਚੁ–ਸੱਚਾ ਪ੍ਰਭੂ।ਰਵਹਿ–ਸਿਮਰਦੇ ਹਨ।ਰੰਗਿ ਰਾਤੇ–ਪ੍ਰੇਮ ਰੰਗ ਵਿਚ ਰੰਗੇ ਹੋਏ।ਸਹਜਿ–ਸੁਤੇ ਸਿੱਧ ਹੀ।ਸਮਾਵੈ–ਲੀਨ ਰਹਿੰਦੇ ਹਨ।ਸੋਈ–ਉਹ ਹੀ।੧੨।ਚਾਲ–ਮਰਿਆਦਾ।ਤੇ–ਤੋਂ।ਜਾਪੈ–ਜਾਣੀ ਜਾਂਦੀ ਹੈ।ਸਿਞਾਪੈ–ਪਛਾਣਿਆ ਜਾਂਦਾ ਹੈ।ਰਵੈ–ਉਚਾਰਦਾ ਹੈ।ਘਟ ਅੰਤਰਿ–ਹਿਰਦੇ ਅੰਦਰ।ਰਸਨਾ–ਜੀਭ ਨਾਲ।ਚਾਖੈ–ਚੱਖਦਾ ਹੈ।੧੩।ਨਿਵਾਰੇ–ਦੂਰ ਕਰਦਾ ਹੈ।ਉਰਿ–ਹਿਰਦੇ ਵਿਚ।ਰਖੈ ਧਾਰੇ–ਟਿਕਾਈ ਰੱਖਦਾ ਹੈ।ਏਕਸੁ–ਇਕ ਪ੍ਰਭੂ।ਹਉ–ਮੈਂ।ਸਹਜੇ–ਸੁਤੇ ਸਿੱਧ।ਸੁ–ਉਹ।੧੪।ਸਹਜੁ–ਗਿਆਨ।ਕਿਨੈ–ਕਿਸੇ ਨੇ ਵੀ।ਗੁਰਮੁਖਿ–ਗੁਰੂ ਰਾਹੀਂ।ਸਚਿ–ਸੱਚੇ ਪ੍ਰਭੂ ਵਿਚ।ਸਮਾਇਆ–ਲੀਨ ਹੋ ਗਿਆ।ਸੇਵਿ–ਸੇਵਾ ਕਰਕੇ।ਸਬਦੇ–ਸ਼ਬਦ ਰਾਹੀਂ।ਖੋਈ ਹੇ–ਦੂਰ ਕਰ ਦਿਤੀ ਹੈ।੧੫।ਆਪੇ–ਪ੍ਰਭੂ ਆਪ ਹੀ।ਬੀਚਾਰੀ–ਵਿਚਾਰਵਾਨ।ਦੇਵਹਿ–ਦੇਂਦਾ ਹੈ।ਨਾਮਿ ਸਾਚੈ–ਸੱਚੇ ਪ੍ਰਭੂ ਦੇ ਨਾਮ ਵਿਚ।ਸਮਾਵਹਿ–ਲੀਨ ਹੋ ਜਾਂਦੇ ਹਨ।ਪਤਿ–ਇੱਜਤ।੧੬।੨।

ਪਕੀ ਸਾਰੀ = ਚੌਪੜ ਦੀ ਉਹ ਨਰਦ ਜੋ ਪੱਕ ਗਈ ਹੈ, ਵਿਚਕਾਰੋਂ ਚੱਲ ਕੇ ਬਿਆਲੀ ਘਰ ਲੰਘ ਕੇ ਨਰਦ ਪੱਕੀ ਹੋਣੀ ਸ਼ੁਰੂ ਹੁੰਦੀ ਹੈ, ਜਦ ਬਾਹਰਲੇ ਨਾਕੇ ਤੇ ਆਉਂਦੀ ਹੈ, ਤਾਂ ਨਰਦ ਪੱਕੀ ਸਮਝੀ ਜਾਂਦੀ ਹੈ।ਗੁਰੂ ਦੀ ਸ਼ਰਣ ਵਿਚ ਆ ਕੇ ਗਿਆਨ ਨੂੰ ਪ੍ਰਾਪਤ ਹੋਇਆ ਆਤਮ ਗਿਆਨੀ, ਜਿਸ ਦਾ ਆਵਾਗੌਣ ਦਾ ਗੇੜ ਮਿਟ ਗਿਆ ਹੈ।ਕੱਚੀ ਨਰਦ ਤੋਂ ਭਾਵ ਚੁਰਾਸੀ ਵਿਚ ਭ੍ਰਮਣ ਵਾਲਾ ਜੀਵ ਹੈ (ਮ.ਕੋ.)।ਆਪੇ ਧਰਿ ਦੇਖਹਿ ਕਚੀ ਪਕੀ ਸਾਰੀ।(ਅੰਗ ੧੧੩)

ਮਾਰੂ ਮਹਲਾ ੩ ॥ ਜਗਜੀਵਨੁ ਸਾਚਾ ਏਕੋ ਦਾਤਾ ॥ ਗੁਰ ਸੇਵਾ ਤੇ ਸਬਦਿ ਪਛਾਤਾ ॥ ਏਕੋ ਅਮਰੁ ਏਕਾ ਪਤਿਸਾਹੀ, ਜੁਗੁ ਜੁਗੁ ਸਿਰਿ ਕਾਰ ਬਣਾਈ ਹੇ ॥੧॥ (ਹੇ ਭਾਈ!) ਜਗਤ ਦਾ ਜੀਵਨ ਸੱਚਾ ਪ੍ਰਭੂ ਇਕੋ ਦਾਤਾ ਹੈ।(ਉਹ) ਗੁਰੂ ਦੀ ਸੇਵਾ ਤੋਂ ਗੁਰੂ ਦੇ ਸ਼ਬਦ ਦੁਆਰਾ ਪਛਾਣਿਆ ਜਾਂਦਾ ਹੈ।(ਜਗਤ ਵਿਚ) ਇਕੋ ਪ੍ਰਭੂ ਦੀ ਪਾਤਸ਼ਾਹੀ ਹੈ ਅਤੇ ਇਕ ਪ੍ਰਭੂ ਦਾ ਹੀ (ਜਗਤ ਵਿਚ) ਹੁਕਮ ਚਲਦਾ ਹੈ, ਹਰੇਕ ਜੁਗ ਵਿਚ ਹਰੇਕ ਜੀਵ ਦੇ ਸਿਰ ਉਤੇ ਪ੍ਰਭੂ ਨੇ ਹੁਕਮ ਰੂਪ ਕਾਰ ਬਣਾਈ ਹੋਈ ਹੈ।੧।

ਅੰਗ ੧੦੪੬ = ਸੋ ਜਨੁ ਨਿਰਮਲੁ ਜਿਨਿ ਆਪੁ ਪਛਾਤਾ ॥ ਆਪੇ ਆਇ ਮਿਲਿਆ ਸੁਖ ਦਾਤਾ ॥ ਰਸਨਾ ਸਬਦਿ ਰਤੀ ਗੁਣ ਗਾਵੈ, ਦਰਿ ਸਾਚੈ ਪਤਿ ਪਾਈ ਹੇ ॥੨॥ ਗੁਰਮੁਖਿ ਨਾਮਿ ਮਿਲੈ ਵਡਿਆਈ ॥ ਮਨਮੁਖਿ ਨਿੰਦਕਿ ਪਤਿ ਗਵਾਈ ॥ ਨਾਮਿ ਰਤੇ ਪਰਮਹੰਸ ਬੈਰਾਗੀ, ਨਿਜ ਘਰਿ ਤਾੜੀ ਲਾਈ ਹੇ ॥੩॥ ਸਬਦਿ ਮਰੈ ਸੋਈ ਜਨੁ ਪੂਰਾ ॥ ਸਤਿਗੁਰੁ ਆਖਿ ਸੁਣਾਏ ਸੂਰਾ ॥ ਕਾਇਆ ਅੰਦਰਿ ਅੰਮ੍ਰਿਤਸਰੁ ਸਾਚਾ, ਮਨੁ ਪੀਵੈ ਭਾਇ ਸੁਭਾਈ ਹੇ ॥੪॥ ਪੜਿ ਪੰਡਿਤੁ ਅਵਰਾ ਸਮਝਾਏ ॥ ਘਰ ਜਲਤੇ ਕੀ ਖਬਰਿ ਨ ਪਾਏ ॥ ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ, ਪੜਿ ਥਾਕੇ ਸਾਂਤਿ ਨ ਆਈ ਹੇ ॥੫॥ ਇਕਿ ਭਸਮ ਲਗਾਇ ਫਿਰਹਿ ਭੇਖਧਾਰੀ ॥ ਬਿਨੁ ਸਬਦੈ ਹਉਮੈ ਕਿਨਿ ਮਾਰੀ ॥ ਅਨਦਿਨੁ ਜਲਤ ਰਹਹਿ ਦਿਨ ਰਾਤੀ, ਭਰਮਿ ਭੇਖਿ ਭਰਮਾਈ ਹੇ ॥੬॥(ਹੇ ਭਾਈ!) ਉਹ ਮਨੁੱਖ ਪਵਿਤ੍ਰ ਹੈ, ਜਿਸ ਨੇ ਆਪਣੇ ਆਪ ਨੂੰ ਪਛਾਣਿਆ ਹੈ।(ਉਸ ਨੂੰ) ਸੁਖ ਦੇਣ ਵਾਲਾ ਪ੍ਰਭੂ ਆਪ ਹੀ ਆ ਮਿਲਿਆ ਹੈ।(ਉਸ ਦੀ) ਜੀਭ ਗੁਰੂ ਦੇ ਸ਼ਬਦ ਵਿਚ ਰੰਗੀ ਹੋਈ ਪ੍ਰਭੂ ਦੇ ਗੁਣ ਗਾਉਂਦੀ ਹੈ, (ਇਸ ਕਰਕੇ ਉਸ ਨੇ) ਸੱਚੇ ਪ੍ਰਭੂ ਦੇ ਦਰਬਾਰ ਵਿਚ ਇੱਜਤ

ਪਾਈ ਹੈ।੨।(ਹੇ ਭਾਈ!) ਗੁਰੂ ਅਨੁਸਾਰੀ ਮਨੁੱਖ ਨੂੰ ਪ੍ਰਭੂ ਦੇ ਨਾਮ ਸਿਮਰਨ ਰਾਹੀਂ (ਲੋਕ ਪ੍ਰਲੋਕ ਵਿਚ) ਵਡਿਆਈ ਮਿਲਦੀ ਹੈ ।ਮਨਮੁਖ ਨਿੰਦਕ ਨੇ (ਅਪਣੀ) ਇੱਜਤ ਗਵਾ ਲਈ ਹੈ।(ਜੋ ਮਨੁੱਖ) ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਹਨ, (ਉਹ) ਪੂਰਨ ਪੁਰਖ ਤੇ ਬੈਰਾਗੀ ਹਨ, (ਉਨ੍ਹਾਂ ਨੇ) ਅਪਣੇ ਅਸਲੀ ਘਰ ਵਿਚ ਸਮਾਧੀ ਲਾਈ ਹੋਈ ਹੈ।੩।(ਹੇ ਭਾਈ! ਉਹ) ਮਨੁੱਖ ਪੂਰਨ ਪੁਰਖ ਹੈ, (ਜਿਹੜਾ) ਗੁਰੂ ਦੇ ਸ਼ਬਦ ਵਿਚ ਜੁੜ ਕੇ ਆਪਾ ਭਾਵ ਤੋਂ ਮਰ ਜਾਂਦਾ ਹੈ।ਇਹ ਬਚਨ ਸੂਰਬੀਰ ਸਤਿਗੁਰੂ ਆਖ ਕੇ ਸੁਣਾਉਂਦੇ ਹਨ। (ਇਸ) ਸਰੀਰ ਦੇ ਅੰਦਰ ਹੀ ਨਾਮ ਅੰਮ੍ਰਿਤ ਦਾ ਸੱਚਾ ਸਰੋਵਰ ਹੈ, (ਜਿਸ ਵਿਚੋਂ ਗੁਰਮੁਖ ਦਾ) ਮਨ ਸੁਭਾਵਕ ਹੀ ਪ੍ਰੇਮ ਨਾਲ (ਅੰਮ੍ਰਿਤ ਨਾਮ ਜਲ) ਪੀਂਦਾ ਰਹਿੰਦਾ ਹੈ।੪।(ਹੇ ਭਾਈ!) ਪੰਡਤ ਬੇਦ ਸ਼ਾਸਤ੍ਰ ਪੜ੍ਹ ਕੇ ਹੋਰਨਾਂ ਨੂੰ ਸਮਝਾਉਂਦਾ ਹੈ।(ਪਰ ਤ੍ਰਿਸ਼ਨਾ ਦੀ ਅੱਗ ਵਿਚ) ਜਲਦੇ ਅਪਣੇ ਹਿਰਦੇ ਘਰ ਦੀ ਖਬਰ ਪ੍ਰਾਪਤ ਨਹੀਂ ਕਰਦਾ।ਸਤਿਗੁਰੂ ਦੀ ਸੇਵਾ ਕੀਤੇ ਬਿਨਾ (ਤ੍ਰਿਸ਼ਨਾ ਦੀ ਅੱਗ ਬੁਝਾਉਣ ਵਾਲਾ) ਨਾਮ ਪਾਇਆ ਨਹੀਂ ਜਾ ਸਕਦਾ, (ਪੰਡਤ ਲੋਕ ਬੇਦ ਸ਼ਾਸਤ੍ਰ) ਪੜ੍ਹ ਕੇ ਥੱਕ ਗਏ ਹਨ, (ਪਰ ਉਨ੍ਹਾਂ ਨੂੰ) ਸ਼ਾਂਤੀ ਨਹੀਂ ਆਈ।੫।(ਹੇ ਭਾਈ!) ਕਈ ਭੇਖ ਧਾਰੀ ਲੋਕ (ਅਪਣੇ ਸਰੀਰ ਉਤੇ) ਭਸਮ ਲਗਾ ਕੇ ਤੁਰੇ ਫਿਰਦੇ ਹਨ।ਗੁਰੂ ਦੇ ਸ਼ਬਦ ਤੋਂ ਬਿਨਾ ਕਿਸ ਮਨੁੱਖ ਨੇ ਹਉਮੈ ਮਾਰੀ ਹੈ? (ਇਹ ਕਿਸੇ ਤੋਂ ਨਹੀਂ ਮਰੀ।ਉਹ) ਦਿਨ ਰਾਤ ਹਰ ਵੇਲੇ ਤ੍ਰਿਸ਼ਨਾ ਦੀ ਅੱਗ ਵਿਚ ਜਲਦੇ ਰਹਿੰਦੇ ਹਨ, ਭਰਮ ਨੇ ਅਤੇ ਭੇਖ ਨੇ (ਉਨ੍ਹਾਂ ਦੀ ਬਿਰਤੀ) ਭਰਮਾਈ ਹੋਈ ਹੈ।੬।

ਪਦਾਰਥ = ਜਗਜੀਵਨੁ–ਜਗਤ ਦਾ ਜੀਵਨ।ਸਬਦਿ–ਗੁਰੂ ਦੇ ਸ਼ਬਦ ਰਾਹੀਂ।ਪਛਾਤਾ–ਪਛਾਣਿਆ ਜਾਂਦਾ ਹੈ।ਅਮਰੁ–ਹੁਕਮ।ਪਤਿ ਸਾਹੀ–ਪਾਤਸ਼ਾਹੀ; ਹਕੂਮਤ।ਜੁਗੁ ਜੁਗੁ–ਹਰੇਕ ਜੁਗ ਵਿਚ।ਸਿਰਿ–ਸਿਰ ਉਤੇ।ਕਾਰ–ਕੰਮ।੧।ਸੋ ਜਨੁ–ਉਹ ਮਨੁੱਖ।ਨਿਰਮਲੁ–ਪਵਿਤ੍ਰ।ਜਿਨਿ–ਜਿਸ ਨੇ।ਆਪੁ–ਅਪਣੇ ਆਪ ਨੂੰ।ਆਪੇ–ਆਪ ਹੀ।ਰਸਨਾ–ਜੀਭ।ਰਤੀ–ਰੰਗੀ ਹੋਈ।ਦਰਿ ਸਾਚੈ–ਸੱਚੇ ਪ੍ਰਭੂ ਦੇ ਦਰਬਾਰ ਵਿਚ।ਪਤਿ ਪਾਈ ਹੇ–ਇੱਜਤ ਪਾਈ ਹੈ।੨।ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ।ਨਾਮਿ–ਨਾਮ ਸਿਮਰਨ ਰਾਹੀਂ।ਮਨਮੁਖਿ–ਮਨ ਮਰਜੀ ਅਨੁਸਾਰ ਚੱਲਣ ਵਾਲਾ ਮਨੁੱਖ।ਨਿੰਦਕਿ–ਨਿੰਦਕ ਨੇ।ਪਤਿ–ਇੱਜਤ।ਪਰਮ ਹੰਸ–ਪੂਰਨ ਪੁਰਖ (ਬ੍ਰਹਮ ਗਿਆਨੀ)।ਬੈਰਾਗੀ–ਜਗਤ ਦੇ ਪਦਾਰਥਾਂ ਦਾ ਜਿਸ ਨੂੰ ਪ੍ਰੇਮ ਨਹੀਂ।ਨਿਜ ਘਰਿ–ਅਪਣੇ ਅਸਲੀ ਘਰ (ਆਤਮ ਸਰੂਪ) ਵਿਚ।ਤਾੜੀ–ਸਮਾਧੀ।੩।ਸੋਈ–ਉਹ ਹੀ।ਜਨੁ–ਪੁਰਖ।ਆਖਿ–ਆਖ ਕੇ।ਸੂਰਾ–ਸੂਰਬੀਰ।ਕਾਇਆ–ਸਰੀਰ।ਅੰਮ੍ਰਿਤ ਸਰੁ–ਨਾਮ ਅੰਮ੍ਰਿਤ ਦਾ ਸਰੋਵਰ।ਪੀਵੈ–ਪੀਂਦਾ ਹੈ।ਭਾਇ–ਪ੍ਰੇਮ ਨਾਲ।ਸੁਭਾਇ–ਸੁਭਾਵਕ ਹੀ।੪।ਪੜਿ–ਪੜ੍ਹ ਕੇ।ਅਵਰਾ–ਹੋਰਨਾਂ ਨੂੰ ।ਘਰ–ਹਿਰਦਾ ਘਰ।ਜਲਤੇ ਕੀ–ਸੜ ਰਹੇ ਦੀ।ਨ ਪਾਏ–ਪ੍ਰਾਪਤ ਨਹੀਂ ਕਰਦਾ।ਬਿਨੁ ਸੇਵੇ–ਸੇਵਾ ਕੀਤੇ ਬਿਨਾ।ਨ ਪਾਈਐ–ਪਾਇਆ ਨਹੀਂ ਜਾ ਸਕਦਾ।ਥਾਕੇ–ਥੱਕ ਗਏ।੫।ਇਕਿ–ਕਈ; ਅਨੇਕਾਂ।ਭਸਮ–ਸੁਆਹ।ਭੇਖ ਧਾਰੀ–ਸਾਧੂਆਂ ਵਾਲਾ ਪਹਿਰਾਵਾ ਪਹਿਨਣ ਵਾਲਾ।ਕਿਨਿ–ਕਿਸ ਨੇ।ਅਨਦਿਨੁ–ਹਰ ਵੇਲੇ; ਹਰ ਰੋਜ।ਭਰਮਿ–ਭਰਮ ਨੇ।ਭੇਖਿ–ਭੇਖ ਨੇ।੬।

ਇਕਿ ਗ੍ਰਿਹ ਕੁਟੰਬ ਮਹਿ ਸਦਾ ਉਦਾਸੀ ॥ ਸਬਦਿ ਮੁਏ ਹਰਿ ਨਾਮਿ ਨਿਵਾਸੀ ॥ ਅਨਦਿਨੁ ਸਦਾ ਰਹਹਿ ਰੰਗਿ ਰਾਤੇ, ਭੈ ਭਾਇ ਭਗਤਿ ਚਿਤੁ ਲਾਈ ਹੇ ॥੭॥ ਮਨਮੁਖੁ ਨਿੰਦਾ ਕਰਿ ਕਰਿ ਵਿਗੁਤਾ ॥ ਅੰਤਰਿ ਲੋਭੁ ਭਉਕੈ ਜਿਸੁ ਕੁਤਾ ॥ ਜਮਕਾਲੁ ਤਿਸੁ ਕਦੇ ਨ ਛੋਡੈ, ਅੰਤਿ ਗਇਆ ਪਛੁਤਾਈ ਹੇ ॥੮॥ ਸਚੈ ਸਬਦਿ ਸਚੀ ਪਤਿ ਹੋਈ ॥ ਬਿਨੁ ਨਾਵੈ ਮੁਕਤਿ ਨ ਪਾਵੈ ਕੋਈ ॥ ਬਿਨੁ ਸਤਿਗੁਰ ਕੋ ਨਾਉ ਨ ਪਾਏ, ਪ੍ਰਭਿ ਐਸੀ ਬਣਤ ਬਣਾਈ ਹੇ ॥੯॥ ਇਕਿ ਸਿਧ ਸਾਧਿਕ ਬਹੁਤੁ ਵੀਚਾਰੀ ॥ ਇਕਿ ਅਹਿਨਿਸਿ ਨਾਮਿ ਰਤੇ ਨਿਰੰਕਾਰੀ ॥ ਜਿਸ ਨੋ ਆਪਿ ਮਿਲਾਏ ਸੋ ਬੂਝੈ, ਭਗਤਿ ਭਾਇ ਭਉ ਜਾਈ ਹੇ ॥੧੦॥ ਇਸਨਾਨੁ ਦਾਨੁ ਕਰਹਿ ਨਹੀ ਬੂਝਹਿ ॥ ਇਕਿ ਮਨੂਆ ਮਾਰਿ ਮਨੈ ਸਿਉ ਲੂਝਹਿ ॥ ਸਾਚੈ ਸਬਦਿ ਰਤੇ ਇਕ ਰੰਗੀ, ਸਾਚੈ ਸਬਦਿ ਮਿਲਾਈ ਹੇ ॥੧੧॥ (ਹੇ ਭਾਈ!) ਕਈ (ਗੁਰਮੁਖ ਬੰਦੇ) ਘਰ ਵਿਚ, ਪ੍ਰਵਾਰ ਵਿਚ ਰਹਿੰਦੇ ਹੋਏ ਉਦਾਸੀ ਹਨ।(ਉਹ) ਗੁਰੂ ਦੇ ਸ਼ਬਦ ਦੁਆਰਾ ਜੀਵਤ ਭਾਵ ਤੋਂ ਮਰ ਗਏ ਹਨ ਅਤੇ ਹਰੀ ਦੇ ਨਾਮ ਵਿਚ ਨਿਵਾਸ ਕਰਦੇ ਹਨ।(ਉਹ) ਹਰ ਰੋਜ ਸਦਾ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਰਹਿੰਦੇ ਹਨ ਅਤੇ ਪ੍ਰਭੂ ਦੇ ਭੈ ਤੇ ਪ੍ਰੇਮਾ ਭਗਤੀ ਵਿਚ ਚਿੱਤ ਲਾਈ ਰਖਦੇ ਹਨ।੭।ਜਿਸ ਦੇ ਅੰਦਰ ਲੋਭ ਰੂਪ ਕੁੱਤਾ ਭੌਂਕਦਾ ਰਹਿੰਦਾ ਹੈ।(ਉਹ) ਮਨਮੁਖ (ਦੂਜਿਆਂ ਦੀ) ਨਿੰਦਿਆ ਕਰ ਕਰਕੇ ਖੱਜਲ ਖੁਆਰ ਹੁੰਦਾ ਹੈ।ਉਸ ਨੂੰ ਕਾਲ ਕਰਨ ਵਾਲਾ ਜਮ ਕਦੇ ਛਡਦਾ ਨਹੀਂ, (ਉਹ) ਅੰਤ ਵੇਲੇ ਪਛਤਾਵਾ ਕਰਦਾ ਮਰ ਗਿਆ ਹੈ।੮।(ਹੇ ਭਾਈ!) ਸੱਚੇ ਗੁਰੂ ਦੇ ਸ਼ਬਦ ਦੁਆਰਾ (ਹੀ ਲੋਕ ਪ੍ਰਲੋਕ ਵਿਚ ਮਨੁੱਖ ਦੀ) ਸੱਚੀ ਇੱਜਤ ਹੁੰਦੀ ਹੈ।ਪ੍ਰਭੂ ਦੇ ਨਾਮ ਤੋਂ ਬਿਨਾ ਕੋਈ ਵੀ ਮਨੁੱਖ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ।(ਪਰ) ਸਤਿਗੁਰੂ ਤੋਂ ਬਿਨਾ ਕੋਈ ਮਨੁੱਖ ਨਾਮ ਪ੍ਰਾਪਤ ਨਹੀਂ ਕਰ ਸਕਦਾ, ਪ੍ਰਭੂ ਨੇ ਇਸ ਤਰ੍ਹਾਂ ਦੀ ਬਣਤ ਬਣਾਈ ਹੋਈ ਹੈ।੯।(ਹੇ ਭਾਈ!) ਕਈ ਸਿੱਧ, ਸਾਧਨਾ ਕਰਨ ਵਾਲੇ ਸਾਧੂ ਅਤੇ ਬਹੁਤ ਵਿਚਾਰਵਾਨ ਹਨ।ਕਈ ਮਨੁੱਖ ਦਿਨ ਰਾਤ ਨਿਰੰਕਾਰ ਦੇ ਨਾਮ ਵਿਚ ਰੰਗੇ ਹੋਏ ਹਨ।ਜਿਸ ਮਨੁੱਖ ਨੂੰ ਪ੍ਰਭੂ ਆਪ ਅਪਣੇ ਨਾਲ ਮਿਲਾ ਲੈਂਦਾ ਹੈ, ਉਹ (ਜੀਵਨ ਜੁਗਤੀ ਨੂੰ) ਸਮਝਦਾ ਹੈ, ਪ੍ਰੇਮਾ ਭਗਤੀ ਦੁਆਰਾ (ਉਸ ਦੇ ਅੰਦਰੋਂ ਹਰੇਕ ਕਿਸਮ ਦਾ) ਡਰ ਦੂਰ ਹੋ ਜਾਂਦਾ ਹੈ।੧੦।(ਹੇ ਭਾਈ! ਕਈ ਮਨੁੱਖ ਤੀਰਥਾਂ ਤੇ) ਇਸ਼ਨਾਨ ਕਰਦੇ ਹਨ ਤੇ ਦਾਨ ਕਰਦੇ ਹਨ, (ਪਰ ਉਹ ਇਨ੍ਹਾਂ ਕਰਮਾਂ ਰਾਹੀਂ) ਜੀਵਨ ਦੀ ਅਸਲੀਅਤ ਨੂੰ ਨਹੀਂ ਸਮਝਦੇ।ਕਈ ਮਨੁੱਖ ਮਨ (ਦੀਆਂ ਵਾਸ਼ਨਾਵਾਂ) ਨੂੰ

ਮਾਰ ਕੇ ਮਨ ਨਾਲ ਲੜਦੇ ਹਨ। ਇਕ ਪ੍ਰਭੂ ਦੇ ਪ੍ਰੇਮ ਰੰਗ ਵਾਲੇ ਕਈ ਮਨੁੱਖ ਸੱਚੇ ਗੁਰੂ ਦੇ ਸ਼ਬਦ ਵਿਚ ਰੰਗੇ ਰਹਿੰਦੇ ਹਨ, ਸੱਚੇ ਗੁਰੂ ਦੇ ਸ਼ਬਦ ਦੁਆਰਾ (ਉਨ੍ਹਾਂ ਦਾ) ਪ੍ਰਭੂ ਨਾਲ ਮੇਲ ਹੋਇਆ ਹੈ।੧੧।

ਪਦਾਰਥ = ਇਕਿ–ਕਈ; ਅਨੇਕਾਂ। ਗ੍ਰਿਹ–ਘਰ। ਕੁਟੰਬ ਮਹਿ–ਪ੍ਰਵਾਰ ਵਿਚ। ਉਦਾਸੀ–ਸੰਸਾਰ ਤੇ ਪਦਾਰਥਾਂ ਦੇ ਮੋਹ ਤੋਂ ਰਹਿਤ। ਸਬਦਿ–ਸ਼ਬਦ ਦੁਆਰਾ। ਮੁਏ–(ਜੀਵਤ ਭਾਵ ਤੋਂ) ਮਰ ਗਏ ਹਨ। ਨਾਮਿ–ਨਾਮ ਵਿਚ। ਨਿਵਾਸੀ–ਨਿਵਾਸ ਰਖਦੇ ਹਨ। ਅਨਦਿਨੁ–ਹਰ ਰੋਜ; ਹਰ ਵੇਲੇ। ਰੰਗਿ–ਪ੍ਰੇਮ ਰੰਗ ਵਿਚ। ਰਹਹਿ ਰਾਤੇ–ਰੰਗੇ ਰਹਿੰਦੇ ਹਨ। ਭਾਇ ਭਗਤਿ–ਪ੍ਰੇਮਾ ਭਗਤੀ।੭। ਮਨਮੁਖੁ–ਅਪਣੇ ਮਨ ਪਿੱਛੇ ਚੱਲਣ ਵਾਲਾ ਮਨੁੱਖ। ਵਿਗੁਤਾ–ਖੁਆਰ (ਬਰਬਾਦ) ਹੁੰਦਾ ਹੈ। ਅੰਤਰਿ–ਮਨ ਦੇ ਅੰਦਰ। ਭਉਕੈ–ਭੌਂਕਦਾ ਹੈ। ਜਮਕਾਲੁ–ਕਾਲ ਕਰਨ ਵਾਲਾ ਜਮ। ਅੰਤਿ–ਅੰਤ ਵੇਲੇ।੮। ਸਚੈ ਸਬਦਿ–ਸੱਚੇ ਗੁਰੂ ਦੇ ਸ਼ਬਦ ਦੁਆਰਾ। ਸੱਚੀ ਪਤਿ–ਸੱਚੀ ਇੱਜਤ। ਕੋ–ਕੋਈ ਮਨੁੱਖ। ਪ੍ਰਭਿ–ਪ੍ਰਭੂ ਨੇ। ਬਣਤ ਬਣਾਈ ਹੇ–ਮਰਿਆਦਾ ਬਣਾਈ ਹੈ; ਪ੍ਰਬੰਧ ਕਾਇਮ ਕੀਤਾ ਹੈ।੯। ਸਿਧ–ਪੁਗੇ ਹੋਏ ਜੋਗੀ। ਸਾਧਿਕ–ਸਾਧਨਾ ਕਰਨ ਵਾਲੇ ਸਾਧੂ। ਵੀਚਾਰੀ–ਵਿਚਾਰਵਾਨ। ਅਹਿ–ਦਿਨ। ਨਿਸਿ–ਰਾਤ। ਨਾਮਿ–ਨਾਮ ਵਿਚ। ਸੋ–ਉਹ। ਬੂਝੈ–ਸਮਝ ਲੈਂਦਾ ਹੈ। ਭਉ–ਡਰ। ਜਾਈ ਹੇ–ਦੂਰ ਹੋ ਜਾਂਦਾ ਹੈ।੧੦। ਕਰਹਿ–ਕਰਦੇ ਹਨ। ਮਨੈ ਸਿਉ–ਮਨ ਨਾਲ। ਮਾਰਿ–ਮਾਰ ਕੇ। ਲੂਝਹਿ–ਲੜਦੇ ਹਨ। ਰਤੇ–ਰੰਗੇ ਰਹਿੰਦੇ ਹਨ। ਇਕ ਰੰਗੀ–ਇਕ ਪ੍ਰਭੂ ਦੇ ਪ੍ਰੇਮ ਰੰਗ ਵਾਲੇ।੧੧।

ਆਪੇ ਸਿਰਜੇ ਦੇ ਵਡਿਆਈ ॥ ਆਪੇ ਭਾਣੈ ਦੇਇ ਮਿਲਾਈ ॥ ਆਪੇ ਨਦਰਿ ਕਰੇ ਮਨਿ ਵਸਿਆ, ਮੇਰੈ ਪ੍ਰਭਿ ਇਉ ਫੁਰਮਾਈ ਹੇ ॥੧੨॥ ਸਤਿਗੁਰੁ ਸੇਵਹਿ ਸੇ ਜਨ ਸਾਚੇ ॥ ਮਨਮੁਖ ਸੇਵਿ ਨ ਜਾਣਨਿ ਕਾਚੇ ॥ ਆਪੇ ਕਰਤਾ ਕਰਿ ਕਰਿ ਵੇਖੈ, ਜਿਉ ਭਾਵੈ ਤਿਉ ਲਾਈ ਹੇ ॥੧੩॥ ਜੁਗਿ ਜੁਗਿ ਸਾਚਾ ਏਕੋ ਦਾਤਾ ॥ ਪੂਰੈ ਭਾਗਿ ਗੁਰ ਸਬਦੁ ਪਛਾਤਾ ॥ ਸਬਦਿ ਮਿਲੇ ਸੇ ਵਿਛੁੜੇ ਨਾਹੀ, ਨਦਰੀ ਸਹਜਿ ਮਿਲਾਈ ਹੇ ॥੧੪॥ ਹਉਮੈ ਮਾਇਆ ਮੈਲੁ ਕਮਾਇਆ ॥ ਮਰਿ ਮਰਿ ਜੰਮਹਿ ਦੂਜਾ ਭਾਇਆ ॥ ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ, ਮਨਿ ਦੇਖਹੁ ਲਿਵ ਲਾਈ ਹੇ ॥੧੫॥ (ਹੇ ਭਾਈ!) ਪ੍ਰਭੂ ਆਪ ਹੀ ਜੀਵਾਂ ਨੂੰ ਪੈਦਾ ਕਰਦਾ ਹੈ ਅਤੇ ਆਪ ਹੀ (ਜੀਵਾਂ ਨੂੰ) ਵਡਿਆਈ ਦੇਂਦਾ ਹੈ। (ਉਹ) ਆਪ ਹੀ ਅਪਣੇ ਭਾਣੇ ਵਿਚ (ਜੀਵ ਨੂੰ) ਗੁਰੂ ਨਾਲ ਮਿਲਾ ਦੇਂਦਾ ਹੈ। (ਜਿਸ ਮਨੁੱਖ ਉਤੇ ਪ੍ਰਭੂ) ਆਪ ਹੀ ਮੇਹਰ ਦੀ ਨਜਰ ਕਰਦਾ ਹੈ, (ਉਹ ਉਸ ਦੇ) ਮਨ ਵਿਚ ਆ ਵਸਦਾ ਹੈ, ਮੇਰੇ ਪ੍ਰਭੂ ਨੇ ਬਾਣੀ ਇਉਂ ਫੁਰਮਾਈ ਹੈ।੧। (ਹੇ ਭਾਈ!) ਉਹ ਮਨੁੱਖ ਸੱਚੇ ਸੇਵਕ ਹਨ, (ਜਿਹੜੇ) ਸਤਿਗੁਰੂ ਦੀ ਸੇਵਾ ਕਰਦੇ ਹਨ। ਕੱਚੇ ਨਿਸ਼ਚੇ ਵਾਲੇ ਮਨਮੁਖ ਬੰਦੇ ਗੁਰੂ ਦੀ ਸੇਵਾ ਕਰਨ ਨਹੀਂ ਜਾਣਦੇ। ਕਰਤਾਰ ਆਪ ਹੀ (ਦੁਨੀਆਂ ਨੂੰ) ਪੈਦਾ ਕਰ ਕਰਕੇ (ਦੁਨੀਆਂ ਦੇ) ਕਰਮ ਦੇਖਦਾ ਹੈ, ਜਿਵੇਂ (ਉਸ ਨੂੰ) ਚੰਗਾ ਲਗਦਾ ਹੈ, ਤਿਵੇਂ (ਉਸ ਨੇ ਦੁਨੀਆਂ ਕੰਮਾਂ ਵਿਚ) ਲਾਈ ਹੋਈ ਹੈ।੧੩। (ਹੇ ਭਾਈ!) ਹਰੇਕ ਜੁਗ ਵਿਚ ਇਕੋ ਸੱਚਾ ਪ੍ਰਭੂ (ਸਾਰੇ ਜੀਵਾਂ ਦਾ) ਦਾਤਾ ਹੈ। ਪੂਰੇ ਭਾਗਾਂ ਨਾਲ (ਗੁਰਮੁਖ ਨੇ) ਗੁਰੂ ਦੇ ਸ਼ਬਦ ਨੂੰ ਪਛਾਣਿਆ ਹੈ। (ਜਿਹੜੇ ਮਨੁੱਖ) ਗੁਰੂ ਦੇ ਸ਼ਬਦ ਵਿਚ ਮਿਲੇ ਹੋਏ ਹਨ, ਉਹ (ਕਦੇ ਪ੍ਰਭੂ ਨਾਲੋਂ) ਵਿਛੜਦੇ ਨਹੀਂ, ਮੇਹਰ ਦੀ ਨਜਰ ਕਰਨ ਵਾਲਾ ਪ੍ਰਭੂ (ਉਨ੍ਹਾਂ ਨੂੰ) ਸੁਭਾਵਕ ਹੀ (ਅਪਣੇ ਨਾਲ) ਮਿਲਾਈ ਰਖਦਾ ਹੈ।੧੪। (ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ) ਮਾਇਆ ਦੀ ਹਉਮੈ ਦੇ ਕਾਰਣ ਵਿਕਾਰਾਂ ਦੀ ਮੈਲ ਨੂੰ ਕਮਾਇਆ ਹੈ। (ਉਨ੍ਹਾਂ ਨੂੰ) ਦੂਜਾ ਭਾਵ ਚੰਗਾ ਲੱਗਾ ਹੈ, (ਇਸ ਕਰਕੇ ਉਹ) ਮਰ ਮਰ ਕੇ ਜੰਮਦੇ ਰਹਿਣਗੇ। ਸਤਿਗੁਰੂ ਦੀ ਸੇਵਾ ਕੀਤੇ ਬਿਨਾ (ਕਿਸੇ ਜੀਵ ਦੀ) ਮੁਕਤੀ ਨਹੀਂ ਹੋਈ, (ਬੇਸ਼ੱਕ) ਮਨ ਵਿਚ ਲਿਵ ਲਾ ਕੇ ਦੇਖ ਲਵੋ।੧੫।

ਅੰਗ ੧੦੪੭ = ਜੋ ਤਿਸੁ ਭਾਵੈ ਸੋਈ ਕਰਸੀ ॥ ਆਪਹੁ ਹੋਆ ਨਾ ਕਿਛੁ ਹੋਸੀ ॥ ਨਾਨਕ ਨਾਮੁ ਮਿਲੈ ਵਡਿਆਈ, ਦਰਿ ਸਾਚੈ ਪਤਿ ਪਾਈ ਹੇ ॥੧੬॥੩॥ (ਹੇ ਭਾਈ!) ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹ ਉਹੀ ਕਰਦਾ ਹੈ। (ਸਾਥੋਂ) ਅਪਣੇ ਆਪ ਤੋਂ ਨਾ ਕੁਛ ਹੋਇਆ ਹੈ ਅਤੇ ਨਾ ਹੀ ਕੁਛ ਅਗੋਂ ਹੋਵੇਗਾ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੂੰ ਪ੍ਰਭੂ ਦਾ) ਨਾਮ ਮਿਲ ਜਾਂਦਾ ਹੈ, (ਉਸ ਦੀ ਇਸ ਲੋਕ ਵਿਚ) ਵਡਿਆਈ ਹੁੰਦੀ ਹੈ ਅਤੇ (ਉਸ ਨੇ) ਸੱਚੇ ਪ੍ਰਭੂ ਦੇ ਦਰਬਾਰ ਵਿਚ ਵੀ ਇੱਜਤ ਪਾਈ ਹੈ।੧੬।੩।

ਪਦਾਰਥ = ਆਪੇ–ਆਪ ਹੀ। ਸਿਰਜੇ–ਪੈਦਾ ਕਰਦਾ ਹੈ। ਦੇ–ਦੇਂਦਾ ਹੈ। ਭਾਣੈ–ਭਾਣੇ ਵਿਚ। ਦੇਇ ਮਿਲਾਈ–ਮਿਲਾ ਦੇਂਦਾ ਹੈ। ਨਦਰਿ ਕਰੇ–ਮੇਹਰ ਦੀ ਨਜਰ ਕਰਦਾ ਹੈ। ਮਨਿ–ਮਨ ਵਿਚ। ਪ੍ਰਭਿ–ਪ੍ਰਭੂ ਨੇ।੧੨। ਸੇਵਹਿ–ਸੇਵਾ ਕਰਦੇ ਹਨ। ਸੇ ਜਨ–ਉਹ ਮਨੁੱਖ। ਸਾਚੇ–ਸੱਚੇ (ਸੇਵਕ) ਹਨ। ਮਨਮੁਖ–ਮਨ ਦੇ ਪਿੱਛੇ ਚੱਲਣ ਵਾਲੇ ਮਨੁੱਖ। ਕਾਚੇ–ਕੱਚੇ। ਕਰਤਾ–ਕਰਤਾਰ। ਕਰਿ ਕਰਿ–ਪੈਦਾ ਕਰ ਕਰਕੇ। ਭਾਵੈ–ਚੰਗਾ ਲਗਦਾ ਹੈ।੧੩। ਜੁਗਿ ਜੁਗਿ–ਹਰੇਕ ਜੁਗ ਵਿਚ। ਏਕੋ–ਇਕੋ ਪ੍ਰਭੂ। ਪੂਰੈ ਭਾਗਿ–ਪੂਰੇ ਭਾਗਾਂ ਨਾਲ। ਸਬਦਿ–ਸ਼ਬਦ ਵਿਚ। ਪਛਾਤਾ–ਪਛਾਣਿਆ ਹੈ। ਨਦਰੀ–ਮੇਹਰ ਦੀ ਨਜਰ ਕਰਨ ਵਾਲਾ ਪ੍ਰਭੂ। ਸਹਜਿ–ਸੁਭਾਵਕ ਹੀ।੧੪। ਮੈਲੁ ਕਮਾਇਆ–ਵਿਕਾਰਾਂ ਦੀ ਮੈਲ ਨੂੰ ਕਮਾਇਆ (ਇਕੱਠਾ ਕੀਤਾ) ਹੈ। ਮਰਿ ਮਰਿ–ਮਰ ਮਰ ਕੇ। ਜੰਮਹਿ–ਜੰਮਦੇ ਰਹਿਣਗੇ। ਦੂਜਾ ਭਾਇਆ–(ਪ੍ਰਭੂ ਤੋਂ ਬਿਨਾ ਕਿਸੇ) ਦੂਜੇ ਦਾ ਪਿਆਰ। ਬਿਨੁ ਸੇਵੇ–ਸੇਵਾ ਕੀਤੇ ਬਿਨਾ। ਮਨਿ–ਮਨ ਵਿਚ। ਲਿਵ ਲਾਈ–ਧਿਆਨ ਲਾ ਕੇ (ਚੰਗੀ ਤਰ੍ਹਾਂ ਵਿਚਾਰ ਕਰਕੇ)।੧੫। ਤਿਸੁ–ਉਸ ਨੂੰ। ਭਾਵੈ–ਚੰਗਾ ਲਗਦਾ ਹੈ। ਸੋਈ–ਉਹ ਹੀ। ਕਰਸੀ–ਕਰਦਾ ਹੈ। ਆਪਹੁ–ਅਪਣੇ ਆਪ ਤੋਂ। ਹੋਸੀ–ਹੁੰਦਾ ਹੈ। ਦਰਿ ਸਾਚੈ–ਸੱਚੇ ਪ੍ਰਭੂ ਦੇ ਦਰਬਾਰ ਵਿਚ। ਪਤਿ ਪਾਈ ਹੇ–ਇੱਜਤ ਪਾਈ ਹੈ।੧੬।੩।

ਮਾਰੂ ਮਹਲਾ ੩ ॥ ਜੋ ਆਇਆ ਸੋ ਸਭੁ ਕੋ ਜਾਸੀ ॥ ਦੂਜੈ ਭਾਇ ਬਾਧਾ ਜਮ ਫਾਸੀ ॥ ਸਤਿਗੁਰਿ ਰਾਖੇ ਸੇ ਜਨ ਉਬਰੇ, ਸਾਚੇ ਸਾਚਿ ਸਮਾਈ ਹੇ ॥੧॥ ਆਪੇ ਕਰਤਾ ਕਰਿ ਕਰਿ ਵੇਖੈ ॥ ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ ॥ ਗੁਰਮੁਖਿ ਗਿਆਨੁ ਤਿਸੁ ਸਭੁ ਕਿਛੁ ਸੂਝੈ, ਅਗਿਆਨੀ ਅੰਧੁ ਕਮਾਈ ਹੇ ॥੨॥ ਮਨਮੁਖ ਸਹਸਾ ਬੂਝ ਨ ਪਾਈ ॥ ਮਰਿ ਮਰਿ ਜੰਮੈ ਜਨਮੁ ਗਵਾਈ ॥ ਗੁਰਮੁਖਿ ਨਾਮਿ ਰਤੇ ਸੁਖੁ ਪਾਇਆ, ਸਹਜੇ ਸਾਚਿ ਸਮਾਈ ਹੇ ॥੩॥ ਧੰਧੈ ਧਾਵਤ ਮਨੁ ਭਇਆ ਮਨੂਰਾ ॥ ਫਿਰਿ ਹੋਵੈ ਕੰਚਨੁ ਭੇਟੈ ਗੁਰੁ ਪੂਰਾ ॥ ਆਪੇ ਬਖਸਿ ਲਏ ਸੁਖੁ ਪਾਏ, ਪੂਰੈ ਸਬਦਿ ਮਿਲਾਈ ਹੇ ॥੪॥ ਦੁਰਮਤਿ ਝੂਠੀ ਬੁਰੀ ਬੁਰਿਆਰਿ ॥ ਅਉਗਣਿਆਰੀ ਅਉਗਣਿਆਰਿ ॥ ਕਚੀ ਮਤਿ ਫੀਕਾ ਮੁਖਿ ਬੋਲੈ, ਦੁਰਮਤਿ ਨਾਮੁ ਨ ਪਾਈ ਹੇ ॥੫॥ ਅਉਗਣਿਆਰੀ ਕੰਤ ਨ ਭਾਵੈ ॥ ਮਨ ਕੀ ਜੂਠੀ ਜੂਠੁ ਨ ਕਮਾਵੈ ॥ ਪਿਰ ਕਰ ਸਾਉ ਨ ਜਾਣੈ ਮੂਰਖਿ, ਬਿਨੁ ਗੁਰ ਬੂਝ ਨ ਪਾਈ ਹੇ ॥੬॥ (ਹੇ ਭਾਈ!) ਜੋ ਜੀਵ ਸੰਸਾਰ ਵਿਚ ਆਇਆ ਹੈ, ਉਹ ਸਭ ਕੋਈ (ਸੰਸਾਰ ਵਿਚੋਂ) ਚਲੇ ਜਾਵੇਗਾ। (ਜੀਵ) ਦੂਜੇ ਭਾਵ ਵਿਚ ਪਿਆ ਹੋਣ ਕਰਕੇ ਜਮਾਂ ਦੀ ਫਾਹੀ ਵਿਚ ਬੱਧਾ ਹੋਇਆ ਹੈ। ਉਹ ਮਨੁੱਖ (ਜਮਾਂ ਦੀ ਫਾਹੀ ਤੋਂ) ਬਚ ਗਏ ਹਨ, (ਜਿਨ੍ਹਾਂ ਦੀ) ਰੱਖਿਆ ਸਤਿਗੁਰੂ ਨੇ ਕੀਤੀ ਹੈ, (ਉਹ) ਸੱਚੇ ਨਾਮ ਨੂੰ ਜਪ ਕੇ ਸੱਚੇ ਪ੍ਰਭੂ ਵਿਚ ਲੀਨ ਹੋ ਜਾਂਦੇ ਹਨ।੧। ਕਰਤਾਰ ਆਪ ਹੀ ਜੀਵ ਪੈਦਾ ਕਰ ਕਰਕੇ (ਜੀਵਾਂ ਦੇ ਕਰਮ) ਦੇਖਦਾ ਹੈ। ਜਿਸ ਉਤੇ ਪ੍ਰਭੂ ਮੇਹਰ ਦੀ ਨਜਰ ਕਰਦਾ ਹੈ, ਉਹ ਹੀ ਮਨੁੱਖ ਲੇਖੇ ਵਿਚ ਪੈਂਦਾ ਹੈ (ਪ੍ਰਵਾਨ ਹੁੰਦਾ ਹੈ। ਜਿਸ ਮਨੁੱਖ ਨੂੰ) ਗੁਰੂ ਰਾਹੀਂ ਗਿਆਨ ਪ੍ਰਾਪਤ ਹੋਇਆ ਹੈ, ਉਸ ਨੂੰ (ਪ੍ਰਮਾਰਥ ਵਾਰੇ) ਸਭ ਕੁਛ ਸਮਝ ਆ ਜਾਂਦਾ ਹੈ, (ਪਰ) ਗਿਆਨ ਹੀਣ ਮਨੁੱਖ ਅੰਨ੍ਹਿਆਂ ਵਾਲਾ ਕੰਮ ਕਰਦਾ ਹੈ।੨। (ਹੇ ਭਾਈ!) ਮਨਮੁਖ ਬੰਦਾ ਸਦਾ ਸੰਸੇ ਵਿਚ ਪਿਆ ਰਹਿੰਦਾ ਹੈ, (ਜਿਸ ਕਰਕੇ ਉਸ ਨੂੰ ਆਤਮਕ ਜੀਵਨ ਦੀ) ਸਮਝ ਨਹੀਂ ਪ੍ਰਾਪਤ ਹੁੰਦੀ। (ਉਹ) ਮਰ ਮਰ ਕੇ ਜੰਮਦਾ ਰਹਿੰਦਾ ਹੈ ਅਤੇ (ਅਪਣਾ ਮਨੁੱਖਾ) ਜਨਮ ਬਿਰਥਾ ਗਵਾ ਲੈਂਦਾ ਹੈ। (ਪਰ ਜੋ) ਗੁਰਮੁਖ ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਹਨ, (ਉਨ੍ਹਾਂ ਨੇ) ਸੁਖ ਪਾਇਆ ਹੈ, (ਉਨ੍ਹਾਂ ਦੀ ਲਿਵ) ਸੁਭਾਵਕ ਹੀ ਸੱਚੇ ਪ੍ਰਭੂ ਵਿਚ ਸਮਾਈ ਰਹਿੰਦੀ ਹੈ।੩। (ਹੇ ਭਾਈ!) ਧੰਧਿਆਂ ਵਿਚ ਦੌੜਦਿਆਂ ਮਨਮੁਖ ਦਾ ਮਨ ਸੜੇ ਹੋਏ ਲੋਹੇ ਵਾਂਗ ਨਿਕੰਮਾ ਹੋ ਗਿਆ ਹੈ। (ਜੇ ਉਸ ਨੂੰ) ਪੂਰਾ ਗੁਰੂ ਮਿਲ ਜਾਵੇ, ਉਹ ਮੁੜ ਕੇ ਸੋਨਾ ਹੋ ਸਕਦਾ ਹੈ। (ਜਿਸ ਮਨੁੱਖ ਦੇ) ਪਿਛਲੇ ਔਗਣ ਪ੍ਰਭੂ ਆਪ ਬਖਸ ਲੈਂਦਾ ਹੈ, (ਉਹ) ਸੁਖ ਪਾਉਂਦਾ ਹੈ ਅਤੇ (ਉਸ ਨੇ) ਪੂਰੇ ਗੁਰੂ ਦੇ ਸ਼ਬਦ ਵਿਚ (ਅਪਣੀ ਬਿਰਤੀ) ਮਿਲਾਈ ਹੋਈ ਹੈ।੪। (ਹੇ ਭਾਈ!) ਖੋਟੀ ਮੱਤ ਵਾਲੀ ਬੁਰੀ ਇਸਤ੍ਰੀ ਝੂਠੀ ਤੇ ਬੁਰੇ ਕੰਮ ਕਰਨ ਵਾਲੀ ਹੈ। ਔਗਣਾਂ ਵਾਲੀ ਇਸਤ੍ਰੀਆਂ ਵਿਚੋਂ ਵੱਡੀ ਔਗਣਾਂ ਵਾਲੀ ਹੈ। (ਉਸ ਦੀ) ਮੱਤ ਕੱਚੀ ਹੈ ਤੇ ਮੂਹੋਂ ਫਿੱਕਾ ਬੋਲਦੀ ਹੈ, ਖੋਟੀ ਮੱਤ ਹੋਣ ਕਰਕੇ (ਉਸ ਨੂੰ) ਨਾਮ ਪ੍ਰਾਪਤ ਨਹੀਂ ਹੁੰਦਾ।੫। (ਹੇ ਭਾਈ!) ਔਗਣਾਂ ਵਾਲੀ ਜੀਵ ਇਸਤ੍ਰੀ ਪਤੀ ਪ੍ਰਭੂ ਨੂੰ ਚੰਗੀ ਨਹੀਂ ਲਗਦੀ। (ਕਿਉਂਕਿ ਉਹ) ਮਨ ਦੀ ਅਪਵਿਤ੍ਰ ਹੈ ਅਤੇ ਸਰੀਰ ਕਰਕੇ ਵੀ ਅਪਵਿਤ੍ਰ ਕਰਮ ਕਮਾਉਂਦੀ ਹੈ। ਮੂਰਖ ਜੀਵ ਇਸਤ੍ਰੀ ਪਤੀ ਪ੍ਰਭੂ ਦੇ ਮਿਲਾਪ ਦਾ ਅਨੰਦ ਨਹੀਂ ਜਾਣਦੀ, ਗੁਰੂ ਤੋਂ ਬਿਨਾ (ਉਹ) ਸੂਝ ਬੂਝ ਨਹੀਂ ਪ੍ਰਾਪਤ ਕਰ ਸਕਦੀ।੬।

ਪਦਾਰਥ = ਆਇਆ–ਜਨਮ ਲੈ ਕੇ ਆਇਆ ਹੈ। ਸੋ–ਉਹ। ਸਭੁ ਕੋ–ਸਭ ਕੋਈ। ਜਾਸੀ–ਮਰ ਜਾਵੇਗਾ। ਦੂਜੈ ਭਾਇ–ਪ੍ਰਭੂ ਤੋਂ ਬਿਨਾ ਦੂਜੇ ਦੇ ਪਿਆਰ ਵਿਚ। ਬਾਧਾ–ਬੱਝਾ ਹੋਇਆ ਹੈ। ਸਤਿਗੁਰਿ–ਸਤਿਗੁਰੂ ਨੇ। ਸਾਚੇ–ਸੱਚੇ ਨਾਮ ਨੂੰ ਜਪ ਕੇ। ਸਾਚਿ–ਸੱਚੇ ਪ੍ਰਭੂ ਵਿਚ। ਸਮਾਈ ਹੇ–ਲੀਨ ਹੋ ਜਾਂਦੇ ਹਨ।੧। ਆਪੇ–ਆਪ ਹੀ। ਕਰਤਾ–ਕਰਤਾਰ। ਕਰਿ ਕਰਿ–ਪੈਦਾ ਕਰ ਕਰਕੇ। ਨਦਰਿ–ਮੇਹਰ ਦੀ ਨਜਰ। ਸੋਈ–ਉਹ ਹੀ। ਜਨੁ–ਮਨੁੱਖ। ਲੇਖੈ–ਲੇਖੇ ਵਿਚ; ਪ੍ਰਵਾਨ ਹੁੰਦਾ ਹੈ। ਗੁਰਮੁਖਿ–ਗੁਰੂ ਰਾਹੀਂ। ਅੰਧੁ–ਅੰਨ੍ਹਿਆਂ ਵਾਲਾ ਕੰਮ।੨। ਮਨਮੁਖ–ਮਨ ਦੇ ਪਿੱਛੇ ਚੱਲਣ ਵਾਲਾ ਮਨੁੱਖ। ਸਹਸਾ–ਸੰਸਾ। ਬੂਝ–ਸਮਝ। ਮਰਿ–ਮਰ ਕੇ। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਨਾਮਿ –ਨਾਮ ਵਿਚ। ਰਤੇ–ਰੰਗੇ ਹੋਏ ਹਨ। ਸਹਜੇ–ਸੁਭਾਵਕ ਹੀ।੩। ਧੰਧੈ–ਧੰਧਿਆਂ ਵਿਚ। ਧਾਵਤ–ਦੌੜਦਿਆਂ। ਭਇਆ–ਹੋ ਗਿਆ। ਮਨੂਰਾ–ਸੜਿਆ ਲੋਹਾ। ਕੰਚਨੁ–ਸੋਨਾ। ਫਿਰਿ–ਮੁੜ ਕੇ। ਭੇਟੈ–ਮਿਲ ਜਾਵੇ। ਬਖਸਿ ਲਏ–ਬਖਸ਼ ਲੈਂਦਾ ਹੈ। ਪੂਰੈ ਸਬਦਿ–ਪੂਰੇ ਗੁਰੂ ਦੇ ਸ਼ਬਦ ਵਿਚ।੪। ਦੁਰਮਤਿ–ਭੈੜੀ ਅਕਲ ਵਾਲੀ। ਬੁਰਿਆਰਿ–ਬੁਰੇ ਕੰਮ ਕਰਨ ਵਾਲੀ ਇਸਤ੍ਰੀ। ਅਉਗਣਿਆਰੀ–ਔਗਣਾਂ ਵਾਲੀ ਇਸਤ੍ਰੀ। ਕਚੀ ਮਤਿ–ਦ੍ਰਿੜ ਸ਼ਰਧਾ ਰਹਿਤ ਬੁੱਧੀ (ਮ.ਕੋ.)। ਮੁਖਿ–ਮੂੰਹੋਂ।੫। ਕੰਤ–ਪਤੀ ਪ੍ਰਭੂ। ਨ ਭਾਵੈ–ਚੰਗੀ ਨਹੀਂ ਲਗਦੀ। ਜੂਠੀ –ਅਪਵਿਤ੍ਰ। ਜੂਠੁ ਕਮਾਵੈ–ਗੰਦੇ ਕੰਮ ਕਰਦੀ ਹੈ। ਪਿਰ ਕਾ–ਪਤੀ ਪ੍ਰਭੂ ਦਾ। ਸਾਉ–ਅਨੰਦ। ਬੂਝ–ਸਮਝ।੬।

ਦੁਰਮਤਿ ਖੋਟੀ ਖੋਟੁ ਕਮਾਵੈ ॥ ਸੀਗਾਰੁ ਕਰੇ ਪਿਰ ਖਸਮ ਨ ਭਾਵੈ ॥ ਗੁਣਵੰਤੀ ਸਦਾ ਪਿਰੁ ਰਾਵੈ, ਸਤਿਗੁਰਿ ਮੇਲਿ ਮਿਲਾਈ ਹੇ ॥੭॥ ਆਪੇ ਹੁਕਮੁ ਕਰੇ ਸਭੁ ਵੇਖੈ ॥ ਇਕਨਾ ਬਖਸਿ ਲਏ ਧੁਰਿ ਲੇਖੈ ॥ ਅਨਦਿਨੁ ਨਾਮਿ ਰਤੇ ਸਚੁ ਪਾਇਆ, ਆਪੇ ਮੇਲਿ ਮਿਲਾਈ ਹੇ ॥੮॥ ਹਉਮੈ ਧਾਤੁ ਮੋਹ ਰਸਿ ਲਾਈ ॥ ਗੁਰਮੁਖਿ ਲਿਵ ਸਾਚੀ ਸਹਜਿ ਸਮਾਈ ॥ ਆਪੇ ਮੇਲੈ ਆਪੇ ਕਰਿ ਵੇਖੈ, ਬਿਨੁ ਸਤਿਗੁਰ ਬੂਝ ਨ ਪਾਈ ਹੇ ॥੯॥ ਇਕਿ ਸਬਦੁ ਵੀਚਾਰਿ ਸਦਾ ਜਨ ਜਾਗੇ ॥ ਇਕਿ ਮਾਇਆ ਮੋਹਿ ਸੋਇ ਰਹੇ ਅਭਾਗੇ ॥ ਆਪੇ ਕਰੇ ਕਰਾਏ ਆਪੇ, ਹੋਰੁ ਕਰਣਾ ਕਿਛੂ ਨ ਜਾਈ ॥੧੦॥ ਕਾਲੁ ਮਾਰਿ ਗੁਰ ਸਬਦਿ ਨਿਵਾਰੇ ॥ ਹਰਿ ਕਾ ਨਾਮੁ ਰਖੈ ਉਰ ਧਾਰੇ ॥ ਸਤਿਗੁਰ ਸੇਵਾ ਤੇ ਸੁਖੁ ਪਾਇਆ, ਹਰਿ ਕੈ ਨਾਮਿ ਸਮਾਈ ਹੇ ॥੧੧॥ (ਹੇ ਭਾਈ!) ਭੈੜੀ ਮੱਤ ਦੇ ਕਾਰਣ ਖੋਟੀ ਜੀਵ

ਇਸਤ੍ਰੀ ਖੋਟ ਹੀ ਕਮਾਉਂਦੀ ਹੈ। (ਉਹ ਬਾਹਰੋਂ ਹਾਰ) ਸ਼ਿੰਗਾਰ ਕਰਦੀ ਹੈ, (ਪਰ ਉਹ) ਪਤੀ ਮਾਲਕ ਨੂੰ ਚੰਗੀ ਨਹੀਂ ਲਗਦੀ। ਸ਼ੁੱਭ ਗੁਣਾਂ ਵਾਲੀ ਜੀਵ ਇਸਤ੍ਰੀ ਸਦਾ ਪਤੀ ਪ੍ਰਭੂ ਦਾ ਅਨੰਦ ਮਾਣਦੀ ਹੈ, ਸਤਿਗੁਰੂ ਨੇ (ਉਸ ਨੂੰ ਅਪਣੇ ਨਾਲ) ਮਿਲਾ ਕੇ ਪ੍ਰਭੂ ਨਾਲ ਮਿਲਾ ਦਿਤਾ ਹੈ।੭। (ਹੇ ਭਾਈ!) ਪ੍ਰਭੂ ਆਪ ਹੀ ਅਪਣਾ ਹੁਕਮ ਕਰਕੇ ਸਭ ਨੂੰ ਦੇਖਦਾ ਹੈ। ਕਈ ਮਨੁੱਖਾਂ ਨੂੰ ਪ੍ਰਭੂ ਅਪਣੇ ਧੁਰੋਂ ਹੁਕਮ ਅਨੁਸਾਰ ਕੀਤੇ ਕਰਮਾਂ ਦੇ ਲੇਖੇ ਤੋਂ ਬਖਸ਼ ਲੈਂਦਾ ਹੈ। (ਉਹ ਮਨੁੱਖ) ਹਰ ਰੋਜ ਪ੍ਰਭੂ ਦੇ ਨਾਮ ਵਿਚ ਰੰਗੇ ਰਹਿੰਦੇ ਹਨ, (ਉਨ੍ਹਾਂ ਨੇ) ਸੱਚੇ ਪ੍ਰਭੂ ਨੂੰ ਪਾ ਲਿਆ ਹੈ, (ਮਨੁੱਖਾਂ ਦੇ ਵਸ ਵਿਚ ਕੁਛ ਨਹੀਂ) ਪ੍ਰਭੂ ਆਪ ਹੀ (ਉਨ੍ਹਾਂ ਨੂੰ) ਗੁਰੂ ਨਾਲ ਮਿਲਾ ਕੇ ਅਪਣੇ ਨਾਲ ਮਿਲਾ ਲੈਂਦਾ ਹੈ।੮। (ਹੇ ਭਾਈ!) ਹਉਮੈ ਵਾਲੀ ਮਾਇਆ ਜੀਵ ਨੂੰ ਮੋਹ ਦੇ ਰਸ ਵਿਚ ਲਾਈ ਰਖਦੀ ਹੈ। (ਪਰ) ਗੁਰਮੁਖ ਦੀ ਬਿਰਤੀ ਸੱਚੀ ਹੈ ਅਤੇ ਸਹਿਜ ਅਵਸਥਾ ਵਿਚ ਲੀਨ ਰਹਿੰਦੀ ਹੈ। ਪ੍ਰਭੂ ਆਪ ਹੀ (ਜੀਵ ਨੂੰ ਅਪਣੇ ਨਾਲ) ਮਿਲਾਉਂਦਾ ਹੈ ਤੇ ਆਪ ਹੀ (ਅਪਣਾ ਖੇਲ) ਕਰਕੇ ਦੇਖਦਾ ਹੈ, (ਪਰ ਇਹ) ਸਮਝ ਸਤਿਗੁਰੂ ਤੋਂ ਬਿਨਾ (ਕਿਸੇ ਨੂੰ) ਪ੍ਰਾਪਤ ਨਹੀਂ ਹੋਈ।੯। (ਹੇ ਭਾਈ!) ਕਈ ਮਨੁੱਖ ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਸਦਾ ਗਿਆਨ ਅਵਸਥਾ ਵਿਚ ਜਾਗਦੇ ਰਹਿੰਦੇ ਹਨ। ਕਈ ਅਭਾਗੇ ਮਨੁੱਖ ਮਾਇਆ ਦੇ ਮੋਹ ਵਿਚ ਸੁੱਤੇ ਰਹਿੰਦੇ ਹਨ। ਪ੍ਰਭੂ ਆਪ ਹੀ ਸਭ ਕੁਛ ਕਰਦਾ ਹੈ ਅਤੇ ਆਪ ਹੀ ਜੀਵਾਂ ਪਾਸੋਂ ਕਰਾਉਂਦਾ ਹੈ, (ਪ੍ਰਭੂ ਤੋਂ ਬਿਨਾ ਅਪਣੇ ਆਪ) ਹੋਰ ਕੁਛ ਕੀਤਾ ਨਹੀਂ ਜਾ ਸਕਦਾ।੧੦। (ਹੇ ਭਾਈ! ਜਿਹੜਾ ਮਨੁੱਖ) ਗੁਰੂ ਦੇ ਸ਼ਬਦ ਦੁਆਰਾ ਕਾਲ ਨੂੰ ਮਾਰ ਕੇ ਦੂਰ ਕਰ ਦਿੰਦਾ ਹੈ। (ਉਹ) ਹਰੀ ਦੇ ਨਾਮ ਨੂੰ ਹਿਰਦੇ ਵਿਚ ਟਿਕਾ ਕੇ ਰਖਦਾ ਹੈ। (ਉਸ ਨੇ) ਸਤਿਗੁਰੂ ਦੀ ਸੇਵਾ ਤੋਂ ਸੁਖ ਪਾਇਆ ਹੈ ਅਤੇ (ਉਸ ਦੀ ਬਿਰਤੀ) ਹਰੀ ਦੇ ਨਾਮ ਵਿਚ ਲੀਨ ਹੋਈ ਰਹਿੰਦੀ ਹੈ।੧੧।

ਪਦਾਰਥ = ਦੁਰਮਤਿ-ਖੋਟੀ ਮੱਤ ਦੇ ਕਾਰਣ। ਖੋਟੁ ਕਮਾਵੈ-ਖੋਟਾ ਕੰਮ ਕਰਣੀ ਹੈ। ਪਿਰ ਖਸਮ-ਪਤੀ ਮਾਲਕ। ਨ ਭਾਵੈ-ਚੰਗੀ ਨਹੀਂ ਲਗਦੀ। ਗੁਣਵੰਤੀ-ਗੁਣਾਂ ਵਾਲੀ ਇਸਤ੍ਰੀ। ਪਿਰੁ ਰਾਵੈ-ਪਤੀ ਪ੍ਰਭੂ ਦਾ ਅਨੰਦ ਮਾਣਦੀ ਹੈ। ਸਤਿਗੁਰਿ-ਸਤਿਗੁਰੂ ਨੇ। ਮੇਲਿ-(ਅਪਣੇ ਨਾਲ) ਮਿਲਾ ਕੇ।੭। ਆਪੇ-ਆਪ ਹੀ। ਸਭੁ-ਸਾਰੇ ਜੀਵਾਂ ਨੂੰ। ਬਖਸਿ ਲਏ-ਬਖਸ਼ ਲੈਂਦਾ ਹੈ। ਧੁਰਿ-ਧੁਰ ਤੋਂ। ਲੇਖੈ-ਲੇਖੇ ਤੋਂ। ਅਨਦਿਨੁ-ਹਰ ਰੋਜ। ਨਾਮਿ ਰਤੇ-ਨਾਮ ਵਿਚ ਰੰਗੇ ਰਹਿੰਦੇ ਹਨ। ਸਚੁ-ਸੱਚੇ ਪ੍ਰਭੂ ਨੂੰ।੮। ਧਾਤੁ-ਮਾਇਆ। ਮੋਹ ਰਸਿ-ਮੋਹ ਦੇ ਰਸ ਵਿਚ। ਸਹਜਿ-ਸਹਿਜ ਅਵਸਥਾ ਵਿਚ। ਕਰਿ-ਕਰਕੇ। ਬੂਝ-ਸਮਝ।੯। ਇਕਿ ਜਨ-ਕਈ ਮਨੁੱਖ। ਜਾਗੇ-ਜਾਗਦੇ ਹਨ। ਮੋਹਿ-ਮੋਹ ਵਿਚ। ਸੋਇ ਰਹੇ-ਸੁੱਤੇ ਰਹਿੰਦੇ ਹਨ। ਅਭਾਗੇ-ਭਾਗ ਹੀਣ ਮਨੁੱਖ। ਕਰੇ ਕਰਾਏ-ਕਰਦਾ ਤੇ ਕਰਾਉਂਦਾ ਹੈ। ਕਰਣਾ ਨ ਜਾਈ-ਕੀਤਾ ਨਹੀਂ ਜਾ ਸਕਦਾ।੧੦। ਕਾਲੁ-ਮੌਤ। ਸਬਦਿ-ਸ਼ਬਦ ਦੁਆਰਾ। ਨਿਵਾਰੇ-ਦੂਰ ਕਰ ਦਿੰਦਾ ਹੈ। ਉਰ-ਹਿਰਦੇ ਵਿਚ। ਰਖੈ ਧਾਰੇ-ਟਿਕਾ ਕੇ ਰਖਦਾ ਹੈ। ਨਾਮਿ-ਨਾਮ ਵਿਚ। ਸਮਾਈ ਹੇ-ਲੀਨ ਰਹਿੰਦੀ ਹੈ।੧੧।

ਦੂਜੈ ਭਾਇ ਫਿਰੈ ਦੇਵਾਨੀ ॥ ਮਾਇਆ ਮੋਹਿ ਦੁਖ ਮਾਹਿ ਸਮਾਨੀ ॥ ਬਹੁਤੇ ਭੇਖ ਕਰੈ ਨਹ ਪਾਏ, ਬਿਨੁ ਸਤਿਗੁਰ ਸੁਖੁ ਨ ਪਾਈ ਹੇ ॥੧੨॥ ਕਿਸ ਨੋ ਕਹੀਐ ਜਾ ਆਪਿ ਕਰਾਏ ॥ ਜਿਤੁ ਭਾਵੈ ਤਿਤੁ ਰਾਹਿ ਚਲਾਏ ॥ ਆਪੇ ਮਿਹਰਵਾਨੁ ਸੁਖ ਦਾਤਾ, ਜਿਉ ਭਾਵੈ ਤਿਵੈ ਚਲਾਈ ਹੇ ॥੧੩॥ ਆਪੇ ਕਰਤਾ ਆਪੇ ਭੁਗਤਾ ॥ ਆਪੇ ਸੰਜਮੁ ਆਪੇ ਜੁਗਤਾ ॥ ਆਪੇ ਨਿਰਮਲੁ ਮਿਹਰਵਾਨੁ ਮਧੁਸੂਦਨੁ ,ਜਿਸ ਦਾ ਹੁਕਮੁ ਨ ਮੇਟਿਆ ਜਾਈ ਹੇ ॥੧੪॥ ਸੇ ਵਡਭਾਗੀ ਜਿਨੀ ਏਕੋ ਜਾਤਾ ॥ ਘਟਿ ਘਟਿ ਵਸਿ ਰਹਿਆ ਜਗਜਜੀਵਨੁ ਦਾਤਾ ॥ ਇਕ ਥੈ ਗੁਪਤੁ ਪਰਗਟੁ ਹੈ ਆਪੇ, ਗੁਰਮੁਖਿ ਭ੍ਰਮੁ ਭਉ ਜਾਈ ਹੇ ॥੧੫॥ (ਹੇ ਭਾਈ! ਜੀਵ ਇਸਤ੍ਰੀ) ਦ੍ਵੈਤ ਭਾਵ ਵਿਚ ਕਮਲੀ ਹੋਈ ਫਿਰਦੀ ਹੈ। ਮਾਇਆ ਦੇ ਮੋਹ ਕਰਕੇ (ਉਹ) ਦੁਖ ਵਿਚ ਪਈ ਹੋਈ ਹੈ। (ਜੇ ਉਹ) ਬਹੁਤੇ ਭੇਖ ਵੀ ਕਰ ਲਵੇ, (ਫਿਰ ਵੀ ਉਹ) ਪ੍ਰਭੂ ਨੂੰ ਪ੍ਰਾਪਤ ਨਹੀਂ ਕਰ ਸਕਦੀ, ਸਤਿਗੁਰੂ ਤੋਂ ਬਿਨਾ (ਉਸ ਨੂੰ) ਸੁਖ ਪ੍ਰਾਪਤ ਨਹੀਂ ਹੋ ਸਕਦਾ।੧੨। (ਹੇ ਭਾਈ!) ਜਦ ਪ੍ਰਭੂ ਆਪ ਹੀ (ਜੀਵਾਂ ਪਾਸੋਂ ਸਭ ਕੁਛ) ਕਰਾ ਰਿਹਾ ਹੈ, ਤਾਂ ਦੋਸ਼ ਕਿਸ ਨੂੰ ਕਹੀਏ? ਜਿਸ ਤਰ੍ਹਾਂ ਪ੍ਰਭੂ ਨੂੰ ਚੰਗਾ ਲਗਦਾ ਹੈ, (ਉਹ) ਉਸੇ ਰਸਤੇ (ਜੀਵਾਂ ਨੂੰ) ਚਲਾਉਂਦਾ ਹੈ। ਸੁੱਖ ਦੇਣ ਵਾਲਾ ਪ੍ਰਭੂ ਆਪ ਹੀ ਮੇਹਰਵਾਨ ਹੈ, ਜਿਵੇਂ (ਉਸ ਨੂੰ) ਚੰਗਾ ਲਗਦਾ ਹੈ, (ਉਹ ਜੀਵਾਂ ਨੂੰ) ਉਸੇ ਤਰ੍ਹਾਂ ਚਲਾਉਂਦਾ ਹੈ।੧੩। (ਹੇ ਭਾਈ!) ਪ੍ਰਭੂ ਆਪ ਹੀ ਜੀਵਾਂ ਨੂੰ ਪੈਦਾ ਕਰਨ ਵਾਲਾ ਹੈ ਅਤੇ ਉਹ ਆਪ ਹੀ (ਜੀਵਾਂ ਦੇ ਅੰਦਰ ਵਸਦਾ ਪਦਾਰਥਾਂ ਨੂੰ) ਭੋਗਣ ਵਾਲਾ ਹੈ। ਪ੍ਰਭੂ ਆਪ ਹੀ (ਪਦਾਰਥ ਭੋਗਣ ਤੋਂ) ਸੰਕੋਚ ਕਰਨ ਵਾਲਾ ਹੈ ਅਤੇ ਉਹ ਆਪ ਹੀ (ਸਾਰੇ ਜੀਵਾਂ ਨਾਲ) ਜੁੜਿਆ ਹੋਇਆ ਹੈ। ਜਿਸ ਪ੍ਰਭੂ ਦਾ ਹੁਕਮ ਮੇਟਿਆ ਨਹੀਂ ਜਾ ਸਕਦਾ, ਉਹ ਆਪ ਹੀ ਪਵਿਤ੍ਰ ਹੈ ਤੇ ਮਿਹਰਵਾਨ ਹੈ ਅਤੇ ਮਧੂ ਦੈਂਤ ਨੂੰ ਨਾਸ਼ ਕਰਨ ਵਾਲਾ ਹੈ।੧੪। (ਹੇ ਭਾਈ!) ਜਿਨ੍ਹਾਂ ਪੁਰਖਾਂ ਨੇ ਇਕ ਪ੍ਰਭੂ ਨੂੰ (ਸਭ ਜਗ੍ਹਾ ਵਸਦਾ) ਜਾਣਿਆ ਹੈ, ਉਹ ਵੱਡੇ ਭਾਗਾਂ ਵਾਲੇ ਹਨ। (ਉਨ੍ਹਾਂ ਨੂੰ ਗਿਆਨ ਹੈ ਕਿ) ਜਗਤ ਦਾ ਜੀਵਨ ਪ੍ਰਭੂ ਹਰੇਕ ਜੀਵ ਦੇ ਹਿਰਦੇ ਵਿਚ ਵਸ ਰਿਹਾ ਹੈ। (ਪ੍ਰਭੂ) ਆਪ ਹੀ ਇਕ ਥਾਂ ਗੁਪਤ ਹੈ ਅਤੇ ਇਕ ਥਾਂ ਪਰਗਟ ਹੋ ਕੇ ਵਰਤ ਰਿਹਾ ਹੈ, ਗੁਰੂ ਦੁਆਰਾ (ਇਹ ਗਿਆਨ ਜਿਸ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ, ਉਸ ਦਾ) ਭਰਮ ਤੇ ਡਰ ਦੂਰ ਹੋ ਜਾਂਦਾ ਹੈ।੧੫।

ਅੰਗ ੧੦੪੮ = ਗੁਰਮੁਖਿ ਹਰਿ ਜੀਉ ਏਕੋ ਜਾਤਾ ॥ ਅੰਤਰਿ ਨਾਮੁ ਸਬਦਿ ਪਛਾਤਾ ॥ ਜਿਸੁ ਤੂ ਦੇਹਿ ਸੋਈ ਜਨੁ ਪਾਏ, ਨਾਨਕ ਨਾਮਿ ਵਡਾਈ ਹੇ ॥੧੬॥੪॥ (ਹੇ ਭਾਈ!) ਗੁਰਮੁਖ ਨੇ ਇਕੋ ਹਰਿ ਜੀਉ ਨੂੰ (ਸਭ ਜਗ੍ਹਾ ਵਸਦਾ) ਜਾਣਿਆ ਹੈ। (ਉਸ ਦੇ) ਹਿਰਦੇ

ਅੰਦਰ ਪ੍ਰਭੂ ਦਾ ਨਾਮ ਹੈ (ਜਿਸ ਨੂੰ ਉਸ ਨੇ) ਗੁਰੂ ਦੇ ਸ਼ਬਦ ਦੁਆਰਾ ਪਛਾਣਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ! ਉਹ ਹੀ ਮਨੁੱਖ ਨਾਮ ਪ੍ਰਾਪਤ ਕਰਦਾ ਹੈ, ਜਿਸ ਨੂੰ ਤੂੰ (ਇਹ ਦਾਤ) ਦੇਂਦਾ ਹੈਂ, ਨਾਮ ਦੁਆਰਾ (ਉਸ ਨੂੰ ਲੋਕ ਪ੍ਰਲੋਕ ਵਿਚ) ਵਡਿਆਈ ਪ੍ਰਾਪਤ ਹੁੰਦੀ ਹੈ।੧੬।੪।

ਪਦਾਰਥ = ਦੂਜੈ ਭਾਇ–ਦ੍ਵੈਤ ਭਾਵ ਵਿਚ (ਇਕ ਪ੍ਰਭੂ ਨੂੰ ਛਡ ਕੇ ਕਿਸੇ ਹੋਰ ਦਾ ਪਿਆਰ)। ਫਿਰੈ ਦੇਵਾਨੀ–ਕਮਲੀ ਹੋਈ ਫਿਰਦੀ ਹੈ। ਮੋਹਿ–ਮੋਹ ਵਿਚ। ਮਾਹਿ–ਵਿਚ। ਸਮਾਨੀ–ਪਈ ਹੋਈ ਹੈ। ਨਹ ਪਾਏ–ਪ੍ਰਾਪਤ ਨਹੀਂ ਕਰ ਸਕਦੀ।੧੨। ਕਿਸ ਨੋ–ਕਿਸ ਨੂੰ। ਜਾ –ਜਦ। ਆਪਿ–ਆਪ ਹੀ। ਕਰਾਏ–ਕਰਾ ਰਿਹਾ ਹੈ। ਜਿਤੁ–ਜਿਸ ਤਰ੍ਹਾਂ। ਭਾਵੈ–ਚੰਗਾ ਲਗਦਾ ਹੈ। ਤਿਤੁ–ਉਸੇ ਪਾਸੇ। ਰਾਹਿ–ਰਸਤੇ ਉਤੇ। ਤਿਵੈ–ਉਸੇ ਤਰ੍ਹਾਂ।੧੩। ਕਰਤਾ–ਪੈਦਾ ਕਰਨ ਵਾਲਾ। ਭੁਗਤਾ–(ਪਦਾਰਥਾਂ ਨੂੰ) ਭੋਗਣ ਵਾਲਾ। ਸੰਜਮੁ–ਸੰਕੋਚ; ਪਰਹੇਜ। ਜੁਗਤਾ–ਜੁੜਿਆ ਹੋਇਆ। ਨਿਰਮਲੁ–ਪਵਿਤ੍ਰ। ਮਧੁਸੂਦਨੁ–ਮਧੂ ਦੈਂਤ ਨੂੰ ਮਾਰਨ ਵਾਲਾ।੧੪। ਸੇ–ਉਹ (ਪੁਰਖ)। ਜਿਨੀ–ਜਿਨ੍ਹਾਂ ਨੇ। ਏਕੋ–ਇਕ ਪ੍ਰਭੂ ਨੂੰ। ਜਾਤਾ–ਜਾਣਿਆ ਹੈ। ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ। ਜਗਜੀਵਨੁ–ਜਗਤ ਦਾ ਜੀਵਨ ਪ੍ਰਭੂ। ਇਕ ਥੈ–ਇਕ ਥਾਂ। ਗੁਪਤੁ–ਲੁਕਿਆ ਹੋਇਆ। ਪਰਗਟੁ–ਪ੍ਰਤੱਖ ਦਿਸਦਾ ਹੈ। ਗੁਰਮੁਖਿ–ਗੁਰੂ ਦੁਆਰਾ। ਭਉ–ਡਰ। ਜਾਈ ਹੇ–ਦੂਰ ਹੋ ਜਾਂਦਾ ਹੈ।੧੫। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਜਾਤਾ–ਜਾਣਿਆ ਹੈ। ਅੰਤਰਿ–ਹਿਰਦੇ ਅੰਦਰ। ਸਬਦਿ–ਸ਼ਬਦ ਦੁਆਰਾ। ਦੇਹਿ–ਦੇਂਦਾ ਹੈਂ। ਸੋਈ–ਉਹ ਹੀ। ਜਨੁ–ਮਨੁੱਖ। ਨਾਮਿ–ਨਾਮ ਦੁਆਰਾ।੧੬।੪।

ਮਾਰੂ ਮਹਲਾ ੩ ॥ ਸਚੁ ਸਾਲਾਹੀ ਗਹਿਰ ਗੰਭੀਰੈ ॥ ਸਭੁ ਜਗੁ ਹੈ ਤਿਸ ਹੀ ਕੈ ਚੀਰੈ ॥ ਸਭਿ ਘਟ ਭੋਗਵੈ ਸਦਾ ਦਿਨੁ ਰਾਤੀ, ਆਪੇ ਸੂਖ ਨਿਵਾਸੀ ਹੇ ॥੧॥ ਸਚਾ ਸਾਹਿਬੁ ਸਚੀ ਨਾਈ ॥ ਗੁਰ ਪਰਸਾਦੀ ਮੰਨਿ ਵਸਾਈ ॥ ਆਪੇ ਆਇ ਵਸਿਆ ਘਟ ਅੰਤਰਿ, ਤੂਟੀ ਜਮ ਕੀ ਫਾਸੀ ਹੇ ॥੨॥ ਕਿਸੁ ਸੇਵੀ ਤੈ ਕਿਸੁ ਸਾਲਾਹੀ ॥ ਸਤਿਗੁਰੁ ਸੇਵੀ ਸਬਦਿ ਸਾਲਾਹੀ ॥ ਸਚੈ ਸਬਦਿ ਸਦਾ ਮਤਿ ਊਤਮ, ਅੰਤਰਿ ਕਮਲ ਪ੍ਰਗਾਸੀ ਹੇ ॥੩॥ ਦੇਹੀ ਕਾਚੀ ਕਾਗਦ ਮਿਕਦਾਰਾ ॥ ਬੂੰਦ ਪਵੈ ਬਿਨਸੈ ਢਹਤ ਨ ਲਾਗੈ ਬਾਰਾ ॥ ਕੰਚਨ ਕਾਇਆ ਗੁਰਮੁਖਿ ਬੂਝੈ, ਜਿਸੁ ਅੰਤਰਿ ਨਾਮੁ ਨਿਵਾਸੀ ਹੇ ॥੪॥ ਸਚਾ ਚਉਕਾ ਸੁਰਤਿ ਕੀ ਕਾਰਾ ॥ ਹਰਿ ਨਾਮੁ ਭੋਜਨੁ ਸਚੁ ਆਧਾਰਾ ॥ ਸਦਾ ਤ੍ਰਿਪਤਿ ਪਵਿਤ੍ਰੁ ਹੈ ਪਾਵਨੁ ,ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ ॥੧੫॥ ਹਉ ਤਿਨ ਬਲਿਹਾਰੀ ਜੋ ਸਾਚੈ ਲਾਗੇ ॥ ਹਰਿ ਗੁਣ ਗਾਵਹਿ ਅਨਦਿਨੁ ਜਾਗੇ ॥ ਸਾਚਾ ਸੂਖੁ ਸਦਾ ਤਿਨ ਅੰਤਰਿ, ਰਸਨਾ ਹਰਿ ਰਸਿ ਰਾਸੀ ਹੇ ॥੬॥ (ਹੇ ਭਾਈ!) ਮੈਂ ਬਹੁਤ ਡੂੰਘਾ ਤੇ ਗੰਭੀਰ ਸੱਚੇ ਪ੍ਰਭੂ ਨੂੰ ਸਲਾਹੁੰਦਾ ਹਾਂ। ਸਾਰਾ ਜਗਤ ਉਸ ਪ੍ਰਭੂ ਦੇ ਹੀ ਹੁਕਮ ਵਿਚ ਚਲਦਾ ਹੈ। ਸਾਰੇ ਜੀਵਾਂ ਨੂੰ ਭੋਗ (ਅਨੰਦ ਦੇ) ਰਿਹਾ ਹੈ ਅਤੇ ਪ੍ਰਭੂ ਆਪ ਹੀ ਸੁੱਖਾਂ ਦਾ ਅਸਥਾਨ ਹੈ।੧। (ਹੇ ਭਾਈ!) ਮਾਲਕ ਪ੍ਰਭੂ ਸੱਚਾ ਹੈ ਅਤੇ (ਉਸ ਦੀ) ਵਡਿਆਈ ਵੀ ਸੱਚੀ ਹੈ। ਗੁਰੂ ਦੀ ਕਿਰਪਾ ਨਾਲ ਮੈਂ (ਉਸ ਦੀ ਵਡਿਆਈ) ਮਨ ਵਿਚ ਵਸਾਈ ਹੈ। ਪ੍ਰਭੂ ਆਪ ਹੀ (ਜਿਸ ਮਨੁੱਖ ਦੇ) ਹਿਰਦੇ ਅੰਦਰ ਆ ਕੇ ਵਸ ਗਿਆ ਹੈ, (ਉਸ ਦੇ ਗਲ ਵਿਚ ਪਈ) ਜਮਾਂ ਦੀ ਫਾਹੀ ਟੁੱਟ ਗਈ ਹੈ।੨। (ਹੇ ਭਾਈ!) ਮੈ ਕਿਸ ਦੀ ਸੇਵਾ ਭਗਤੀ ਕਰਾਂ ਅਤੇ ਕਿਸ ਦੀ ਸਿਫਤ ਸਲਾਹ ਕਰਾਂ? (ਇਸ ਦਾ ਉਤਰ ਇਹ ਹੈ ਕਿ) ਮੈਂ ਸਤਿਗੁਰੂ ਦੀ ਸੇਵਾ ਕਰਦਾ ਹਾਂ ਅਤੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਭੂ ਦੀ ਸਿਫਤ ਸਲਾਹ ਕਰਦਾ ਹਾਂ। ਸੱਚੇ ਗੁਰੂ ਦੇ ਸ਼ਬਦ ਦੁਆਰਾ ਮਨੁੱਖ ਦੀ ਅਕਲ ਉਤਮ ਹੋ ਜਾਂਦੀ ਹੈ ਅਤੇ (ਉਸ ਦੇ) ਸਰੀਰ ਅੰਦਰ ਹਿਰਦਾ ਕਮਲ ਖਿੜਿਆ ਰਹਿੰਦਾ ਹੈ।੩। (ਹੇ ਭਾਈ! ਮਨੁੱਖਾ) ਦੇਹ ਕਾਗਜ ਵਾਂਗ ਕੱਚੀ (ਨਾਸ਼ਵੰਤ) ਹੈ। ਕਾਗਜ ਉਤੇ ਜਦੋਂ ਪਾਣੀ ਦੀ ਬੂੰਦ ਪੈ ਜਾਵੇ, (ਤਾਂ ਕਾਗਜ) ਨਾਸ਼ ਹੋ ਜਾਂਦਾ ਹੈ, (ਇਸੇ ਤਰ੍ਹਾਂ ਦੇਹ ਨੂੰ) ਢਹਿੰਦਿਆਂ ਦੇਰ ਨਹੀਂ ਲਗਦੀ। (ਦੂਜੇ ਪਾਸੇ ਉਸ ਮਨੁੱਖ ਦਾ) ਸਰੀਰ ਸੋਨੇ ਵਰਗਾ ਸੋਹਣਾ ਤੇ ਅਰੋਗ ਹੈ, (ਜਿਸ ਨੂੰ) ਗੁਰੂ ਦੁਆਰਾ ਸਮਝ ਆ ਜਾਂਦੀ ਹੈ ਅਤੇ ਜਿਸ ਦੇ ਅੰਦਰ ਪ੍ਰਭੂ ਦਾ ਨਾਮ ਆ ਵਸਦਾ ਹੈ।੪। (ਅਜੇਹੇ ਗੁਰਮੁਖ ਦਾ) ਹਿਰਦਾ ਰੂਪ ਚੌਂਕਾ ਸੱਚਾ ਹੈ, (ਕਿਉਂਕਿ ਉਸ ਉਤੇ) ਸੁਰਤ ਦੀਆਂ ਲਕੀਰਾਂ ਕੱਢੀਆਂ ਹੋਈਆ ਹਨ (ਉਹ ਵਿਕਾਰਾਂ ਨੂੰ ਮਨ ਵਿਚ ਵੜਨ ਨਹੀਂ ਦਿੰਦਾ)। ਹਰੀ ਦਾ ਸੱਚਾ ਨਾਮ ਹੀ (ਉਸ ਦਾ) ਭੋਜਨ ਤੇ ਆਸਰਾ ਹੈ। ਜਿਸ ਹਿਰਦੇ ਵਿਚ ਹਰੀ ਦਾ ਨਾਮ ਵਸਦਾ ਹੈ, (ਉਹ ਹਿਰਦਾ ਪਦਾਰਥਾਂ ਵੱਲੋਂ) ਸਦਾ ਰੱਜਿਆ ਰਹਿੰਦਾ ਹੈ ਅਤੇ ਪਵਿਤ੍ਰ ਤੋਂ ਪਵਿਤ੍ਰ ਹੈ।੫। (ਹੇ ਭਾਈ!) ਮੈਂ ਉਨ੍ਹਾਂ ਤੋਂ ਸਦਕੇ ਜਾਂਦਾ ਹਾਂ, ਜਿਹੜੇ ਮਨੁੱਖ ਸੱਚੇ ਪ੍ਰਭੂ ਦੇ ਨਾਮ ਸਿਮਰਨ ਵਿਚ ਲੱਗੇ ਹੋਏ ਹਨ ਅਤੇ ਹਰ ਰੋਜ ਜਾਗ ਕੇ ਹਰੀ ਦੇ ਗੁਣ ਗਾਉਂਦੇ ਹਨ। ਉਨ੍ਹਾਂ ਦੇ ਅੰਦਰ ਸੱਚਾ ਸੁਖ ਟਿਕਿਆ ਰਹਿੰਦਾ ਹੈ, (ਕਿਉਂਕਿ ਉਨ੍ਹਾਂ ਦੀ) ਜੀਭ ਹਰੀ ਦੇ ਰਸ ਵਿਚ ਰਸੀ ਹੋਈ ਹੈ।੬।

ਪਦਾਰਥ = ਸਚੁ–ਸੱਚਾ ਪ੍ਰਭੂ। ਸਾਲਾਹੀ–ਮੈਂ ਸਲਾਹੁੰਦਾ ਹਾਂ। ਗਹਿਰ–ਡੂੰਘਾ; ਅਥਾਹ। ਗੰਭੀਰੈ–ਵੱਡੇ ਜਿਗਰੇ ਵਾਲਾ। ਤਿਸ ਹੀ–ਉਸ ਦੇ ਹੀ। ਕੈ ਚੀਰੈ–ਦੇ ਹੁਕਮ ਵਿਚ; ਦੇ ਵਸ ਵਿਚ। ਸਭਿ ਘਟ–ਸਾਰੇ ਸਰੀਰਾਂ ਵਿਚ। ਭੋਗਵੈ–ਭੋਗ ਰਿਹਾ ਹੈ। ਆਪੇ–ਆਪ ਹੀ। ਸੂਖ ਨਿਵਾਸੀ–ਸੁੱਖਾਂ ਦਾ ਅਸਥਾਨ।੧। ਸਾਹਿਬੁ–ਮਾਲਕ। ਨਾਈ–ਵਡਿਆਈ। ਗੁਰ ਪਰਸਾਦੀ–ਗੁਰੂ ਦੀ ਕਿਰਪਾ ਨਾਲ। ਮੰਨਿ–ਮਨ ਵਿਚ। ਘਟ ਅੰਤਰਿ–ਹਿਰਦੇ ਅੰਦਰ। ਜਮ ਕੀ ਫਾਸੀ–ਜਮਾਂ ਦੀ ਫਾਹੀ।੨। ਕਿਸੁ–ਕਿਸ ਦੀ। ਸੇਵੀ–ਸੇਵਾ ਕਰਾਂ। ਤੈ–ਅਤੇ। ਸਾਲਾਹੀ–ਸਿਫਤ ਸਲਾਹ ਕਰਾਂ। ਸਬਦਿ–ਸ਼ਬਦ ਵਿਚ ਜੁੜ ਕੇ। ਸਚੈ ਸਬਦਿ–ਸੱਚੇ ਗੁਰੂ ਦੇ ਸ਼ਬਦ ਰਾਹੀਂ। ਮਤਿ–ਅਕਲ। ਅੰਤਰਿ–ਸਰੀਰ ਦੇ

ਅੰਦਰ।ਕਮਲ–ਹਿਰਦਾ ਕਮਲ।ਪ੍ਰਗਾਸੀ ਹੇ–ਖਿੜਿਆ ਰਹਿੰਦਾ ਹੈ।੩।ਦੇਹੀ–ਸਰੀਰ।ਕਾਚੀ–ਨਾਸ਼ਵੰਤ।ਕਾਗਦ ਮਿਕਦਾਰਾ–ਕਾਗਜ ਵਾਂਗ।ਬਿਨਸੈ–ਨਾਸ਼ ਹੋ ਜਾਂਦਾ ਹੈ।ਢਹਤ–ਢਹਿੰਦਿਆਂ।ਨ ਲਾਗੈ ਬਾਰਾ–ਦੇਰ ਨਹੀਂ ਲਗਦੀ।ਕੰਚਨ–ਸੋਨਾ।ਗੁਰਮੁਖਿ–ਗੁਰੂ ਰਾਹੀਂ।੪।ਚਉਕਾ–ਚੁਲ੍ਹੇ ਵਾਲੀ ਜਗ੍ਹਾ।ਸੁਰਤਿ ਕੀ–ਸੂਝ ਬੂਝ ਦੀ।ਕਾਰਾ–ਲਕੀਰਾਂ।ਆਧਾਰਾ–ਆਸਰਾ।ਤ੍ਰਿਪਤਿ–ਰੱਜ; ਸੰਤੋਖ।ਪਾਵਨੁ–ਪਵਿਤ੍ਰ।ਜਿਤੁ ਘਟਿ–ਜਿਸ ਹਿਰਦੇ ਵਿਚ।੫।ਹਉ–ਮੈਂ।ਤਿਨ–ਉਨ੍ਹਾਂ ਤੋਂ।ਬਲਿਹਾਰੀ–ਸਦਕੇ ਜਾਂਦਾ ਹਾਂ।ਸਾਚੈ–ਸੱਚੇ ਪ੍ਰਭੂ ਦੇ ਨਾਮ ਵਿਚ।ਅਨਦਿਨੁ–ਹਰ ਰੋਜ।ਜਾਗੇ–ਜਾਗ ਕੇ।ਰਸਨਾ–ਜੀਭ।ਰਸਿ–ਰਸ ਵਿਚ।ਰਾਸੀ ਹੇ–ਰਸੀ ਹੋਈ ਹੈ।੬।

ਹਰਿ ਨਾਮੁ ਚੇਤਾ ਅਵਰੁ ਨ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥ ਪੂਰੈ ਗੁਰਿ ਸਭੁ ਸਚੁ ਦਿਖਾਇਆ, ਸਚੈ ਨਾਮਿ ਨਿਵਾਸੀ ਹੇ ॥੭॥ ਭ੍ਰਮਿ ਭ੍ਰਮਿ ਜੋਨੀ ਫਿਰਿ ਫਿਰਿ ਆਇਆ ॥ ਆਪਿ ਭੁਲਾ ਜਾ ਖਸਮਿ ਭੁਲਾਇਆ ॥ ਹਰਿ ਜੀਉ ਮਿਲੈ ਤਾ ਗੁਰਮੁਖਿ ਬੂਝੈ, ਚੀਨੈ ਸਬਦੁ ਅਬਿਨਾਸੀ ਹੇ ॥੮॥ ਕਾਮਿ ਕ੍ਰੋਧਿ ਭਰੇ ਹਮ ਅਪਰਾਧੀ ॥ ਕਿਆ ਮੁਹੁ ਲੈ ਬੋਲਹ, ਨਾ ਹਮ ਗੁਣ ਨ ਸੇਵਾ ਸਾਧੀ ॥ ਡੁਬਦੇ ਪਾਥਰ ਮੇਲਿ ਲੈਹੁ ਤੁਮ ਆਪੇ, ਸਾਚੁ ਨਾਮੁ ਅਬਿਨਾਸੀ ਹੇ ॥੯॥ ਨਾ ਕੋਈ ਕਰੇ ਨ ਕਰਣੈ ਜੋਗਾ ॥ ਆਪੇ ਕਰਹਿ ਕਰਾਵਹਿ ਸੁ ਹੋਇਗਾ ॥ ਆਪੇ ਬਖਸਿ ਲੈਹਿ ਸੁਖੁ ਪਾਏ, ਸਦ ਹੀ ਨਾਮਿ ਨਿਵਾਸੀ ਹੇ ॥੧੦॥ ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ ॥ ਹਰਿ ਸਾਚੇ ਸੇਤੀ ਵਣਜੁ ਵਾਪਾਰਾ ॥ ਸਚੁ ਧਨੁ ਜੰਮਿਆ ਤੋਟਿ ਨ ਆਵੈ, ਅੰਤਰਿ ਨਾਮੁ ਨਿਵਾਸੀ ਹੇ ॥੧੧॥ (ਹੇ ਭਾਈ!) ਮੈਂ ਹਰੀ ਦੇ ਨਾਮ ਨੂੰ ਚੇਤੇ ਕਰਦਾ ਹਾਂ, ਮੈਂ ਕਿਸੇ ਹੋਰ ਨੂੰ ਨਹੀਂ ਪੂਜਦਾ।ਮੈਂ ਇਕ ਪ੍ਰਭੂ ਦੀ ਹੀ ਸੇਵਾ ਭਗਤੀ ਕਰਦਾ ਹਾਂ, ਹੋਰ ਕਿਸੇ ਦੂਜੇ ਦੀ ਸੇਵਾ ਨਹੀਂ ਕਰਦਾ।ਪੂਰੇ ਗੁਰੂ ਨੇ ਮੈਨੂੰ ਸਭ ਜਗ੍ਹਾ ਸੱਚਾ ਪ੍ਰਭੂ ਵਸਦਾ ਦਿਖਾ ਦਿਤਾ ਹੈ, (ਜਿਸ ਕਰਕੇ ਮੇਰਾ) ਸੱਚੇ ਪ੍ਰਭੂ ਦੇ ਨਾਮ ਵਿਚ ਨਿਵਾਸ ਹੋ ਗਿਆ ਹੈ।੭।(ਹੇ ਭਾਈ!) ਜੀਵ ਮੁੜ ਮੁੜ ਜੋਨੀਆਂ ਵਿਚ ਘੁੰਮ ਘੁੰਮ ਕੇ (ਮਨੁੱਖਾ ਜਨਮ ਵਿਚ) ਆਇਆ ਹੈ।(ਪ੍ਰਸ਼ਨ।ਇਹ ਜੀਵ) ਆਪ ਭੁੱਲਿਆ ਹੈ, ਜਾਂ ਮਾਲਕ ਨੇ ਭੁਲਾਇਆ ਹੈ? (ਉਤਰ।ਜੀਵ ਕੁਸੰਗਤ ਕਰਕੇ ਭੁੱਲਿਆ ਹੈ, ਮਾਲਕ ਨੇ ਇਸ ਨੂੰ ਭੈੜੇ ਕਰਮਾਂ ਕਰਕੇ ਭੁਲਾਇਆ ਹੈ।ਜਦੋਂ ਜੀਵ) ਗੁਰੂ ਦੀ ਸ਼ਰਨ ਵਿਚ ਪੈ ਕੇ ਪ੍ਰਭੂ ਨੂੰ ਸਮਝਦਾ ਹੈ ਤੇ ਨਾਸ਼ ਰਹਿਤ ਪ੍ਰਭੂ ਦੇ ਸ਼ਬਦ ਨੂੰ ਜਾਣ ਲੈਂਦਾ ਹੈ, ਤਾਂ (ਇਸ ਨੂੰ) ਹਰੀ ਮਿਲਦਾ ਹੈ।੮।(ਹੇ ਪ੍ਰਭੂ!) ਅਸੀਂ ਕਾਮ ਤੇ ਕ੍ਰੋਧ ਨਾਲ ਭਰੇ ਹੋਏ ਪਾਪੀ ਹਾਂ।(ਤੇਰੇ ਅੱਗੇ) ਅਸੀਂ ਕਿਹੜਾ ਮੂੰਹ ਲੈ ਕੇ ਬੋਲੀਏ? (ਪਾਪਾਂ ਦੇ ਕਾਰਣ ਤੇਰੇ ਅੱਗੇ ਅਰਦਾਸ ਕਰਨ ਦਾ ਹੀਆਂ ਨਹੀਂ ਪੈ ਰਿਹਾ), ਨਾ ਸਾਡੇ ਵਿਚ ਕੋਈ ਗੁਣ ਹੈ ਅਤੇ ਨਾ ਅਸੀਂ ਤੇਰੀ ਸੇਵਾ ਭਗਤੀ ਕੀਤੀ ਹੈ।ਵਿਕਾਰਾਂ ਵਿਚ ਡੁਬ ਰਹੇ ਸਾਨੂੰ ਪੱਥਰ ਦਿਲ ਪਾਪੀਆਂ ਨੂੰ ਤੂੰ ਆਪ ਹੀ (ਦਇਆ ਕਰਕੇ) ਅਪਣੇ ਨਾਲ ਮਿਲਾ ਲੈ, (ਜੇ ਤੇਰਾ) ਨਾਸ਼ ਰਹਿਤ ਸੱਚਾ ਨਾਮ ਮਿਲ ਜਾਵੇ (ਤਾਂ ਸਾਡੇ ਪਾਪ ਬਖਸ਼ੇ ਜਾ ਸਕਦੇ ਹਨ)।੯।(ਹੇ ਪ੍ਰਭੂ! ਤੇਰੇ ਹੁਕਮ ਤੋਂ ਬਿਨਾ) ਕੋਈ ਜੀਵ ਨਾ ਕੁਛ ਕਰ ਸਕਦਾ ਹੈ ਅਤੇ ਨਾ ਹੀ ਕੁਛ ਕਰਨ ਦੇ ਜੋਗ ਹੈ।ਤੂੰ ਆਪ ਹੀ ਸਭ ਕੁਛ ਕਰਦਾ ਹੈਂ ਅਤੇ (ਜੋ ਕੁਛ ਜੀਵਾਂ ਪਾਸੋਂ) ਤੂੰ ਕਰਾਏਂਗਾ, ਉਹ ਹੀ ਹੋਵੇਗਾ।(ਜਿਸ ਮਨੁੱਖ) ਤੂੰ ਆਪ ਹੀ ਬਖਸ਼ ਲੈਂਦਾ ਹੈਂ, ਉਹ ਸਦਾ ਹੀ ਨਾਮ ਵਿਚ ਨਿਵਾਸ ਕਰਕੇ ਸੁਖ ਪਾਉਂਦਾ ਹੈ।੧੦।(ਹੇ ਭਾਈ!) ਇਹ ਸਰੀਰ ਧਰਤੀ ਹੈ (ਇਸ ਵਿਚ) ਬੇਅੰਤ ਪ੍ਰਭੂ ਦਾ ਸ਼ਬਦ ਰੂਪ ਬੀਜ ਬੀਜਿਆ ਕਰ।ਅਤੇ ਸੱਚੇ ਹਰੀ ਨਾਲ (ਨਾਮ ਦਾ) ਵਣਜ ਵਪਾਰ ਕਰਿਆ ਕਰ (ਆਪ ਨਾਮ ਜਪਿਆ ਕਰ ਤੇ ਹੋਰਨਾਂ ਨੂੰ ਜਪਾਇਆ ਕਰ।ਇਸ ਤਰ੍ਹਾਂ ਜਿਸ ਦੇ ਅੰਦਰ) ਸੱਚਾ ਨਾਮ ਧਨ ਜੰਮਿਆ ਹੈ, (ਉਸ ਵਿਚ) ਕਦੇ ਤੋਟ ਨਹੀਂ ਆਉਂਦੀ ਅਤੇ (ਉਸ ਦੇ) ਹਿਰਦੇ ਅੰਦਰ ਨਾਮ ਨਿਵਾਸ ਹੋਇਆ ਰਹਿੰਦਾ ਹੈ।੧੧।

ਪਦਾਰਥ = ਚੇਤਾ–ਮੈਂ ਚੇਤੇ ਕਰਦਾ ਹਾਂ।ਅਵਰੁ–ਹੋਰ।ਨ ਪੂਜਾ–ਨਹੀਂ ਪੂਜਦਾ।ਏਕੋ ਸੇਵੀ–ਇਕ ਪ੍ਰਭੂ ਦੀ ਸੇਵਾ ਭਗਤੀ ਕਰਦਾ ਹਾਂ।ਪੂਰੈ ਗੁਰਿ–ਪੂਰੇ ਗੁਰੂ ਨੇ।ਸਭੁ–ਸਭ ਜਗ੍ਹਾ।ਸਚੁ–ਸੱਚਾ ਪ੍ਰਭੂ।ਸਚੈ ਨਾਮਿ–ਸੱਚੇ ਪ੍ਰਭੂ ਦੇ ਨਾਮ ਵਿਚ।ਨਿਵਾਸੀ–ਨਿਵਾਸ ਕਰਨ ਵਾਲਾ।੭।ਭ੍ਰਮਿ ਭ੍ਰਮਿ–ਘੁੰਮ ਘੁੰਮ ਕੇ।ਫਿਰਿ ਫਿਰਿ–ਮੁੜ ਮੁੜ।ਜਾ–ਜਦੋਂ; ਜਾਂ।ਖਸਮਿ–ਮਾਲਕ ਨੇ।ਤਾ–ਤਾਂ।ਗੁਰਮੁਖਿ–ਗੁਰੂ ਦੀ ਸ਼ਰਨ ਵਿਚ ਪੈ ਕੇ।ਚੀਨੈ–ਜਾਣ ਲੈਂਦਾ ਹੈ।ਅਬਿਨਾਸੀ–ਨਾਸ਼ ਰਹਿਤ ਪ੍ਰਭੂ।੮।ਕਾਮਿ–ਕਾਮ ਨਾਲ।ਕ੍ਰੋਧਿ–ਕ੍ਰੋਧ ਨਾਲ।ਹਮ–ਅਸੀਂ।ਅਪਰਾਧੀ–ਪਾਪੀ।ਮੁਹੁ ਲੈ–ਮੂੰਹ ਲੈ ਕੇ।ਬੋਲਹ–ਅਸੀਂ ਬੋਲੀਏ।ਸਾਧੀ–ਕੀਤੀ।ਤੁਮ ਆਪੇ–ਤੂੰ ਆਪ ਹੀ।੯।ਕਰਣੈ ਜੋਗਾ–ਕਰਨ ਦੇ ਜੋਗ ਹੈ।ਆਪੇ ਕਰਹਿ–ਆਪ ਹੀ ਕਰਦਾ ਹੈਂ।ਕਰਾਵਹਿ–ਕਰਾਉਂਦਾ ਹੈ।ਸੁ–ਉਹ।੧੦।ਤਨੁ–ਸਰੀਰ।ਸਬਦੁ ਅਪਾਰਾ–ਬੇਅੰਤ ਪ੍ਰਭੂ ਦਾ ਸ਼ਬਦ।ਸਾਚੇ ਸੇਤੀ–ਸੱਚੇ ਪ੍ਰਭੂ ਨਾਲ।ਜੰਮਿਆ–ਉੱਗਿਆ ਹੈ।ਤੋਟਿ–ਘਾਟਾ।ਅੰਤਰਿ–ਹਿਰਦੇ ਅੰਦਰ।੧੧।

ਹਰਿ ਜੀਉ ਅਵਗਣਿਆਰੇ ਨੋ ਗੁਣੁ ਕੀਜੈ ॥ ਆਪੇ ਬਖਸਿ ਲੈਹਿ ਨਾਮੁ ਦੀਜੈ ॥ ਗੁਰਮੁਖਿ ਹੋਵੈ ਸੋ ਪਤਿ ਪਾਏ, ਇਕਤੁ ਨਾਮਿ ਨਿਵਾਸੀ ਹੇ ॥੧੨॥ ਅੰਤਰਿ ਹਰਿ ਧਨੁ ਸਮਝ ਨ ਹੋਈ ॥ ਗੁਰ ਪਰਸਾਦੀ ਬੂਝੈ ਕੋਈ ॥ ਗੁਰਮੁਖਿ ਹੋਵੈ ਸੋ ਧਨੁ ਪਾਏ, ਸਦ ਹੀ ਨਾਮਿ ਨਿਵਾਸੀ ਹੇ ॥੧੩॥ ਅਨਲ ਵਾਉ ਭਰਮਿ ਭੁਲਾਈ ॥ ਮਾਇਆ ਮੋਹਿ ਸੁਧਿ ਨ ਕਾਈ ॥ ਮਨਮੁਖ ਅੰਧੇ ਕਿਛੂ ਨ ਸੂਝੈ, ਗੁਰਮਤਿ ਨਾਮੁ ਪ੍ਰਗਾਸੀ ਹੇ ॥੧੪॥ (ਅਰਦਾਸ) ਹੇ ਹਰਿ ਜੀਉ! ਮੈਂ ਔਗਣਾਂ ਵਾਲੇ ਨੂੰ ਤੂੰ ਗੁਣ ਬਖਸ਼ਿਸ਼ ਕਰ।ਤੂੰ ਆਪ ਹੀ ਮੇਰੇ ਔਗਣ ਬਖਸ਼ ਲੈ ਅਤੇ (ਮੈਨੂੰ ਅਪਣਾ) ਨਾਮ ਬਖਸ਼ ਦੇਹ।(ਹੇ ਭਾਈ!) ਜੋ ਮਨੁੱਖ ਗੁਰਮੁਖ ਹੁੰਦਾ ਹੈ, ਉਹ ਇਕ ਨਾਮ ਵਿਚ ਨਿਵਾਸ ਕਰਦਾ ਹੈ ਅਤੇ (ਲੋਕ ਪ੍ਰਲੋਕ ਵਿਚ) ਇੱਜਤ ਪ੍ਰਾਪਤ ਕਰਦਾ ਹੈ।੧੨।(ਹੇ ਭਾਈ!) ਹਰੀ ਦਾ ਨਾਮ ਧਨ ਹਰੇਕ ਮਨੁੱਖ ਦੇ

ਹਿਰਦੇ ਅੰਦਰ ਮੌਜੂਦ ਹੈ, (ਪਰ ਮਨੁੱਖ ਨੂੰ ਇਸ ਦੀ) ਸਮਝ ਨਹੀਂ। ਗੁਰੂ ਦੀ ਕ੍ਰਿਪਾ ਨਾਲ ਕੋਈ (ਵਿਰਲਾ ਮਨੁੱਖ ਇਸ ਭੇਦ ਨੂੰ) ਸਮਝਦਾ ਹੈ। (ਜਿਹੜਾ ਮਨੁੱਖ) ਗੁਰਮੁਖ ਹੁੰਦਾ ਹੈ, ਉਹ ਨਾਮ ਧਨ ਪ੍ਰਾਪਤ ਕਰਦਾ ਹੈ ਅਤੇ ਉਹ ਸਦਾ ਹੀ ਨਾਮ ਵਿਚ ਨਿਵਾਸ ਰੱਖਦਾ ਹੈ।੧੩। (ਹੇ ਭਾਈ!) ਤ੍ਰਿਸ਼ਨਾ ਦੀ ਅੱਗ ਨੇ ਅਤੇ ਵਾਸ਼ਨਾ ਦੀ ਹਵਾ ਨੇ ਸਾਰੀ ਦੁਨੀਆਂ ਭਰਮ ਵਿਚ ਭੁਲਾਈ ਹੋਈ ਹੈ। ਮਾਇਆ ਦੇ ਮੋਹ ਵਿਚ (ਫਸੀ ਹੋਈ ਦੁਨੀਆਂ ਨੂੰ ਇਸ ਅਨਲ ਵਾਉ ਦੀ) ਕੋਈ ਸੂਝ ਬੂਝ ਨਹੀਂ। ਅੰਨ੍ਹੇ ਹੋਏ ਮਨਮੁਖ ਨੂੰ ਕੁਛ ਸੁਝਦਾ ਨਹੀਂ, ਗੁਰੂ ਦੀ ਸਿੱਖਿਆ ਰਾਹੀਂ ਹੀ (ਮਨੁੱਖ ਦੇ ਅੰਦਰ) ਨਾਮ ਪ੍ਰਗਟ ਹੁੰਦਾ ਹੈ।੧੪।

ਅੰਗ ੧੦੪੯ = ਮਨਮੁਖ ਹਉਮੈ ਮਾਇਆ ਸੂਤੇ ॥ ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ ॥ ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ, ਦੁਖੇ ਦੁਖਿ ਨਿਵਾਸੀ ਹੇ ॥੧੫॥ ਆਪੇ ਕਰਤੈ ਕਾਰ ਕਰਾਈ ॥ ਆਪੇ ਗੁਰਮੁਖਿ ਦੇਇ ਬੁਝਾਈ ॥ ਨਾਨਕ ਨਾਮਿ ਰਤੇ ਮਨੁ ਨਿਰਮਲੁ ,ਨਾਮੇ ਨਾਮਿ ਨਿਵਾਸੀ ਹੇ ॥੧੬॥੫॥ (ਹੇ ਭਾਈ!) ਮਨਮੁਖ ਬੰਦੇ ਹਉਮੈ ਕਰਕੇ ਮਾਇਆ ਦੀ ਨੀਂਦ ਵਿਚ ਸੁੱਤੇ ਰਹਿੰਦੇ ਹਨ। (ਉਹ) ਅਪਣਾ ਅਸਲੀ ਘਰ ਨਹੀਂ ਸੰਭਾਲਦੇ, (ਜਿਥੇ ਜਾ ਕੇ ਉਨ੍ਹਾਂ ਨੇ ਵਸਣਾ ਹੈ, ਉਹ) ਅੰਤ ਵੇਲੇ ਖੱਜਲ ਖੁਆਰ ਹੁੰਦੇ ਹਨ। (ਉਹ) ਪਰਾਈ ਨਿੰਦਾ ਕਰਦੇ ਹਨ, (ਉਨ੍ਹਾਂ ਨੂੰ) ਚਿੰਤਾ ਬਹੁਤ ਜਾਲਦੀ ਹੈ, (ਉਹ) ਦੁੱਖ ਹੀ ਦੁੱਖ ਵਿਚ ਵਸਦੇ ਹਨ।੧੫। (ਹੇ ਭਾਈ!) ਕਰਤਾਰ ਨੇ ਆਪ ਹੀ (ਗੁਰਮਖਾਂ ਪਾਸੋਂ ਨਾਮ ਸਿਮਰਨ ਦੀ) ਕਾਰ ਕਰਾਈ ਹੈ। ਪ੍ਰਭੂ ਆਪ ਹੀ ਗੁਰਮੁਖਾਂ ਨੂੰ (ਨਾਮ ਜਪਣ ਦੀ) ਸਮਝ ਬਖਸ਼ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜੇ ਮਨੁੱਖ) ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਹਨ, (ਉਨ੍ਹਾਂ ਦਾ) ਮਨ ਪਵਿਤ੍ਰ ਹੋ ਜਾਂਦਾ ਹੈ, ਨਾਮ ਜਪਣ ਵਾਲੇ ਗੁਰਮੁਖਾਂ ਦਾ ਨਾਮ ਵਿਚ ਹੀ ਨਿਵਾਸ ਹੋ ਜਾਂਦਾ ਹੈ।੧੬।੫।

ਪਦਾਰਥ = ਹਰਿ ਜੀਉ–ਹੇ ਹਰਿ ਜੀਉ!। ਅਵਗਣਿਆਰੇ ਨੋ–ਔਗਣਾਂ ਵਾਲੇ ਨੂੰ। ਗੁਣੁ ਕੀਜੈ–ਗੁਣ ਬਖਸ਼ਿਸ਼ ਕਰ। ਗੁਰਮੁਖ–ਗੁਰੂ ਅਨੁਸਾਰੀ ਮਨੁੱਖ। ਸੋ–ਉਹ। ਪਤਿ–ਇੱਜਤ। ਪਾਏ–ਪਾਉਂਦਾ ਹੈ। ਇਕਤੁ ਨਾਮਿ–ਕੇਵਲ ਇਕ ਨਾਮ ਵਿਚ। ਨਿਵਾਸੀ ਹੇ–ਨਿਵਾਸ ਕਰਦਾ ਹੈ।੧੨। ਅੰਤਰਿ–ਹਿਰਦੇ ਅੰਦਰ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਸਦ ਹੀ–ਸਦਾ ਹੀ।੧੩। ਅਨਲ–ਅੱਗ (ਤ੍ਰਿਸ਼ਨਾ ਦੀ)। ਵਾਉ–ਹਵਾ (ਵਾਸ਼ਨਾ ਦੀ); ਅਨਲ ਵਾਉ–ਅੱਗ ਵਾਂਗ ਸਾੜਨ ਵਾਲੀ ਹਵਾ (ਲੂ)। ਭਰਮਿ–ਭਰਮ ਵਿਚ। ਮੋਹਿ–ਮੋਹ ਵਿਚ। ਸੁਧਿ–ਸੂਝ ਬੂਝ। ਕਾਈ–ਕੋਈ। ਮਨਮੁਖ–ਮਨ ਦੇ ਪਿੱਛੇ ਚੱਲਣ ਵਾਲਾ ਬੰਦਾ। ਅੰਧੇ–ਅਗਿਆਨੀ ਨੂੰ। ਨ ਸੂਝੈ–ਸੁਝਦਾ ਨਹੀਂ। ਗੁਰ ਮਤਿ–ਗੁਰੂ ਦੀ ਸਿੱਖਿਆ ਰਾਹੀਂ। ਪ੍ਰਗਾਸੀ ਹੇ–ਪ੍ਰਗਟ ਹੁੰਦਾ ਹੈ।੧੪। ਸੂਤੇ–ਸੁੱਤੇ ਰਹਿੰਦੇ ਹਨ। ਅਪਣਾ ਘਰੁ–ਅਪਣਾ ਅਸਲੀ ਘਰ। ਨ ਸਮਾਲਹਿ–ਸੰਭਾਲਦੇ ਨਹੀਂ। ਵਿਗੂਤੇ–ਖੁਆਰ ਹੁੰਦੇ ਹਨ। ਪਰ–ਪਰਾਈ। ਬਹੁ–ਬਹੁਤ। ਜਾਲੈ–ਸਾੜਦੀ ਹੈ।੧੫। ਆਪੇ–ਆਪ ਹੀ। ਕਰਤੈ–ਕਰਤਾਰ ਨੇ। ਕਾਰ–ਨਾਮ ਸਿਮਰਨ ਦਾ ਕੰਮ। ਦੇਇ–ਦੇਂਦਾ ਹੈ। ਨਾਮਿ ਰਤੇ–ਨਾਮ ਵਿਚ ਰੰਗੇ ਹੋਏ ਹਨ। ਨਿਰਮਲੁ–ਪਵਿਤ੍ਰ। ਨਾਮੇ ਨਾਮਿ–ਨਾਮ ਜਪਣ ਵਾਲੇ ਗੁਰਮੁਖ ਦਾ ਨਾਮ ਵਿਚ; ਨਾਮ ਵਾਲੇ ਪ੍ਰਭੂ ਦੇ ਨਾਮ ਵਿਚ।੧੬।੫।

ਮਾਰੂ ਮਹਲਾ ੩ ॥ ਏਕੋ ਸੇਵੀ ਸਦਾ ਥਿਰੁ ਸਾਚਾ ॥ ਦੂਜੈ ਲਾਗਾ ਸਭੁ ਜਗੁ ਕਾਚਾ ॥ ਗੁਰਮਤੀ ਸਦਾ ਸਚੁ ਸਾਲਾਹੀ, ਸਾਚੇ ਹੀ ਸਾਚਿ ਪਤੀਜੈ ਹੇ ॥੧॥ ਤੇਰੇ ਗੁਣ ਬਹੁਤੇ ਮੈ ਏਕੁ ਨ ਜਾਤਾ ॥ ਆਪੇ ਲਾਇ ਲਏ ਜਗਜੀਵਨੁ ਦਾਤਾ ॥ ਆਪੇ ਬਖਸੇ ਦੇ ਵਡਿਆਈ, ਗੁਰਮਤਿ ਇਹੁ ਮਨੁ ਭੀਜੈ ਹੇ ॥੨॥ ਮਾਇਆ ਲਹਰਿ ਸਬਦਿ ਨਿਵਾਰੀ ॥ ਇਹੁ ਮਨੁ ਨਿਰਮਲੁ ਹਉਮੈ ਮਾਰੀ ॥ ਸਹਜੇ ਗੁਣ ਗਾਵੈ ਰੰਗਿ ਰਾਤਾ, ਰਸਨਾ ਰਾਮੁ ਰਵੀਜੈ ਹੇ ॥੩॥ ਮੇਰੀ ਮੇਰੀ ਕਰਤ ਵਿਹਾਣੀ ॥ ਮਨਮੁਖਿ ਨ ਬੂਝੈ ਫਿਰੈ ਇਆਣੀ ॥ ਜਮਕਾਲੁ ਘੜੀ ਮੁਹਤੁ ਨਿਹਾਲੇ, ਅਨਦਿਨੁ ਆਰਜਾ ਛੀਜੈ ਹੇ ॥੪॥ ਅੰਤਰਿ ਲੋਭੁ ਕਰੈ ਨਹੀ ਬੂਝੈ ॥ ਸਿਰ ਊਪਰਿ ਜਮਕਾਲੁ ਨ ਸੂਝੈ ॥ ਐਥੈ ਕਮਾਣਾ ਸੁ ਅਗੈ ਆਇਆ, ਅੰਤ ਕਾਲਿ ਕਿਆ ਕੀਜੈ ਹੇ ॥੫॥ ਜੋ ਸਚਿ ਲਾਗੇ ਤਿਨ ਸਾਚੀ ਸੋਇ ॥ ਦੂਜੈ ਲਾਗੇ ਮਨਮੁਖਿ ਰੋਇ ॥ ਦੁਹਾ ਸਿਰਿਆ ਕਾ ਖਸਮੁ ਹੈ ਆਪੇ, ਆਪੇ ਗੁਣ ਮਹਿ ਭੀਜੈ ਹੇ ॥੬॥ (ਹੇ ਭਾਈ!) ਮੈਂ ਇਕ ਪ੍ਰਮਾਤਮਾ ਦੀ ਹੀ ਸੇਵਾ ਭਗਤੀ ਕਰਦਾ ਹਾਂ, ਜੋ ਸੱਚਾ ਹੈ ਤੇ ਸਦਾ ਥਿਰ ਰਹਿਣ ਵਾਲਾ ਹੈ। (ਇਕ ਪ੍ਰਮਾਤਮਾ ਦੀ ਸੇਵਾ ਭਗਤੀ ਛੱਡ ਕੇ) ਦੂਜੇ ਪਾਸੇ ਲੱਗਾ ਹੋਇਆ ਸਾਰਾ ਜਗਤ ਕੱਚਾ (ਨਾਸ਼ਵੰਤ) ਹੈ। ਮੈਂ ਗੁਰੂ ਦੀ ਸਿੱਖਿਆ ਦੁਆਰਾ ਸਦਾ ਸਚੇ ਪ੍ਰਭੂ ਦੀ ਸਿਫਤ ਸਲਾਹ ਕਰਦਾ ਹਾਂ, ਸੱਚੇ ਪ੍ਰਭੂ ਦੇ ਨਾਮ ਕਰਕੇ ਹੀ (ਮੇਰਾ ਮਨ) ਸੱਚੇ ਪ੍ਰਭੂ ਵਿਚ ਪਤੀਜ ਗਿਆ ਹੈ।੧। (ਹੇ ਪ੍ਰਭੂ!) ਤੇਰੇ ਗੁਣ ਬਹੁਤ ਹਨ, (ਪਰ) ਮੈਂ (ਮੂਰਖ ਨੇ ਤੇਰਾ) ਇਕ ਗੁਣ ਵੀ ਨਹੀਂ ਜਾਣਿਆ। (ਹੇ ਭਾਈ!) ਜਗਤ ਦਾ ਜੀਵਨ ਦਾਤਾ ਪ੍ਰਭੂ ਆਪ ਹੀ (ਮੇਹਰ ਕਰਕੇ ਮਨੁੱਖ ਨੂੰ ਅਪਣੇ ਚਰਨਾਂ ਨਾਲ) ਲਗਾ ਲੈਂਦਾ ਹੈ। ਪ੍ਰਭੂ ਆਪ ਹੀ (ਜਿਸ ਮਨੁੱਖ ਦੇ ਔਗਣ) ਬਖਸ਼ ਕੇ ਵਡਿਆਈ ਦੇਂਦਾ ਹੈ, (ਉਸ ਦਾ) ਇਹ ਮਨ ਗੁਰੂ ਦੀ ਸਿੱਖਿਆ ਦੁਆਰਾ ਭਿੱਜ ਜਾਂਦਾ ਹੈ।੨। (ਜਿਸ ਮਨੁੱਖ ਨੇ) ਗੁਰੂ ਦੇ ਸ਼ਬਦ ਵਿਚ ਜੁੜ ਕੇ ਮਾਇਆ ਦੀ ਲਹਿਰ ਦੂਰ ਕਰ ਲਈ ਹੈ। (ਉਸ ਦਾ) ਇਹ ਮਨ ਹਉਮੈ ਨੂੰ ਮਾਰ ਕੇ ਨਿਰਮਲ ਹੋ ਗਿਆ ਹੈ। (ਉਹ) ਸੁਭਾਵਕ ਹੀ ਪ੍ਰੇਮ ਵਿਚ ਰੰਗਿਆ ਹੋਇਆ ਪ੍ਰਭੂ ਦੇ ਗੁਣ ਗਾਉਂਦਾ ਹੈ ਅਤੇ ਜੀਭ ਨਾਲ ਰਾਮ ਨਾਮ ਸਿਮਰਦਾ ਹੈ।੩। (ਹੇ ਭਾਈ!) ਮਨਮੁਖ ਦੀ ਮੱਤ (ਜੀਵਨ ਦੇ ਸਹੀ ਰਸਤੇ ਨੂੰ) ਨਹੀਂ ਸਮਝਦੀ, (ਉਹ) ਬੇਸਮਝ ਹੋਇਆ ਫਿਰਦਾ ਹੈ। (ਉਸ ਦੀ ਸਾਰੀ) ਉਮਰ ਮੇਰੀ ਮੇਰੀ ਕਰਦਿਆਂ ਬੀਤ ਜਾਂਦੀ ਹੈ। (ਉਸ ਨੂੰ) ਜਮ ਕਾਲ ਹਰ ਘੜੀ ਹਰ ਪਲ ਦੇਖ ਰਿਹਾ ਹੈ, ਹਰ ਰੋਜ (ਇਸ ਦੀ) ਉਮਰ ਘਟ ਰਹੀ ਹੈ।੪। (ਹੇ ਭਾਈ! ਮਨਮੁਖ ਪ੍ਰਮਾਰਥ

ਨੂੰ) ਨਹੀਂ ਸਮਝਦਾ, ਮਨ ਦੇ ਅੰਦਰ ਲਾਲਚ ਕਰਦਾ ਰਹਿੰਦਾ ਹੈ। ਸਿਰ ਉਤੇ ਜਮ ਕਾਲ ਹੈ, (ਪਰ ਇਹ) ਸਮਝਦਾ ਨਹੀਂ; (ਇਸ ਨੂੰ) ਦਿਸਦਾ ਨਹੀਂ। ਜੋ ਇਸ ਲੋਕ ਵਿਚ ਕਰਮ ਕਮਾਇਆ ਹੈ, ਉਹ (ਪਰਲੋਕ ਵਿਚ ਇਸ ਦੇ) ਅੱਗੇ ਆ ਜਾਂਦਾ ਹੈ (ਲੋਭ ਦੇ ਕਾਰਣ ਜੋ ਕੰਮ ਕੀਤਾ ਹੈ, ਉਸ ਦੀ ਸਜਾ ਅੱਗੇ ਭੁਗਤਣੀ ਪੈਂਦੀ ਹੈ), ਅੰਤ ਵੇਲੇ ਕੀ ਕੀਤਾ ਜਾ ਸਕਦਾ ਹੈ? (ਕੁਛ ਨਹੀਂ ਕੀਤਾ ਜਾ ਸਕਦਾ)।੫। (ਹੇ ਭਾਈ!) ਜੋ ਮਨੁੱਖ ਸੱਚੇ ਨਾਮ ਸਿਮਰਨ ਵਿਚ ਲਗੇ ਹੋਏ ਹਨ, ਉਨ੍ਹਾਂ ਦੀ ਸੱਚੀ ਸੋਭਾ ਹੁੰਦੀ ਹੈ। ਦੂਜੇ ਪਾਸੇ ਲੱਗੇ ਮਨਮੁਖ ਰੋਂਦੇ ਹਨ। ਦੋਹਾਂ ਸਿਰਿਆਂ (ਨਾਮ ਵਿਚ ਜੁੜੇ ਹੋਇਆਂ ਅਤੇ ਦੂਜੇ ਪਾਸੇ ਲੱਗੇ ਹੋਇਆਂ) ਦਾ ਮਾਲਕ ਆਪ ਹੀ ਹੈ, ਆਪ ਹੀ ਅਪਣੇ ਗੁਣਾਂ ਵਿਚ ਭਿੱਜਦਾ ਹੈ (ਗੁਣਵਾਨ ਬਣਨ ਨਾਲ ਪ੍ਰਸੰਨ ਹੁੰਦਾ ਹੈ)।੬।

ਸਾਚੇ ਹੀ ਸਾਚਿ ਪਤੀਜੈ ਹੇ = ਸੱਚੇ ਲੋਕ ਸੱਚ ਦੁਆਰਾ ਪਤੀਜਦੇ ਹਨ, ਭਾਵ ਜਿਨ੍ਹਾਂ ਅੰਦਰ ਸੱਚ ਹੈ, ਉਨ੍ਹਾਂ ਨੂੰ ਹੀ ਸੱਚ ਚੰਗਾ ਲਗਦਾ ਹੈ, ਨਹੀਂ ਤਾਂ ਆਮ ਸੰਸਾਰੀ ਹੋਰਨਾਂ ਸਵਾਦਾਂ ਵਿਚ ਹੀ ਲੱਗੇ ਰਹਿੰਦੇ ਹਨ। (ਸ਼ਬਦਾਰਥ)

ਪਦਾਰਥ = ਏਕੋ–ਇਕ ਪ੍ਰਭੂ ਦੀ। ਸੇਵੀ–ਸੇਵਾ ਭਗਤੀ ਕਰਦਾ ਹਾਂ। ਸਦਾ ਥਿਰੁ–ਸਦਾ ਕਾਇਮ ਰਹਿਣ ਵਾਲਾ। ਦੂਜੈ–ਦੂਜੇ ਪਾਸੇ। ਸਭੁ ਜਗੁ–ਸਾਰਾ ਜਗਤ। ਕਾਚਾ–ਕੱਚਾ (ਨਾਸ਼ਵੰਤ)। ਗੁਰਮਤੀ–ਗੁਰੂ ਦੀ ਸਿੱਖਿਆ ਦੁਆਰਾ। ਸਚੁ–ਸੱਚੇ ਪ੍ਰਭੂ ਦੀ। ਸਾਲਾਹੀ–ਸਿਫਤ ਸਲਾਹ ਕਰਦਾ ਹਾਂ। ਸਾਚੇ–ਸੱਚੇ ਪ੍ਰਭੂ ਦੇ ਨਾਮ ਕਰਕੇ। ਸਾਚਿ–ਸੱਚੇ ਪ੍ਰਭੂ ਵਿਚ। ਪਤੀਜੈ ਹੇ–ਪਤੀਜ ਜਾਂਦਾ ਹੈ।੧। ਗੁਣ–ਉਪਕਾਰ। ਨ ਜਾਤਾ–ਨਹੀਂ ਜਾਣਿਆ। ਆਪੇ–ਆਪ ਹੀ। ਜਗਜੀਵਨੁ–ਜਗਤ ਦਾ ਜੀਵਨ। ਦੇ–ਦੇਂਦਾ ਹੈ। ਭੀਜੈ ਹੇ–ਭਿੱਜ ਜਾਂਦਾ ਹੈ; ਪ੍ਰਸੰਨ ਹੁੰਦਾ ਹੈ।੨। ਸਬਦਿ–ਗੁਰੂ ਦੇ ਸ਼ਬਦ ਵਿਚ ਜੁੜ ਕੇ। ਨਿਵਾਰੀ–ਦੂਰ ਕਰ ਲਈ ਹੈ। ਨਿਰਮਲੁ–ਪਵਿਤ੍ਰ। ਸਹਜੇ–ਸੁਭਾਵਕ ਹੀ। ਰੰਗਿ –ਪ੍ਰੇਮ ਰੰਗ ਵਿਚ। ਰਾਤਾ–ਰੰਗਿਆ ਹੋਇਆ। ਰਸਨਾ–ਜੀਭ। ਰਾਮੁ–ਸਰਬ ਵਿਆਪਕ ਪ੍ਰਮਾਤਮਾ। ਰਵੀਜੈ ਹੇ–ਸਿਮਰਦਾ ਹੈ।੩। ਕਰਤ–ਕਰਦਿਆਂ। ਵਿਹਾਣੀ–ਉਮਰ ਬੀਤ ਜਾਂਦੀ ਹੈ। ਮਨਮੁਖਿ–ਮਨ ਮਰਜੀ ਅਨੁਸਾਰ ਚੱਲਣ ਵਾਲਾ ਮਨੁੱਖ। ਇਆਣੀ–ਬੇਸਮਝ। ਜਮ ਕਾਲੁ–ਕਾਲ ਕਰਨ ਵਾਲਾ ਜਮ। ਘੜੀ–੨੪ ਮਿੰਟ ਦਾ ਸਮਾਂ। ਮੁਹਤੁ–ਅੱਧੀ ਘੜੀ। ਨਿਹਾਲੇ–ਦੇਖਦਾ ਹੈ। ਅਨਦਿਨੁ–ਹਰ ਰੋਜ। ਆਰਜਾ–ਉਮਰ। ਛੀਜੈ ਹੇ–ਘਟ ਰਹੀ ਹੈ।੪। ਅੰਤਰਿ–ਮਨ ਅੰਦਰ। ਨ ਸੂਝੈ–ਸਮਝਦਾ ਨਹੀਂ; ਦਿਸਦਾ ਨਹੀਂ। ਐਥੈ–ਇਸ ਲੋਕ ਵਿਚ। ਅਗੈ–ਪ੍ਰਲੋਕ ਵਿਚ। ਆਇਆ–ਆ ਜਾਂਦਾ ਹੈ। ਅੰਤਿ ਕਾਲਿ–ਅੰਤ ਵੇਲੇ। ਕਿਆ ਕੀਜੈ ਹੇ–ਕੀ ਕੀਤਾ ਜਾ ਸਕਦਾ ਹੈ?।੫। ਸਚਿ–ਸੱਚੇ ਨਾਮ ਵਿਚ। ਤਿਨ–ਉਨ੍ਹਾਂ ਦੀ। ਸੋਇ–ਸੋਭਾ। ਰੋਇ–ਰੋਂਦੇ (ਦੁਖੀ ਹੁੰਦੇ) ਹਨ। ਦੁਹਾ ਸਿਰਿਆ ਕਾ–ਨਾਮ ਵਿਚ ਜੁੜਿਆਂ ਦਾ ਤੇ ਦੂਜੇ ਪਾਸੇ ਲੱਗੇ ਮਨੁੱਖਾਂ ਦਾ। ਖਸਮੁ–ਮਾਲਕ। ਗੁਣ ਮਹਿ–ਗੁਣਾਂ ਵਿਚ।੬।

ਗੁਰ ਕੈ ਸਬਦਿ ਸਦਾ ਜਨੁ ਸੋਹੈ ॥ ਨਾਮ ਰਸਾਇਣਿ ਇਹੁ ਮਨੁ ਮੋਹੈ ॥ ਮਾਇਆ ਮੋਹ ਮੈਲੁ ਪਤੰਗੁ ਨ ਲਾਗੈ, ਗੁਰਮਤੀ ਹਰਿ ਨਾਮਿ ਭੀਜੈ ਹੇ ॥੭॥ ਸਭਨਾ ਵਿਚਿ ਵਰਤੈ ਇਕੁ ਸੋਈ ॥ ਗੁਰ ਪਰਸਾਦੀ ਪਰਗਟੁ ਹੋਈ ॥ ਹਉਮੈ ਮਾਰਿ ਸਦਾ ਸੁਖੁ ਪਾਇਆ, ਨਾਇ ਸਾਚੈ ਅੰਮ੍ਰਿਤੁ ਪੀਜੈ ਹੇ ॥੮॥ ਕਿਲਬਿਖ ਦੂਖ ਨਿਵਾਰਣਹਾਰਾ ॥ ਗੁਰਮੁਖਿ ਸੇਵਿਆ ਸਬਦਿ ਵੀਚਾਰਾ ॥ ਸਭੁ ਕਿਛੁ ਆਪੇ ਆਪਿ ਵਰਤੈ, ਗੁਰਮੁਖਿ ਤਨੁ ਮਨੁ ਭੀਜੈ ਹੇ ॥੯॥ ਮਾਇਆ ਅਗਨਿ ਜਲੈ ਸੰਸਾਰੇ ॥ ਗੁਰਮੁਖਿ ਨਿਵਾਰੈ ਸਬਦਿ ਵੀਚਾਰੇ ॥ ਅੰਤਰਿ ਸਾਂਤਿ ਸਦਾ ਸੁਖੁ ਪਾਇਆ, ਗੁਰਮਤੀ ਨਾਮੁ ਲੀਜੈ ਹੇ ॥੧੦॥ ਇੰਦ੍ਰ ਇੰਦ੍ਰਾਸਣਿ ਬੈਠੇ, ਜਮ ਕਾ ਭਉ ਪਾਵਹਿ ॥ ਜਮੁ ਨ ਛੋਡੈ ਬਹੁ ਕਰਮ ਕਮਾਵਹਿ ॥ ਸਤਿਗੁਰੁ ਭੇਟੈ ਤਾ ਮੁਕਤਿ ਪਾਈਐ, ਹਰਿ ਹਰਿ ਰਸਨਾ ਪੀਜੈ ਹੇ ॥੧੧॥ (ਹੇ ਭਾਈ!) ਗੁਰੂ ਦੇ ਸ਼ਬਦ ਵਿਚ ਜੁੜਿਆ ਮਨੁੱਖ ਸਦਾ ਸੋਹਣਾ ਲਗਦਾ ਹੈ। (ਉਸ ਦਾ) ਇਹ ਮਨ ਨਾਮ ਦੇ ਰਸਾਂ ਵਾਲੇ ਘਰ ਵਿਚ ਮਸਤ ਰਹਿੰਦਾ ਹੈ। ਗੁਰੂ ਦੀ ਮੱਤ ਦੁਆਰਾ (ਉਸ ਦਾ) ਮਨ ਹਰੀ ਦੇ ਨਾਮ ਵਿਚ ਭਿੱਜ ਜਾਂਦਾ ਹੈ, (ਇਸ ਲਈ ਉਸ ਦੇ ਮਨ ਨੂੰ) ਮਾਇਆ ਦੇ ਮੋਹ ਦੀ ਮੈਲ ਰੱਤਾ ਭਰ ਵੀ ਨਹੀਂ ਲਗਦੀ।੭। (ਹੇ ਭਾਈ!) ਇਕ ਉਹ ਪ੍ਰਭੂ ਹੀ ਸਾਰੇ ਜੀਵਾਂ ਵਿਚ ਵਰਤ ਰਿਹਾ ਹੈ। (ਪਰ ਉਹ) ਗੁਰੂ ਦੀ ਕਿਰਪਾ ਨਾਲ ਪ੍ਰਗਟ ਹੁੰਦਾ ਹੈ। (ਜਿਹੜਾ ਮਨੁੱਖ) ਹਉਮੈ ਨੂੰ ਮਾਰ ਕੇ ਸੱਚੇ ਪ੍ਰਭੂ ਦੇ ਨਾਮ ਵਿਚ ਜੁੜ ਕੇ ਅੰਮ੍ਰਿਤ ਪੀਂਦਾ ਹੈ, (ਉਸ ਨੇ) ਸਦੀਵੀ ਸੁਖ ਪਾਇਆ ਹੈ।੮। (ਹੇ ਭਾਈ!) ਪ੍ਰਭੂ ਮਨੁੱਖ ਦੇ ਪਾਪ ਅਤੇ ਦੁਖ ਦੂਰ ਕਰਨ ਵਾਲਾ ਹੈ। ਗੁਰਮੁਖਾਂ ਨੇ ਗੁਰੂ ਦੇ ਸ਼ਬਦ ਰਾਹੀਂ ਪ੍ਰਭੂ ਦੀ ਵਿਚਾਰ ਅਤੇ ਸੇਵਾ ਭਗਤੀ ਕੀਤੀ ਹੈ। ਗੁਰਮੁਖਾਂ ਦਾ ਸਰੀਰ ਤੇ ਮਨ ਨਾਮ ਵਿਚ ਭਿੱਜਿਆ ਰਹਿੰਦਾ ਹੈ, (ਉਨ੍ਹਾਂ ਨੂੰ ਨਿਸਚਾ ਹੈ ਕਿ) ਪ੍ਰਭੂ ਆਪੇ ਆਪ ਸਭ ਕੁਛ ਕਰ ਰਿਹਾ ਹੈ ਅਤੇ ਸਭ ਜਗ੍ਹਾ ਮੌਜੂਦ ਹੈ।੯। (ਹੇ ਭਾਈ!) ਮਾਇਆ ਦੀ ਅੱਗ ਸਾਰੇ ਸੰਸਾਰ ਵਿਚ ਬਲ ਰਹੀ ਹੈ; ਮਾਇਆ ਦੀ ਅੱਗ ਵਿਚ ਸਾਰਾ ਸੰਸਾਰ ਸੜ ਰਿਹਾ ਹੈ। (ਇਸ ਨੂੰ) ਗੁਰਮੁਖ ਆਦਮੀ ਗੁਰੂ ਦੇ ਸ਼ਬਦ ਰਾਹੀਂ ਵੀਚਾਰ ਕੇ ਦੂਰ ਕਰਦਾ ਹੈ। (ਉਸ ਦੇ) ਹਿਰਦੇ ਅੰਦਰ ਸ਼ਾਂਤੀ ਹੈ, (ਇਸੇ ਕਰਕੇ ਉਸ ਨੇ) ਸਦਾ ਸੁਖ ਪਾਇਆ ਹੈ, (ਉਹ) ਗੁਰੂ ਦੀ ਸਿੱਖਿਆ ਦੁਆਰਾ ਪ੍ਰਭੂ ਦਾ ਨਾਮ ਲੈਂਦਾ (ਜਪਦਾ) ਰਹਿੰਦਾ ਹੈ।੧੦। (ਹੇ ਭਾਈ!) ਇੰਦ੍ਰ ਵਰਗੇ ਰਾਜੇ ਅਪਣੇ ਰਾਜ ਸਿੰਘਾਸਣਾਂ ਉਤੇ ਬੈਠ ਕੇ ਜਮ ਦਾ ਡਰ ਪਾਉਂਦੇ ਹਨ। (ਉਹ) ਬਹੁਤ ਧਾਰਮਕ ਕਰਮ ਵੀ ਕਮਾਉਂਦੇ ਹਨ, (ਫਿਰ ਵੀ ਉਨ੍ਹਾਂ ਨੂੰ) ਜਮ ਛਡਦਾ ਨਹੀਂ। ਜੇ ਸਤਿਗੁਰੂ ਮਿਲ ਪਵੇ ਤੇ ਜੀਭ ਨਾਲ ਹਰੀ ਦਾ ਨਾਮ ਰਸ ਪੀਤਾ ਜਾਵੇ, ਤਾਂ (ਜਮ ਤੋਂ) ਮੁਕਤੀ ਪਾਈ ਜਾਂਦੀ ਹੈ।੧੧।

ਪਦਾਰਥ = ਸਬਦਿ–ਸ਼ਬਦ ਰਾਹੀਂ। ਜਨੁ–ਮਨੁੱਖ। ਸੋਹੈ–ਸੋਹਣਾ ਲਗਦਾ ਹੈ। ਰਸਾਇਣਿ–ਰਸਾਂ ਦੇ ਘਰ ਵਿਚ। ਮੋਹੈ–ਮਸਤ ਰਹਿੰਦਾ

ਹੈ। ਪਤੰਗੁ–ਰੱਤਾ ਭਰ ਵੀ। ਗੁਰਮਤੀ–ਗੁਰੂ ਦੀ ਸਿੱਖਿਆ ਦੁਆਰਾ। ਨਾਮਿ–ਨਾਮ ਵਿਚ। ਭੀਜੈ ਹੇ–ਭਿੱਜ ਜਾਂਦਾ ਹੈ।੭। ਸਭਨਾ ਵਿਚ –ਸਾਰੇ ਜੀਵਾਂ ਵਿਚ। ਵਰਤੈ–ਵਰਤ ਰਿਹਾ ਹੈ। ਏਕੋ ਸੋਈ–ਇਕ ਉਹ ਪ੍ਰਭੂ ਹੀ। ਗੁਰ ਪਰਸਾਦੀ–ਗੁਰੂ ਦੀ ਕਿਰਪਾ ਨਾਲ। ਮਾਰਿ–ਮਾਰ ਕੇ। ਨਾਇ ਸਾਚੈ–ਸੱਚੇ ਪ੍ਰਭੂ ਦੇ ਨਾਮ ਵਿਚ ਜੁੜ ਕੇ। ਪੀਜੈ ਹੇ–ਪੀਂਦਾ ਹੈ।੮। ਕਿਲਬਿਖ–ਪਾਪ। ਨਿਵਾਰਣਹਾਰਾ–ਦੂਰ ਕਰਨ ਵਾਲਾ। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਸੇਵਿਆ–ਸੇਵਾ ਭਗਤੀ ਕੀਤੀ ਹੈ। ਵਰਤੈ–ਵਰਤ ਰਿਹਾ ਹੈ; ਮੌਜੂਦ ਹੈ। ਤਨੁ–ਸਰੀਰ।੯ । ਜਲੈ–ਬਲ ਰਹੀ ਹੈ। ਸੰਸਾਰੇ–ਸੰਸਾਰ ਵਿਚ। ਨਿਵਾਰੈ–ਦੂਰ ਕਰਦਾ ਹੈ। ਵੀਚਾਰੇ–ਵਿਚਾਰ ਕੇ। ਅੰਤਰਿ–ਹਿਰਦੇ ਅੰਦਰ। ਲੀਜੈ ਹੇ–ਲੈਂਦਾ (ਜਪਦਾ) ਹੈ।੧੦। ਇੰਦ੍ਰ–ਦੇਵਤਿਆਂ ਦਾ ਰਾਜਾ। ਇੰਦ੍ਰਾਸਣਿ–ਰਾਜ ਸਿੰਘਾਸਣ ਉਤੇ। ਭਉ–ਡਰ। ਬਹੁ ਕਰਮ–ਬਹੁਤ ਧਾਰਮਕ ਕਰਮ। ਕਮਾਵਹਿ–ਕਰਦੇ ਹਨ। ਭੇਟੈ–ਮਿਲ ਪਵੇ। ਤਾ–ਤਾਂ। ਰਸਨਾ–ਜੀਭ ਨਾਲ। ਪੀਜੈ–ਪੀਤਾ ਜਾਵੇ।੧੧।

ਮਨਮੁਖਿ ਅੰਤਰਿ ਭਗਤਿ ਨ ਹੋਈ ॥ ਗੁਰਮੁਖਿ ਭਗਤਿ ਸਾਂਤਿ ਸੁਖੁ ਹੋਈ ॥ ਪਵਿਤ੍ਰ ਪਾਵਨ ਸਦਾ ਹੈ ਬਾਣੀ, ਗੁਰਮਤਿ ਅੰਤਰੁ ਭੀਜੈ ਹੇ ॥੧੨॥ ਬ੍ਰਹਮਾ ਬਿਸਨੁ ਮਹੇਸੁ ਵੀਚਾਰੀ ॥ ਤ੍ਰੈ ਗੁਣ ਬਧਕ ਮੁਕਤਿ ਨਿਰਾਰੀ ॥ ਗੁਰਮੁਖਿ ਗਿਆਨੁ ਏਕੋ ਹੈ ਜਾਤਾ, ਅਨ ਦਿਨੁ ਨਾਮੁ ਰਵੀਜੈ ਹੇ ॥੧੩॥ (ਹੇ ਭਾਈ!) ਮਨਮੁਖ ਬੰਦੇ ਦੇ ਹਿਰਦੇ ਅੰਦਰ ਪ੍ਰਭੂ ਦੀ ਭਗਤੀ ਨਹੀਂ ਹੁੰਦੀ। (ਪਰ) ਗੁਰਮੁਖ ਪ੍ਰਭੂ ਦੀ ਸੇਵਾ ਭਗਤੀ ਕਰਦਾ ਹੈ, (ਜਿਸ ਕਰਕੇ ਉਸ ਦੇ ਹਿਰਦੇ ਅੰਦਰ) ਸ਼ਾਂਤੀ ਤੇ ਸੁਖ ਹੁੰਦਾ ਹੈ। (ਉਹ ਆਪ) ਪਵਿਤ੍ਰ ਹੈ ਅਤੇ (ਉਸ ਦੇ) ਬਚਨ ਸਦਾ ਪਵਿਤ੍ਰ ਹਨ, (ਕਿਉਂਕਿ ਉਸ ਦਾ) ਹਿਰਦਾ ਗੁਰੂ ਦੀ ਸਿੱਖਿਆ ਨਾਲ ਭਿੱਜਿਆ ਰਹਿੰਦਾ ਹੈ।੧੨। (ਹੇ ਭਾਈ!) ਬ੍ਰਹਮਾ, ਵਿਸ਼ਨੂੰ ,ਸ਼ਿਵ ਜੀ ਅਤੇ ਹੋਰ ਵਿਚਾਰਵਾਨ ਪੁਰਖ। (ਇਹ ਸਭ) ਤਿੰਨ ਗੁਣਾਂ ਦੇ ਕੈਦੀ ਹਨ, ਮੁਕਤੀ (ਇਨ੍ਹਾਂ ਤੋਂ) ਵਖਰੀ ਹੈ। ਗੁਰਮੁਖ ਨੇ ਇਕੋ ਪ੍ਰਭੂ ਦਾ ਹੀ ਗਿਆਨ ਜਾਣਿਆ ਹੈ ਅਤੇ ਉਹ ਹਰ ਰੋਜ ਪ੍ਰਭੂ ਦਾ ਨਾਮ ਜਪਦਾ ਰਹਿੰਦਾ ਹੈ।੧੩।

ਅੰਗ ੧੦੫੦ = ਬੇਦ ਪੜਹਿ ਹਰਿ ਨਾਮੁ ਨ ਬੂਝਹਿ ॥ ਮਾਇਆ ਕਾਰਣਿ ਪੜਿ ਪੜਿ ਲੂਝਹਿ ॥ ਅੰਤਰਿ ਮੈਲੁ ਅਗਿਆਨੀ ਅੰਧਾ, ਕਿਉ ਕਰਿ ਦੁਤਰੁ ਤਰੀਜੈ ਹੇ ॥੧੪॥ ਬੇਦ ਬਾਦ ਸਭਿ ਆਖਿ ਵਖਾਣਹਿ ॥ ਨ ਅੰਤਰੁ ਭੀਜੈ ਨ ਸਬਦੁ ਪਛਾਣਹਿ ॥ ਪੁੰਨੁ ਪਾਪੁ ਸਭੁ ਬੇਦਿ ਦ੍ਰਿੜਾਇਆ, ਗੁਰਮੁਖਿ ਅੰਮ੍ਰਿਤੁ ਪੀਜੈ ਹੇ ॥੧੫॥ ਆਪੇ ਸਾਚਾ ਏਕੋ ਸੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ਨਾਨਕ ਨਾਮਿ ਰਤੇ ਮਨੁ ਸਾਚਾ, ਸਚੋ ਸਚੁ ਰਵੀਜੈ ਹੇ ॥੧੬॥੬॥(ਹੇ ਭਾਈ!) ਪੰਡਤ ਲੋਕ ਬੇਦ ਪੜ੍ਹਦੇ ਹਨ, (ਪਰ) ਪ੍ਰਭੂ ਦੇ ਨਾਮ ਸਿਮਰਨ ਨੂੰ ਨਹੀਂ ਸਮਝਦੇ। ਮਾਇਆ ਵਾਸਤੇ ਬੇਦ ਪੜ੍ਹ ਪੜ੍ਹ ਕੇ ਝਗੜਦੇ ਰਹਿੰਦੇ ਹਨ। (ਜਿਸ ਮਨੁੱਖ ਦੇ) ਅੰਦਰ ਮਾਇਆ ਦੇ ਮੋਹ ਦੀ ਮੈਲ ਹੈ, ਉਹ ਅਗਿਆਨੀ ਤੇ ਅੰਨ੍ਹਾ ਹੈ, (ਉਸ ਤੋਂ) ਔਖਾ ਤਰਿਆ ਜਾਣ ਵਾਲਾ ਸੰਸਾਰ ਸਮੁੰਦਰ ਕਿਸ ਤਰ੍ਹਾਂ ਤਰਿਆ ਜਾ ਸਕਦਾ ਹੈ?।੧੪। (ਹੇ ਭਾਈ!) ਸਾਰੇ ਪੰਡਤ ਬੇਦ ਵਿਚਾਰਾਂ ਦੇ ਝਗੜੇ ਆਖ ਕੇ ਵਿਆਖਿਆ ਕਰਦੇ ਹਨ। (ਇਸ ਨਾਲ) ਨਾ ਉਨ੍ਹਾਂ ਦਾ ਹਿਰਦਾ ਭਿਜਦਾ (ਸ਼ਾਂਤ ਹੁੰਦਾ) ਹੈ ਅਤੇ ਨਾ ਹੀ ਉਹ ਪ੍ਰਭੂ ਦੇ ਹੁਕਮ ਨੂੰ ਪਛਾਣਦੇ ਹਨ। ਬੇਦ ਨੇ ਤਾਂ (ਲੋਕਾਂ ਨੂੰ) ਸਾਰਾ ਪੁੰਨ ਪਾਪ ਹੀ ਦ੍ਰਿੜ ਕਰਾਇਆ ਹੈ (ਕਿ ਕਿਹੜਾ ਕਰਮ ਪਾਪ ਫਲ ਦਿੰਦਾ ਹੈ ਤੇ ਕਿਹੜਾ ਕਰਮ ਪੁੰਨ ਦਾ ਫਲ ਦਿੰਦਾ ਹੈ, ਬੇਦਾਂ ਦਾ ਦੱਸਿਆ ਕਰਮ ਕਾਂਡ ਛਡ ਕੇ) ਨਾਮ ਅੰਮ੍ਰਿਤ ਗੁਰੂ ਦੀ ਸ਼ਰਣ ਵਿਚ ਪੈ ਕੇ ਪੀਤਾ ਜਾਂਦਾ ਹੈ।੧੫। (ਹੇ ਭਾਈ!) ਉਹ ਹੀ ਪ੍ਰਭੂ ਆਪ ਸੱਚਾ ਹੈ। ਉਸ ਤੋਂ ਬਿਨਾ ਦੂਜਾ ਹੋਰ ਕੋਈ ਸੱਚਾ ਨਹੀਂ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ) ਪ੍ਰਭੂ ਦੇ ਨਾਮ ਵਿਚ ਰੰਗੇ ਹੋਏ ਹਨ, (ਉਨ੍ਹਾਂ ਦਾ) ਮਨ ਸੱਚਾ ਹੈ, (ਕਿਉਂਕਿ ਉਹ) ਨਿਰੋਲ ਸੱਚੇ ਪ੍ਰਭੂ ਨੂੰ ਸਿਮਰਦੇ ਹਨ।੧੬।੬।

ਪਦਾਰਥ = ਮਨਮੁਖਿ–ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ। ਅੰਤਰਿ–ਹਿਰਦੇ ਅੰਦਰ। ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਪਾਵਨ–ਪਵਿਤ੍ਰ। ਬਾਣੀ–ਬਚਨ। ਗੁਰਮਤਿ–ਗੁਰੂ ਦੀ ਸਿੱਖਿਆ ਨਾਲ। ਅੰਤਰੁ–ਹਿਰਦਾ। ਭੀਜੈ ਹੇ–ਭਿੱਜਿਆ ਰਹਿੰਦਾ ਹੈ।੧੨ । ਮਹੇਸੁ–ਸ਼ਿਵ ਜੀ। ਵੀਚਾਰੀ–ਵਿਚਾਰਵਾਨ। ਤ੍ਰੈ ਗੁਣ–ਰਾਜਸ, ਸਾਤਕ ਤੇ ਤਾਮਸ ਤਿੰਨ ਗੁਣ। ਬਧਕ–ਕੈਦੀ; ਬੰਨ੍ਹੇ ਹੋਏ। ਨਿਰਾਰੀ–ਵੱਖ (ਦੂਰ) ਹੈ। ਏਕੋ–ਇਕ ਪ੍ਰਭੂ ਦਾ। ਜਾਤਾ–ਜਾਣਿਆ ਹੈ। ਅਨਦਿਨੁ–ਹਰ ਰੋਜ। ਰਵੀਜੈ–ਜਪਦਾ ਹੈ।੧੩। ਪੜਹਿ–ਪੜ੍ਹਦੇ ਹਨ। ਨ ਬੂਝਹਿ–ਸਮਝਦੇ ਨਹੀਂ। ਕਾਰਣਿ–ਵਾਸਤੇ। ਪੜਿ–ਪੜ੍ਹ ਕੇ। ਲੂਝਹਿ–ਝਗੜਦੇ ਹਨ। ਦੁਤਰੁ–ਔਖਾ ਤਰਿਆ ਜਾਣ ਵਾਲਾ। ਕਿਉ ਕਰਿ –ਕਿਸ ਤਰ੍ਹਾਂ। ਤਰੀਜੈ ਹੇ–ਤਰਿਆ ਜਾ ਸਕਦਾ ਹੈ।੧੪। ਬੇਦ ਬਾਦ–ਬੇਦਾਂ ਦੀਆਂ ਬਹਿਸਾਂ। ਸਭਿ–ਸਾਰੇ (ਪੰਡਤ)। ਆਖਿ–ਆਖ ਕੇ । ਵਖਾਣਹਿ–ਵਿਆਖਿਆ ਕਰਦੇ ਹਨ। ਨ ਭੀਜੈ–ਭਿੱਜਦਾ ਨਹੀਂ। ਸਬਦੁ–ਹੁਕਮ ਨੂੰ। ਬੇਦਿ–ਬੇਦ ਨੇ। ਦ੍ਰਿੜਾਇਆ–ਦ੍ਰਿੜ ਕਰਾਇਆ । ਗੁਰਮੁਖਿ–ਗੁਰੂ ਦੀ ਸ਼ਰਣ ਪੈ ਕੇ। ਪੀਜੈ ਹੇ–ਪੀਤਾ ਜਾਂਦਾ ਹੈ।੧੫। ਆਪੇ–ਆਪ ਹੀ। ਸੋਈ–ਉਹ ਹੀ। ਅਵਰੁ–ਹੋਰ। ਨਾਮਿ ਰਤੇ–ਨਾਮ ਵਿਚ ਰੰਗੇ ਹੋਏ ਹਨ। ਸਚੋ ਸਚੁ–ਨਿਰੋਲ ਸੱਚੇ ਪ੍ਰਭੂ ਨੂੰ।੧੬।੬।